# ਕੈਨੇਡਾ ਦਰਪਣ

ਦਸੰਬਰ 2, 1983

**December 2, 1983**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

EAST INDIAN COMMUNITY NEWSPAPER

ਹਫ਼ਤੇਵਾਰ ਕੀਮਤ 25¢

SECOND CLASS MAIL — Reg. No. 5991

# ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 2. No. 28 Weekending Dec. 2, 1983
PHONE. (604)321-6360

The Canada Darpan
Punjabi Weekly Newspaper

## ਕਤਲਾਂ ਕਾਰਨ ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਹਿਮਾਚਲ ਵਿਚ ਹੜਤਾਲ

ਚੰਡੀਗੜ੍ਹ—ਪਿਛਲੇ ਸ਼ੁਕਰਵਾਰ ਸਰਹਾਲੀ(ਅੰਮ੍ਰਿਤਸਰ) ਲਾਗੇ ਹੋਏ ਚਾਰ ਕਤਲਾਂ ਕਾਰਨ ਪੰਜਾਬ, ਹਿਮਾਚਲ, ਹਰਿਆਣਾ ਅਤੇ ਚੰਡੀਗੜ੍ਹ ਵਿਚ ਮੁਕੰਮਲ ਹੜਤਾਲ ਹੋਣ ਦੀਆਂ ਖਬਰਾਂ ਮਿਲੀਆਂ ਹਨ । ਸਾਡੇ ਪੱਤਰ ਪਰੇਰਕ ਦਾ ਕਹਿਣਾ ਹੈ ਕਿ ਇਨ੍ਹਾਂ ਕਤਲਾਂ ਵਿਰੁੱਧ ਆਮ ਲੋਕਾਂ ਵਿਚ ਏਨਾਂ ਗੁੱਸਾ ਹੈ ਕਿ ਸਾਰੇ ਫਿਰਕਿਆਂ ਦੇ ਲੋਕਾਂ ਨੇ ਇਨ੍ਹਾਂ ਸੂਬਿਆਂ ਦੇ ਸਾਰਿਆਂ ਸ਼ਹਿਰਾਂ ਵਿਚ ਮੁਕੰਮਲ ਹੜਤਾਲ ਕੀਤੀ। ਪ੍ਰਕਾਸ਼ ਸਿੰਘ ਬਾਦਲ ਤੇ ਹੋਰ ਅਕਾਲੀ ਲੀਡਰਾਂ ਨੇ ਇਕ ਫਿਰਕੇ ਦੇ ਲੋਕਾਂ ਨੂੰ ਕਤਲ ਕੀਤੇ ਜਾਣ ਤੇ ਦੁੱਖ ਦਾ ਇਜ਼ਹਾਰ ਕੀਤਾ ਹੈ। ਸੰਤ ਲੌਂਗੋਵਾਲ ਨੇ ਵੀ ਮ੍ਰਿਤਕਾਂ ਦੇ ਪਰਵਾਰਾਂ ਨੂੰ ਸ਼ੋਕ ਸੁਨੇਹੇ ਭੇਜੇ ਹਨ । ਯਾਦ ਰਹੇ ਕਿ 20 ਨਵੰਬਰ ਨੂੰ ਸਰਹਾਲੀ ਲਾਗੇ ਬੱਸ ਵਿਚੋਂ ਕੱਢ ਕੇ ਇਕ ਫਿਰਕੇ ਦੇ ਚਾਰ ਮੁਸਾਫਰਾਂ ਨੂੰ ਗੋਲੀ ਮਾਰ ਦਿੱਤੀ ਗਈ ਸੀ । ਇਹ ਪੰਜਾਬ ਵਿਚ ਦੂਜੀ ਦਰਦਨਾਕ ਘਟਨਾ ਹੈ । ਆਮ ਲੋਕਾਂ ਦਾ ਕਹਿਣਾ ਹੈ ਕਿ ਜੇ ਕੇਂਦਰ ਸਰਕਾਰ ਨੇ ਇਸ ਸਥਿਤੀ ਨੂੰ ਨਾ ਸੰਭਾਲਿਆ ਤਾਂ ਇਸ ਦੇ ਸਿੱਟੇ ਦੋਵਾਂ ਫਿਰਕਿਆਂ ਲਈ ਨੁਕਸਾਨਦੇਹ ਹੋਣਗੇ।

## ਰਾਸ਼ਟਰ ਮੰਡਲ ਸਿਖਰ ਸੰਮੇਲਨ ਦਿੱਲੀ ਵਿਚ ਆਰੰਭ ਇੰਦਰਾ ਗਾਂਧੀ ਨੇ ਉਦਘਾਟਨ ਕੀਤਾ, ਟਰੂਡੋ ਪਹਿਲਾ ਬੁਲਾਰਾ

ਨਵੀਂ ਦਿੱਲੀ—ਰਾਸ਼ਟਰ ਦੇਸ਼ਾਂ ਦਾ ਸਿਖਰ ਸੰਮੇਲਨ ਨਵੀਂ ਦਿੱਲੀ ਵਿਚ ਬੁੱਧਵਾਰ 23 ਨਵੰਬਰ ਨੂੰ ਆਰੰਭ ਹੋ ਗਿਆ ਹੈ ਜੋ ਇਕ ਹਫਤਾ ਚੱਲੇਗਾ । ਇਸ ਵਿਚ ਕਾਮਨਵੈਲਥ ਦੇਸ਼ਾਂ ਦੇ ਪ੍ਰਧਾਨ, ਪ੍ਰਧਾਨ ਮੰਤਰੀ ਸਿਖਰ ਸੰਮੇਲਨ ਵਿਚ ਹਿਸਾ ਲੈ ਰਹੇ ਹਨ । 48 ਦੇਸ਼ਾਂ ਦੀ ਇਹ ਕਾਨਫਰੰਸ ਪਹਿਲੀ ਵਾਰ ਭਾਰਤ ਵਿਚ ਹੋ ਰਹੀ ਹੈ ।

ਬੁੱਧਵਾਰ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਇਸ ਕਾਨਫਰੰਸ ਦਾ ਉਦਘਾਟਨ ਕਰਦਿਆਂ ਕਿਹਾ ਕਿ ਗਰੀਬ ਤੇ ਅਮੀਰ ਦੇਸ਼ਾਂ ਵਿਚਲਾ ਪਾੜਾ ਬਹੁਤ ਵਧ ਗਿਆ ਹੈ ਤੇ ਇਸ ਨੂੰ ਘਟਾਉਣ ਦੇ ਯਤਨ ਜ਼ਰੂਰੀ ਹਨ । ਸ੍ਰੀਮਤੀ ਗਾਂਧੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਸ੍ਰੀ ਟਰੂਡੋ ਦਾ ਭਰਪੂਰ ਸੁਆਗਤ ਕਰਦਿਆਂ ਕਿਹਾ ਕਿ ਦੋਵੇਂ ਵੱਡੀਆਂ ਤਾਕਤਾਂ ਨੂੰ ਅਮਨ ਸਥਾਪਤ ਕਰਨ ਲਈ ਗਲਬਾਤ ਜਾਰੀ ਰੱਖਣੀ ਚਾਹੀਦੀ ਹੈ ।

ਇੰਗਲੈਂਡ ਦੀ ਰਾਣੀ ਐਲਿਜ਼ਬੈਥ ਇਸ ਸੰਮੇਲਨ ਦੀ ਮੁੱਖ ਮਹਿਮਾਨ ਹੈ । ਇੰਗਲੈਂਡ ਦੀ ਰਾਣੀ ਦੇ ਦਿੱਲੀ ਪਹੁੰਚਣ ਤੇ ਜਨਸੰਘੀਆਂ ਵਲੋਂ ਬਹੁਤ ਵੱਡਾ ਮੁਜ਼ਾਹਰਾ ਲਾਮਬੰਦ ਕੀਤਾ ਗਿਆ । ਜਿਸ ਕਾਰਨ ਰਾਣੀ ਸਿੱਧੀ ਰਾਜਘਾਟ ਨਾ ਜਾ ਸਕੀ । ਇਹ ਮੁਜ਼ਾਹਰਾ ਇੰਦਰਾ ਵਿਰੁਧ ਸੀ ਪਰ ਸਿਖਰ ਸੰਮੇਲਨ ਸਮੇਂ ਇਸ ਮੁਜ਼ਾਹਰੇ ਦਾ ਮਕਸਦ ਪੱਛਮੀ ਦੇਸ਼ਾਂ ਦੇ ਪ੍ਰਤੀਨਿਧਾਂ ਨੇ ਇਹ ਦੱਸਣਾ ਸੀ ਕਿ ਉਨ੍ਹਾਂ ਦੇ ਹਮਖਿਆਲ ਭਾਰਤ ਵਿਚ ਵੀ ਹਨ ।

ਟਰੂਡੋ, ਜੋ ਸੰਸਾਰ ਵਿਚ ਅਮਨ ਦਾ ਸੁਨੇਹਾ ਲੈ ਕੇ ਘੁੰਮ ਰਿਹਾ ਹੈ, ਬੰਗਲਾ ਦੇਸ਼ ਦੀ ਯਾਤਰਾ ਤੋਂ ਪਿਛੋਂ ਦਿੱਲੀ ਪਹੁੰਚਿਆ । ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਟਰੂਡੋ ਦੀ ਇਸ ਪਹੁੰਚ ਦੇ ਵਿਰੁਧ ਹੈ ਕਿ ਬਰਤਾਨੀਆ ਤੇ ਫਰਾਂਸ ਨੂੰ ਵੀ ਰੂਸ-ਅਮਰੀਕਾ ਵਾਰਤਾ ਵਿਚ ਸ਼ਾਮਲ ਹੋਣਾ ਚਾਹੀਦਾ ਹੈ । ਪਰ ਇੰਦਰਾ ਗਾਂਧੀ ਟਰੂਡੋ ਦੀ ਇਸ ਮਸਲੇ ਤੇ ਸਭ ਤੋਂ ਵੱਡੀ ਸਮਰਥਕ ਹੈ । ਇਕ ਪਾਸੇ ਇੰਦਰਾ ਗਾਂਧੀ ਦਾ ਗੁਟ-ਨਿਰਲੇਪ ਦੇਸ਼ਾਂ ਦੀ ਚੇਅਰਮੈਨ ਹੋਣਾ ਤੇ ਦੂਜੇ ਸਿਖਰ ਸੰਮੇਲਨ ਦਾ ਦਿੱਲੀ ਵਿਚ ਹੋਣਾ—ਇਹ ਸਹਾਇਤਾ ਟਰੂਡੋ ਲਈ ਲਾਹੇਵੰਦ ਹੈ। ਜ਼ਾਂਬੀਆਂ ਦੇ ਪ੍ਰਧਾਨ ਕੈਨਿਥ ਕਾਉਂਡਾ ਤੇ ਬੰਗਲਾ ਦੇਸ਼ ਦੇ ਪ੍ਰਧਾਨ ਇਰਸ਼ਾਦ ਪਹਿਲਾਂ ਹੀ ਟਰੂਡੋ ਦਾ ਸਮਰਥਨ ਕਰ ਚੁਕੇ ਹਨ । ਇਸ ਸਿਖਰ ਸੰਮੇਲਨ ਸਾਹਮਣੇ ਮੁੱਖ ਮਸਲੇ ਇਹ ਹਨ : ਗਰਨੇਡਾ ਵਿਚ ਕਾਮਨਵੈਲਥ ਫੌਜਾਂ ਦਾ ਭੇਜੇ ਜਾਣਾ, ਤੀਜੇ ਸੰਸਾਰ ਦੀ ਗਰੀਬੀ, ਹਥਿਆਰਾਂ ਦੀ ਤੇਜ਼ ਦੌੜ, ਨਾਂਬੀਆਂ ਦੀ ਅਜ਼ਾਦੀ ਦਾ ਮਸਲਾ ।

### ਅੰਦਰ ਪੜ੍ਹੋ


- ਪੰਜਾਬ ਦੀ ਡਾਇਰੀ —"ਕੈਨੇਡਾ ਦਰਪਣ" ਦੇ ਵਿਸ਼ੇਸ਼ ਪ੍ਰਤੀਨਿਧ ਵਲੋਂ
- ਐਸ. ਐਸ. ਅਮੋਲ ਨਾਲ ਮੁਲਾਕਾਤ—ਗੁਰਚਰਨ ਰਾਮਪੁਰੀ


## ਇੰਦਰਾ ਤੱਥਾਂ ਨੂੰ ਗਲਤ ਰੰਗ ਦੇ ਰਹੀ ਹੈ—ਲੌਂਗੋਵਾਲ

ਅੰਮ੍ਰਿਤਸਰ—ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼ਰੋਮਣੀ ਅਕਾਲੀ ਦਲ ਨੇ, ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਦਿਤੇ ਗਏ ਬਿਆਨ ਉਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਸ੍ਰੀਮਤੀ ਗਾਂਧੀ ਉਤੇ ਤੱਥਾਂ ਨੂੰ ਤਰੋੜ ਮਰੋੜ ਕੇ ਅਤੇ ਗਲਤ ਰੰਗ ਵਿਚ ਪੇਸ਼ ਕਰਨ ਦਾ ਦੋਸ਼ ਲਾਇਆ ਹੈ । ਸੰਤ ਜੀ ਨੇ ਪ੍ਰਧਾਨ ਮੰਤਰੀ ਵਲੋਂ ਧਾਰਮਿਕ ਮੰਗਾਂ ਨੂੰ ਸਿਆਸੀ ਮੰਗਾਂ ਨਾਲ ਜੋੜਨ ਦੇ ਕਥਨ ਉਤੇ ਟਿੱਪਣੀ ਕਰਦਿਆਂ ਹੈਰਾਨੀ ਜ਼ਾਹਰ ਕੀਤੀ ਕਿ, ਅਕਾਲੀ ਦਲ ਨਾਲ ਉਕੇ ਪੱਕੇ ਸਮਝੌਤੇ ਦੀਆਂ ਸ਼ਰਤਾਂ ਲਾਉਣ ਵਾਲੀ ਪ੍ਰਧਾਨ ਮੰਤਰੀ ਅਜਿਹਾ ਕਹਿ ਰਹੀ ਹੈ ।

ਸੰਤ ਜੀ ਨੇ ਪ੍ਰਧਾਨ ਮੰਤਰੀ ਦੇ ਇਕ ਕਥਨ ਨੂੰ ਗਲਤ ਕਰਾਰ ਦਿਤਾ ਕਿ "ਧਰਮ ਯੁੱਧ" ਮੋਰਚੇ ਕਾਰਨ ਫਿਰਕੂ ਤਨਾਅ ਪੈਦਾ ਹੋਇਆ ਹੈ। ਸੰਤ ਜੀ ਨੇ ਕਿਹਾ ਕਿ, "ਧਰਮ ਯੁੱਧ" ਮੋਰਚਾ ਹੱਕ, ਸੱਚ ਤੇ ਨਿਆਂ ਦੀ ਸੰਵਿਧਾਨਕ ਲੜਾਈ ਹੈ ਅਤੇ ਇਹ ਕਿਸੇ ਵਿਸ਼ੇਸ਼ ਧਰਮ ਵਿਰੁੱਧ ਨਹੀਂ । ਇਸ ਲਈ 'ਧਰਮ ਯੁੱਧ' ਮੋਰਚੇ ਕਾਰਨ ਫਿਰਕੂ ਤਨਾਅ ਪੈਦਾ ਹੋਣ ਦਾ ਸਵਾਲ ਹੀ ਨਹੀਂ ਉਠਦਾ

ਸੰਤ ਜੀ ਨੇ ਦੋਸ਼ ਲਾਇਆ ਕਿ, ਖੁਦ ਪ੍ਰਧਾਨ ਮੰਤਰੀ ਦੀ ਪਾਰਟੀ ਤੇ ਸਰਕਾਰ ਸੂਬਿਆਂ ਵਿਚ ਪੈਦਾ ਹੋਏ ਫਿਰਕੂ ਤਨਾਅ ਲਈ ਜ਼ਿੰਮੇਵਾਰ ਹਨ ਅਤੇ ਅਜਿਹਾ ਉਹ ਪਾਰਟੀ ਦੇ ਰਾਜਸੀ ਹਿੱਤਾਂ ਅਤੇ ਵੋਟ ਪ੍ਰਾਪਤੀ ਲਈ ਕਰ ਰਹੇ ਹਨ । ਸੰਤ ਜੀ ਨੇ ਪ੍ਰਧਾਨ ਮੰਤਰੀ ਵਲੋਂ ਅਕਾਲੀ ਮੋਰਚੇ ਨੂੰ ਬਾਹਰੋਂ ਸਹਾਹਿਤਾ ਮਿਲਣ ਦੇ ਲਾਏ ਦੋਸ਼ ਦਾ ਜ਼ੋਰਦਾਰ ਖੰਡਨ ਕਰਦਿਆਂ ਕਿਹਾ ਕਿ, ਪ੍ਰਧਾਨ ਮੰਤਰੀ ਨੂੰ ਅਜੇਹੇ ਸਿਰ ਪੈਰ ਅਤੇ ਸਸਤੀ ਇਲਜ਼ਾਮਬਾਜ਼ੀ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ । ਅਜੇਹੇ ਹਲਕੇ ਤੇ ਬੇ-ਬੁਨਿਆਦ ਦੋਸ਼ ਲਾਉਣੇ ਪ੍ਰਧਾਨ ਮੰਤਰੀ ਵਰਗੇ ਉਚੇ ਆਹੁਦੇ ਤੇ ਬੈਠੇ ਵਿਅਕਤੀ ਨੂੰ ਸੋਭਾ ਨਹੀਂ ਦਿੰਦੇ ।

## ਸੀ. ਬੀ. ਸੀ. ਵਲੋਂ ਪੰਜਾਬ ਮਸਲੇ ਤੇ ਡਾਕੂਮੈਂਟਰੀ ਦਿਖਾਈ ਗਈ

ਵੈਨਕੂਵਰ—23 ਨਵੰਬਰ ਦੀ ਰਾਤ ਨੂੰ ਸੀ. ਬੀ. ਸੀ. ਵਲੋਂ ਟੈਲੀਵੀਜਨ ਤੇ "ਜਰਨਲ" ਦੇ ਵਿਚ ਪੰਜਾਬ ਦੇ ਮਸਲੇ ਤੇ ਫਿਲਮ ਦਿਖਾਈ ਗਈ ਜਿਸ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਪੰਜਾਬ ਵਿਚ ਹੋਈਆਂ ਘਟਨਾਵਾਂ ਦਿਖਾਈਆਂ ਗਈਆਂ । ਮੁਖ ਤੌਰ ਤੇ ਇਹ ਡਾਕੂਮੈਂਟਰੀ ਪੰਜਾਬ ਵਿਚ ਸਿਖ ਮਸਲੇ ਦੇ ਵੱਖ ਵੱਖ ਪਹਿਲੂਆਂ ਨੂੰ ਮੂਰਤੀਮਾਨ ਕਰਦੀ ਸੀ ।

ਫਿਲਮ ਦੇਖਣ ਤੇ ਲੋਕਾਂ ਦਾ ਖਿਆਲ ਸੀ ਕਿ ਸੀ. ਬੀ. ਸੀ. ਵਧਾਈ ਦੀ ਪਾਤਰ ਹੈ ਜਿਸਨੇ ਵੱਖ ਵੱਖ ਕੋਨਾਂ ਤੋਂ ਪੰਜਾਬ ਦੇ ਮਸਲੇ ਨੂੰ ਕਨੇਡੀਅਨ ਲੋਕਾਂ ਸਾਹਮਣੇ ਪੇਸ਼ ਕੀਤਾ ਅਤੇ ਸਿਖਾਂ ਬਾਰੇ ਕਨੇਡੀਅਨ ਮਨਾਂ ਵਿਚੋਂ ਸ਼ੰਕੇ ਦੂਰ ਕਰਨ ਵਿਚ ਮਦਦ ਕੀਤੀ । ਫਿਲਮ ਵਿਚ ਸ੍ਰੀ ਮਤੀ ਇੰਦਰਾ ਗਾਂਧੀ ਤੋਂ ਬਿਨਾਂ ਰਾਜੀਵ ਗਾਂਧੀ, ਗਿਆਨੀ ਜ਼ੈਲ ਸਿੰਘ ਵੀ ਦਿਖਾਏ ਗਏ । ਪੰਜਾਬ ਵਿਚੋਂ ਸੰਤ ਲੌਂਗੋਵਾਲ ਅਤੇ ਸੰਤ ਭਿੰਡਰਾਂਵਾਲਾ ਨੂੰ ਵੀ ਪੇਸ਼ ਕੀਤਾ ਗਿਆ। ਵਿੱਚ ਵਿੱਚ ਭਾਰਤ ਦੇ ਪ੍ਰਸਿਧ ਪੱਤਰਕਾਰ ਸ: ਖੁਸ਼ਵੰਤ ਸਿੰਘ ਦੀ ਪੰਜਾਬ ਦੇ ਮਸਲੇ ਬਾਰੇ ਪਹੁੰਚ ਵੀ ਦਰਸ਼ਕਾਂ ਨੂੰ ਦੇਖਣ ਲਈ ਮਿਲੀ ।

## ਮਹਾਰਾਣੀ ਐਲਿਜ਼ਬੈਥ ਨਵੀਂ ਦਿੱਲੀ ਵਿੱਚ

ਬਰਤਾਨੀਆਂ ਦੀ ਮਹਾਰਾਣੀ ਐਲੀਜ਼ਬੈਥ 17 ਨਵੰਬਰ 83 ਨੂੰ 10 ਦਿਨ ਦੇ ਸਰਕਾਰੀ ਦੌਰੇ ਤੇ ਦਿੱਲੀ ਪੁੱਜ ਗਈ ਹੈ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪਤੀ ਪ੍ਰਿੰਸ ਫਿਲਪ ਡੀਊਕ ਆਫ ਐਡਿਨਬਰਗ ਵੀ ਭਾਰਤ ਆਏ ਹੋਏ ਹਨ। ਮਹਾਰਾਣੀ ਦੀ ਇਹ ਦੂਜੀ ਭਾਰਤ ਯਾਤਰਾ ਹੈ ਪਹਿਲੀ ਵੇਰ ਉਹ 1961 ਵਿਚ ਭਾਰਤ ਆਏ ਸਨ। ਭਾਰਤੀ ਨੇਤਾਵਾਂ ਨਾਲ ਗੱਲ ਬਾਤ ਤੋਂ ਇਲਾਵਾ ਉਹ ਕਾਮਨਵੈਲਥ ਦੇਸ਼ਾਂ ਦੇ ਪ੍ਰਤੀਨਿਧਾਂ ਨੂੰ ਵੀ ਮਿਲੇ ਜੋ ਕਿ ਦਿੱਲੀ ਵਿਚ ਹੋ ਰਹੇ ਸਿਖਰ ਸਮੇਲਣ ਵਿਚ ਭਾਗ ਲੈ ਣ ਲਈ ਆਏ ਹੋਏ ਹਨ।ਬੁਧਵਾਰ 23 ਨਵੰਬਰ ਨੂੰ ਮਹਾਰਾਣੀ ਨੇ ਇਸ ਸਿਖਰ ਸਮੇਲਨ ਦਾ ਉਦਘਾਟਨ ਕੀਤਾ।

## ਪਾਕਿਸਤਾਨ ਵਿਚ ਗੁਰਧਾਮਾਂ ਦੀ ਯਾਤਰਾ

ਅੰਮ੍ਰਿਤਸਰ — ਇਸ ਸਾਲ 3000 ਸਿੱਖ ਯਾਤਰੀ ਪਾਕਿਸਤਾਨ ਵਿਚ ਗੁਰਦੁਆਰਾ ਸਾਹਿਬ ਨਨਕਾਣਾ ਸ਼ਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦਾ ਜਨਮ ਉਤਸ਼ਵ ਮਨਾਉਣ ਲਈ ਭੂਤ ਪੂਰਬਕ ਮੰਤਰੀ ਸ੍ਰੀ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਪਾਕਿਸਤਾਨ ਗਏ। ਇਹ ਜੱਥਾ ਗੁਰਪੁਰਬ ਉਪਰੰਤ 24 ਨਵੰਬਰ 83 ਨੂੰ ਭਾਰਤ ਪਰਤ ਆਇਆ।

## ਸ਼੍ਰੋਮਣੀ ਕਮੇਟੀ ਦੀ ਚੋਣ 30 ਨੂੰ

ਅੰਮ੍ਰਿਤਸਰ—ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ: ਗੁਰਚਰਨ ਸਿੰਘ ਟੌਹੜਾ ਨੇ ਅਹੁਦੇਦਾਰ ਦੀ ਸਲਾਨਾ ਚੋਣ ਕਰਨ ਲਈ 30 ਨਵੰਬਰ ਬਾਅਦ ਦੁਪਹਿਰ ਇਕ ਵਜੇ ਜਨਰਲ ਸਮਾਗਮ ਦੀ ਮੀਟਿੰਗ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸੱਦੀ ਹੈ । ਸਮੂਹ ਮੈਂਬਰ ਸਾਹਿਬਾਨ ਨੂੰ ਸੱਦਾ ਪੱਤਰ ਅਤੇ ਏਜੰਡਾ ਭੇਜ ਦਿਤੇ ਗਏ ਹਨ । ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੇ ਕੁਲ 160 ਮੈਂਬਰ ਹਨ ਪਰ ਇਸ ਵੇਲੇ ਪੰਜ ਮੈਂਬਰਾਂ ਦੀਆਂ ਮੌਤਾਂ ਹੋ ਜਾਣ ਕਾਰਨ ਪੰਜ ਸੀਟਾਂ ਖਾਲੀ ਹਨ । 140 ਵਿਅਕਤੀ ਚੁਣੇ ਜਾਂਦੇ ਹਨ । ਅਤੇ 15 ਨਾਮਜ਼ਦ ਕੀਤੇ ਜਾਂਦੇ ਹਨ । ਪੰਜ ਮੈਂਬਰ ਪੰਜਾਂ ਹੀ ਸਿੱਖਾਂ ਤਖਤਾਂ ਦੇ ਮੁਖੀਆਂ ਨੂੰ ਬਣਾਇਆ ਜਾਂਦਾ ਹੈ ।

ਅਕਾਲੀ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਦਲ ਦੀ ਲੀਡਰਸ਼ਿਪ ਕਮੇਟੀ ਦੀ ਮੌਜੂਦਾ ਚੋਣ ਵਿਚ ਕੋਈ ਤਬਦੀਲੀ ਨਹੀਂ ਕਰਨਾ ਚਾਹੁੰਦੀ । ਜਨਰਲ ਹਾਊਸ ਵਿਚ ਬਹੁ ਗਿਣਤੀ ਲੌਂਗੋਵਾਲ ਗਰੁੱਪ ਦੀ ਹੈ ਪਰ ਜਥੇਦਾਰ ਤਲਵੰਡੀ ਦੇ ਗਰੁਪ ਦੇ ਵੀ 35 ਕੁ ਮੈਂਬਰ ਹਨ ਪਰ ਦੋਵੇਂ ਗਰੁਪ ਇਹ ਚਾਹੁੰਦੇ ਹਨ ਜਥੇਦਾਰ ਟੌਹੜਾ ਨੂੰ ਮੁੜ ਪ੍ਰਧਾਨ ਚੁਣ ਲਿਆ ਜਾਵੇ । ਪਿਛਲੇ ਸਾਲ ਵੀ ਅਕਾਲੀ ਮੋਰਚਾ ਚਲਦਾ ਹੋਣ ਕਾਰਨ ਜਥੇਦਾਰ ਟੌਹੜਾ ਨੂੰ ਮੁੜ ਪ੍ਰਧਾਨ ਚੁਣ ਲੈਣ ਦੀ ਦਲੀਲ ਦਿਤੀ ਗਈ ਸੀ ।

**Bombay Sweet Manufacturer Inc.**

ਬੰਬੇ ਸਵੀਟ ਮਠਿਆਈ ਵਿਚ ਵਧੀਆ ਹੀ ਨਹੀਂ, ਸਗੋਂ ਸਭ ਤੋਂ ਵੱਡਾ ਵੀ ਹੈ

HEAD OFFICE
6556-6560 Main St.
(Between 49th & 50th Ave.)
Vancouver, B.C.
Ph. (604)321-1414

ਬੰਬੇ ਸਵੀਟ ਮੈਨੂਫੈਕਚਰਰ ਇ:

BRANCH
4405 Main St.(at 28th Ave.)
Vancouver, B.C. V5V 3R2
Ph. (604)874-5722

# ਕੈਨੇਡਾ ਦਰਪਣ

## ਰੈਣ ਸਵਾਈ ਕੀਰਤਨ

ਸਮੂਹ ਬੀ. ਸੀ. ਦੀਆਂ ਸਿਖ ਸੰਗਤਾਂ ਨੂੰ ਜਾਣਕਰ ਖੁਸ਼ੀ ਹੋਵੇਗੀ, ਕਿ ਅਕਾਲੀ ਸਿੰਘ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਦੀ ਤਰਾਂ ਨਵੇਂ ਸਾਲ ਦੀ ਖੁਸ਼ੀ ਦੇ ਸਬੰਧ ਵਿਚ ਰੈਣ ਸਵਾਈ ਕੀਰਤਨ ਸਮਾਗਮ 31 ਦਸੰਬਰ (ਦਿਨ ਸਨਿਚਰਵਾਰ) ਨੂੰ ਸ਼ਾਮ ਦੇ ਸੱਤ ਵਜੇ ਸ਼ੁਰੂ ਹੋ ਕਰ ਐਤਵਾਰ ਨੂੰ ਸਵੇਰ ਦੇ 8 ਵਜੇ ਤੀਕ ਚਲੇਗਾ। ਸਾਰੀ ਰਾਤ ਕੀਰਤਨ ਅਖਾੜੇ ਲਗਣਗੇ ਉਪਰੰਤ ਲੰਗਰ ਅਤੇ ਚਾਹ ਦੀ ਸੇਵਾ ਅਤੁੱਟ ਵਰਤੇਗੀ। ਇਸ ਮਹਾਨ ਅਵਸਰ ਤੇ ਭਾਰਤ ਤੋਂ ਆਏ ਤਕਰੀਬਨ ਸਭ ਰਾਗੀ ਜਥੇ ਅਤੇ ਲੌਕਲ ਜਥੇ ਵੀ ਹਿਸਾ ਲੈਣਗੇ। ਹੋਰ ਜਾਣਕਾਰੀ ਲਈ ਫੋਨ ਅਤੇ ਗੁਰਦੁਆਰਾ ਸਾਹਿਬ ਦੀ ਐਡਰਸ ਹੇਠ ਦਿਤਾ ਜਾਦਾ ਹੈ :

ਪਿਆਰਾ ਸਿੰਘ ਬੱਸਣ (ਸਕੱਤਰ) ਫੋਨ :- 325-0891
ਫੋਨ ਗੁਰਦੁਆਰਾ ਸਾਹਿਬ ਜਾਂ 254-2117
ਅਕਾਲੀ ਸਿੰਘ ਗੁਰਦੁਆਰਾ
1890 ਸਕੀਨਾ ਸਟਰੀਟ ਵੈਨਕੂਵਰ, ਬੀ. ਸੀ.

## ਸ਼ੋਕ ਸਮਾਚਾਰ

ਔਲੀਵਰ ਬੀ.ਸੀ. — ਬੜੇ ਦੁਖ ਨਾਲ ਸੂਚਤ ਕੀਤਾ ਜਾਂਦਾ ਹੈ ਕਿ ਸ੍ਰ.ਅਮਰ ਸਿੰਘ 'ਗਰੇਵਾਲ' ਸਪੁੱਤਰ ਸ੍ਰ ਚੂਹੜ ਸਿੰਘ ਪਿੰਡ ਹਨੂਰ ਜਿਲਾ ਲੁਧਿਆਨਾ ਨਿਵਾਸੀ ਜੋ ਪਿਛਲੇ ਕਈ ਸਾਲਾਂ ਤੋਂ ਪ੍ਰਵਾਰ ਸੁਮੇਤ ਇਥੇ ਰਹਿ ਰਹੇ ਸਨ ਅਕਾਲ ਚਲਾਣਾ ਕਰ ਗਏ ਹਨ। ਉਹ ਪਿਛਲੇ ਮਹੀਨੇ ਹੀ ਆਪਣੇ ਭਰਾ, ਮਾਤਾ ਅਤੇ ਸਪੁਤਰ ਨੂੰ ਨਾਲ ਲੈਕੇ ਭਾਰਤ ਵਿਚ ਆਪਣੇ ਪਿੰਡ ਗਏ ਹੋਏ ਸਨ ਅਤੇ ਏਥੇ ਉਨ੍ਹਾਂ ਦੀ ਸੁਪਤਨੀ ਇਕੱਲੀ ਹੀ ਰਹਿ ਗਈ ਸੀ। ਅਮਰ ਗਰੇਵਾਲ ਏਥੇ ਨਿਵਾਸੀ ਸ੍ਰ ਹਰਪਾਲ ਸਿੰਘ ਬੈਹਨੀਵਾਲ ਦੇ ਭਾਣਜੇ ਅਤੇ ਸ੍ਰ.ਚੰਨਣ ਸਿੰਘ ਜੀ ਦੇ ਦੋਹਤਰੇ ਸਨ। ਉਨਾਂ ਦੇ ਬਿਰਧ ਸੌਹਰੇ ਸ੍ਰ ਕਰਨੈਲ ਸਿੰਘ ਪਿੰਡ ਗਾਲਬ ਕਲਾਂ ਵੀ ਔਲੀਵਰ ਵਿਚ ਹੀ ਰਹਿੰਦੇ ਹਨ।

'ਕੈਨੇਡਾ ਦਰਪਣ' ਦਾ ਸਾਰਾ ਸਟਾਫ ਸਾਰੇ ਗਰੇਵਾਲ, ਬੈਹਨੀਵਾਲ ਅਤੇ ਸ੍ਰ ਕਰਨੈਲ ਸਿੰਘ ਦੇ ਪ੍ਰਵਾਰ ਨਾਲ ਇਸ ਦੁੱਖ ਵਿਚ ਸ਼ਾਮਲ ਹੈ ਅਤੇ ਅਕਾਲ ਪੁਰੱਖ ਵਾਹਿਗੁਰੂ ਅੱਗੇ ਪ੍ਰਾਰਥਨਾ ਕਰਦਾ ਹੈ ਕਿ ਅਮਰ ਗਰੇਵਾਲ ਦੀ ਰੂਹ ਨੂੰ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਉਪਰੋਕਤ ਸਬੰਧੀਆਂ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।

ਰਾਜ ਸੂਮਲ ਕਾਰਨਰ




## ਬੱਚਿਆਂ ਦੀਆਂ ਉਂਗਲਾਂ ਦੇ ਨਿਸ਼ਾਨ ਪੁਲਸ ਲਵੇਗੀ

ਵੈਨਕੂਵਰ—ਬੀ. ਸੀ. ਵਿਚ ਪੁਲੀਸ 1984 ਦੇ ਸ਼ੁਰੂ ਤੋਂ ਇਕ ਅਜਿਹਾ ਪ੍ਰੋਗਰਾਮ ਸ਼ੁਰੂ ਕਰ ਰਹੀ ਹੈ ਜਿਸ ਅਨੁਸਾਰ ਬੱਚਿਆਂ ਦੇ ਉਂਗਲਾਂ ਦੇ ਨਿਸ਼ਾਨ ਲਏ ਜਾਣਗੇ ਤਾਂ ਕਿ ਗੁੰਮ ਸ਼ੁਦਾ ਬੱਚਿਆਂ ਦੀ ਸ਼ਨਾਖਤ ਹੋ ਸਕੇ। ਇਹ ਪ੍ਰੋਗਰਾਮ ਪੁਲੀਸ ਸਭ ਬੱਚਿਆਂ ਤੇ ਲਾਗੂ ਕਰਨ ਲਈ ਸੋਚ ਰਹੀ ਹੈ। ਪੁਲੀਸ ਇਸ ਕੰਮ ਲਈ ਕੁਝ ਬੰਦਿਆਂ ਨੂੰ ਟਰੇਨਿੰਗ ਦੇਵੇਗੀ ਤੇ ਫਿਰ ਸਰਵਿਸ ਕਲੱਬਾਂ ਜਾਂ ਕਮਿਊਨਿਟੀ ਸੰਸਥਾਵਾਂ ਇਹ ਕੰਮ ਨਿਭਾ ਸਕਣਗੀਆਂ।

## ਖਾਲਸਾ ਦੀਵਾਨ ਸੁਸਾਇਟੀ ਦਾ ਵਿਧਾਨ ਵੱਡਾ ਜਾਂ ਪ੍ਰਧਾਨ ?

ਭਾਈ ਜਰਨੈਲ ਸਿੰਘ ਜੀ ਭੰਡਾਲ ਸੂਚਨਾਂ ਦੇਂਦੇ ਹਨ ਕਿ ਖਾਲਸਾ ਦੀਵਾਨ ਸੁਸਾਇਟੀ 8000 ਰੋਸ ਸਟਰੀਟ, ਵੈਨਕੂਵਰ ਦੀਆਂ ਚੋਣਾਂ ਸਾਲ 1984 ਦੀ ਕਮੇਟੀ ਲਈ 3 ਦਸੰਬਰ, 1983 ਨੂੰ ਹੋ ਰਹੀਆਂ ਹਨ, ਜਿਸ ਦੀ ਨੌਮੀਨੇਸ਼ਨ ਦੀ ਆਖਰੀ ਤਾਰੀਕ 15 ਨਵੰਬਰ, 1983 ਸ਼ਾਮ ਦੇ 6 ਵਜੇ ਤਕ ਸੀ। ਸੁਸਾਇਟੀ ਦੇ ਕਾਇਦੇ ਕਾਨੂੰਨਾਂ ਅਨੁਸਾਰ ਕੋਈ ਵੀ ਸੁਸਾਇਟੀ ਦਾ ਮੈਂਬਰ (ਜੋ 1 ਅਕਤੂਬਰ ਤਕ ਮੈਂਬਰ ਬਣ ਚੁਕਾ ਹੋਵੇ) ਚੋਣਾਂ ਵਿਚ ਭਾਗ ਲੈ ਸਕਦਾ ਹੈ। 15 ਨਵੰਬਰ ਸ਼ਾਮ ਦੇ 6 ਵਜੇ ਤਕ ਨਾਮਜ਼ੱਦਗੀ ਦੇ ਪੇਪਰ ਦੇ ਵੀ ਸਕਦਾ ਹੈ ਅਤੇ ਵਾਪਸ ਵੀ ਲੈ ਸਕਦਾ ਹੈ, ਪਰ ਉਸ ਤੋਂ ਬਾਦ ਨਹੀਂ।

1980 ਵਿਚ ਚੋਣਾਂ ਸਮੇਂ 2 ਪੂਰੀਆਂ ਸਲੇਟਾਂ ਤੋਂ ਇਲਾਵਾ 2 ਹੋਰ ਮੈਂਬਰ ਚੋਣ ਵਿਚ ਖੜੇ ਹੋ ਗਏ, ਜਦ ਉਹ ਆਪਣੇ ਨਾਮ ਵਾਪਸ ਲੈਣ ਗਏ ਤਾਂ ਬਿਕਰ ਸਿੰਘ ਢਿਲੋਂ ਪ੍ਰਧਾਨ ਨੇ ਵਕੀਲ ਤੋਂ ਲਿਖਵਾ ਕੇ ਜਵਾਬ ਦੇ ਦਿੱਤਾ ਕਿ 15 ਨਵੰਬਰ ਸ਼ਾਮ ਦੇ 6 ਵਜੇ ਦੇ ਪਿਛੋਂ ਨਾਮ ਵਾਪਸ ਨਹੀਂ ਲਿਆ ਜਾ ਸਕਦਾ ਕਿਉਂ ਕਿ ਸੁਸਾਇਟੀ ਦੇ ਵਿਧਾਨ ਵਿਚ ਨਾਮ ਵਾਪਸ ਲੈਣ ਦੀ ਕੋਈ ਗੁੰਜ਼ਾਇਸ਼ ਨਹੀਂ ਹੈ। ਅਖੀਰ ਸਭ ਨੇ ਮੰਨ ਲਿਆ। ਇਸ ਸਾਲ ਮੋਤਾ ਸਿੰਘ ਝੀਤਾ ਨੇ 15 ਨਵੰਬਰ, 1983 ਨੂੰ ਸ਼ਾਮ ਦੇ 6 ਵਜੇ ਲਿਖਕੇ ਐਲਾਨ ਕੀਤਾ ਕਿ 2 ਪੂਰੀਆਂ ਸਲੇਟਾਂ ਅਤੇ 2 ਹੋਰ ਨਾਮ ਆਏ ਹਨ, ਹੁਣ ਨੌਮੀਨੇਸ਼ਨ ਬੰਦ ਕੀਤੀ ਜਾਂਦੀ ਹੈ। ਸਭ ਨੂੰ ਪਤਾ ਲੱਗ ਗਿਆ ਕਿ 1980 ਦੀ ਤਰ੍ਹਾਂ ਇਸ ਸਾਲ ਵੀ 3 ਸਲੇਟਾਂ ਹਨ।

ਪਰ 20 ਨਵੰਬਰ ਨੂੰ ਮੋਤਾ ਸਿੰਘ ਝੀਤਾ ਨੇ ਗੁਰੂ ਘਰ ਦੀ ਸਟੇਜ ਤੋਂ ਐਲਾਨ ਕਰ ਦਿੱਤਾ ਕਿ 2 ਸਲੇਟਾਂ ਦੀ ਹੀ ਚੋਣ ਹੋਵੇਗੀ ਕਿਉਂ ਕਿ 2 ਹੋਰ ਆਏ ਨਾਮ ਵਾਪਸ ਲੈ ਲਏ ਗਏ ਹਨ। ਸੰਗਤਾਂ ਵਿਚ ਚਰਚਾ ਹੈ ਕਿ ਗੁਰਦੁਆਰਾ ਸਾਹਿਬ ਦਾ ਵਿਧਾਨ ਵੱਡਾ ਹੈ ਕਿ ਪ੍ਰਧਾਨ ?

ਯਾਦ ਰਹੇ ਕਿ ਇਸ ਮੋਤਾ ਸਿੰਘ ਝੀਤਾ ਨੇ ਸਾਲ 1980 ਵਿਚ ਇਕ ਇਸੇ ਤਰ੍ਹਾਂ ਹੀ ਗੈਰ ਵਿਧਾਨਕ ਤਰੀਕੇ ਨਾਲ ਵਿਧਾਨ ਵਿਚ ਤਬਦੀਲੀ ਕਰਕੇ ਵਿਕਟੋਰੀਆ ਰਜਿਸਟਰਡ ਕਰਵਾ ਦਿੱਤਾ ਸੀ। ਜਿਸ ਨੂੰ ਸੰਗਤਾਂ ਨੇ ਚੈਲਿੰਜ ਕੀਤਾ ਤਾਂ ਇਨ੍ਹਾਂ ਨੂੰ ਹਾਰ ਹੋਈ, ਗੁਰੂ ਘਰ ਦੇ ਹਜ਼ਾਰਾਂ ਡਾਲਰ ਮੁਕੱਦਮੇ ਉਪਰ ਤਬਾਹ ਕਰਵਾਏ ਇਸ ਅਜ ਦੇ ਪ੍ਰਧਾਨ ਨੇ। ਸ਼ਾਇਦ ਹੁਣ ਮੰਨਣਾ ਹੀ ਪਵੇ ਕਿ ਵਿਧਾਨ ਨਹੀਂ ਪ੍ਰਧਾਨ ਹੀ ਵੱਡਾ ਹੈ।

## ਕੇਸਰ ਸਿੰਘ ਸਨਮਾਨ ਸਮਾਰੋਹ

ਸਿਖ ਯੂਥ ਫੈਡਰੇਸ਼ਨ ਆਫ ਕੈਨੇਡਾ ਅਲਬਰਟਾ ਬ੍ਰਾਂਚ ਕੈਲਗਰੀ, ਲਗਾਤਾਰ ਦੋ ਹਫਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ ਬੜੀ ਧੂਮ ਧਾਮ ਨਾਲ ਮਨਾ ਰਹੀ ਹੈ। ਪਹਿਲੇ ਹਫਤੇ ਭਾਵ 18, 19, ਅਤੇ 20 ਨਵੰਬਰ ਨੂੰ ਸ੍ਰੀ ਅਖੰਡਪਾਠ ਅਤੇ ਕੀਰਤਨ ਦਰਬਾਰ ਦਾ ਪ੍ਰੋਗਰਾਮ ਹੋ ਚੁਕਿਆ ਹੈ। 26 ਦਸੰਬਰ 1983 ਨੂੰ ਕੈਨੇਡਾ ਅਤੇ ਅਮਰੀਕਾ ਅੰਦਰ ਵਸਤੇ ਸਿੱਖਾਂ ਦਾ ਇਤਿਹਾਸ ਸਲਾਈਡਾਂ ਰਾਹੀਂ ਵਖਾਇਆ ਜਾ ਰਿਹਾ ਹੈ।

27 ਨਵੰਬਰ ਐਤਵਾਰ ਨੂੰ 2203 - 15A St. CALGARY ਦੇ ਗੁਰਦੁਆਰਾ ਸਾਹਿਬ ਵਿਖੇ ਫੈਡਰੇਸ਼ਨ ਵਲੋਂ ਕੈਨੇਡਾ ਦੇ ਇਕਲੌਤੇ ਉਘੇ ਨਾਵਲਕਾਰ ਅਤੇ ਪੰਜਾਬੀ ਸਾਹਿਤਕਾਰ ਗਿਆਨੀ ਕੇਸਰ ਸਿੰਘ ਜੀ ਨੂੰ ਸਨਮਾਨਿਤ ਕੀਤਾ ਜਾਵੇਗਾ। ਉਸ ਦਿਨ ਗਿਆਨੀ ਜੀ ਆਪਣੇ ਕਰ ਕਮਲਾਂ ਦੁਆਰਾ ਕਵੀ ਦਰਬਾਰ ਵਿਚ ਭਾਗ ਲੈਣ ਵਾਲੇ ਬਚਿਆਂ ਨੂੰ ਫੈਡਰੇਸ਼ਨ ਵਲੋਂ ਸਰਟੀਫਿਕੇਟ ਪ੍ਰਦਾਨ ਕਰਨਗੇ। ਹੋਰ ਕਲਾਕਾਰਾਂ ਨੂੰ ਸਰੋਪੇ ਦੇ ਕੇ ਨਿਵਾਜਿਆ ਜਾਵੇਗਾ। ਇਸ ਰੌਣਕ ਨੂੰ ਵਧਾਉਣ ਲਈ ਸਭ ਸਾਹਿਤਕਾਰਾਂ ਅਤੇ ਸਰੋਤਿਆਂ ਨੂੰ ਖੁਲ੍ਹਾ ਸੱਦਾ ਦਿੱਤਾ ਜਾਂਦਾ ਹੈ।

## ਵਿਧਾਨ ਵਿਚ ਤਰਮੀਮ ਕਰਨ ਦੀ ਬੇਨਤੀ

ਗੁਰਦੁਆਰਾ ਸਾਹਿਬ ਰੌਸ ਸਟਰੀਟ ਦੇ ਬਹੁਤ ਸਾਰੇ ਮੈਂਬਰਾਂ ਦਾ ਕਹਿਣਾ ਹੈ ਕਿ ਗੁਰਦੁਆਰਾ ਸਾਹਿਬ ਉਤੇ ਹਰ ਸਾਲ ਕਾਰਡ ਬਨਾਉਣ ਤੇ ਮੇਲ ਕਰਨ ਤੇ ਫਾਰਮ ਵਾਰ ਵਾਰ ਭਰਨ ਕਰਕੇ ਬਹੁਤ ਖਰਚ ਵਧਦਾ ਹੈ, ਤੇ ਆਮ ਮੈਂਬਰਾਂ ਨੂੰ ਹਰ ਸਾਲ ਫਾਰਮ ਭਰਨੇ ਪੈਂਦੇ ਹਨ। ਇਸ ਕਰਕੇ ਜੇ ਮੈਂਬਰਸ਼ਿਪ ਪੰਜਾਂ ਸਾਲਾਂ ਲਈ ਇਹੋ ਹੀ ਰਹਿ ਜਾਵੇ ਤੇ ਬਣੇ ਹੋਏ ਮੈਂਬਰਾਂ ਤੋਂ ਵਾਧੂ ਮੈਂਬਰ ਹਰ ਸਾਲ ਬਣਨ ਤਾਂ ਕਿ ਆਮ ਸੰਗਤ ਨੂੰ ਵੀ ਕੁਝ ਫਾਇਦਾ ਹੋਵੇ ਤੇ ਗੁਰਦੁਆਰਾ ਸਾਹਿਬ ਉਤੇ ਵਾਧੂ ਖਰਚ ਵੀ ਹਲਕਾ ਹੋਵੇ। ਕਿਉਂਕਿ ਗੁਰਦੁਆਰਾ ਸਾਹਿਬ ਉਤੇ ਅੱਗੇ ਹੀ ਬਹੁਤ ਕਰਜ਼ਾ ਹੈ। ਹਰ ਪਾਸਿਓਂ ਬਚਤ ਦੀ ਲੋੜ ਹੈ। ਤੁਪਕਾ ਤੁਪਕਾ ਜੁੜਕੇ ਹੀ ਦਰਿਆ ਬਣਦੇ ਹਨ। ਏਸ ਕਾਰਨ ਕੁਝ ਮੈਂਬਰਾਂ ਨੇ ਮੌਜੂਦਾ ਪ੍ਰਧਾਨ ਗੁਰੂ ਘਰ ਰੌਸ ਨੂੰ ਲਿਖਕੇ ਹੇਠ ਲਿਖੀ ਬੇਨਤੀ ਕੀਤੀ ਹੈ ਤਾਂ ਕਿ ਇਸ ਸਾਲ ਦੇ ਅੰਦਰ ਅੰਦਰ ਹੀ ਵਿਧਾਨ ਵਿਚ ਪੰਜ ਸਾਲ ਮੈਂਬਰ ਰਹਿਣ ਬਾਰੇ ਤਬਦੀਲੀ ਕੀਤੀ ਜਾ ਸਕੇ।

Date:- Nov. 18th, 1983

To
President KHALSA DIWAN SOCIETY
President
KHALSA DIWAN SOCIETY
8000 Ross St.
Vancouver, B.C. V5X 4C5

Re:- "SOCIETIES ACT" EXTRA-ORDINARY RESOLUTION

Request to amend the by-laws of the Society as follows :-

Dear Sir,

We, the undersigned members in good standing of the Khalsa Diwan Society, 8000 Ross St. Vancouver, B.C. hereby request you to place the following amendments to the By laws of the K.D.S. on the agenda of the next general meeting of the Khalsa Diwan Society.

1. That Section 1 of Chapter IX as amended on Dec. 27, 1980 by Extra-Ordinary Resolution No. 2 Part 1 (d), be deleted and the following by substituted in its place :-

(d) The only member who may vote in the executive election are those members who are in good standing and have become members of the Society on or before the 1st day of October within last five years.

2. Above Resolution should become effective on Dec. 26th, 1983 and the current membership(1983) should be considered as members in good standing upto Dec. 31, 1987.

3. The text of the constitution of the Khalsa Diwan Society, 8000 Ross St. Vancouver, B.C. incorporating the above be updated appropriately.



## ਲਾਸ਼ ਨੂੰ ਟਾਂਕੇ ਲਾਣ ਦੀ ਵਿਸ਼ੇਸ਼ ਫੀਸ

ਗਰਿਦੀ (ਸੀ. ਐਨ. ਐਸ.)—ਇਕ ਡਾਕਟਰ ਵੀ ਕਿਸ ਹੱਦ ਤਕ ਘਟੀਆ ਕੰਮ ਕਰ ਸਕਦਾ ਹੈ ਇਸ ਦਾ ਸਬੂਤ ਇਕ ਅਜਿਹੀ ਘਟਨਾ ਤੋਂ ਮਿਲਦਾ ਹੈ ਜਿਸ ਵਿਚ ਇਕ ਡਾਕਟਰ ਨੇ ਲਾਸ਼ ਦੇ ਪੋਸਟ ਮਾਰਟਮ ਤੋਂ ਬਾਦ ਲਾਸ਼ ਨੂੰ ਟਾਂਕੇ ਲਾਉਣ ਲਈ 135 ਰੁਪਏ ਚਾਰਜ ਕੀਤੇ ਜਾਂਦੇ ਹਨ.

ਜੇਕਰ ਕੋਈ ਉਕਤ ਰਕਮ ਦੇਣ ਤੋਂ ਇਨਕਾਰ ਕਰੇ ਤਾਂ ਲਾਸ਼ ਬਿਨਾਂ ਟਾਂਕਿਆਂ ਤੋਂ ਹੀ ਦੇ ਦਿੱਤੀ ਜਾਂਦੀ ਹੈ. ਇਹ ਗੱਲ ਗਰਿਦੀ ਦੇ ਸਬਜ਼ੀ ਵੇਚਣ ਵਾਲੇ ਇਕ ਦੁਕਾਨਦਾਰ ਨੇ ਦਸੀ ਹੈ.

## ਸਤੀਸ਼ ਗੁਜਰਾਲ ਨੂੰ ਬੈਲਜੀਅਮ ਅਵਾਰਡ

ਨਵੀਂ ਦਿੱਲੀ (ਯੂ.ਐਨ.ਆਈ)—ਬੈਲਜੀਅਮ ਦੇ ਸ਼ਹਿਜ਼ਾਦਾ ਅਰਬਰਟ ਨੇ ਭਾਰਤੀ ਚਿੱਤਰਕਾਰ ਸਤੀਸ਼ ਗੁਜਰਾਲ ਨੂੰ "ਆਰਡਰ ਆਫ ਦਾ ਕਰਾਊਨ" ਅਵਾਰਡ ਭੇਂਟ ਕੀਤਾ ਹੈ. ਇਹ ਬੈਲਜੀਅਮ ਦਾ ਸਭ ਤੋਂ ਉੱਚਾ ਅਵਾਰਡ ਹੈ ਤੇ ਪਹਿਲੀ ਵਾਰ ਕਿਸੇ ਗੈਰ-ਬੈਲਜੀਅਮ ਨੂੰ ਦਿਤਾ ਗਿਆ ਹੈ.

ਇਹ ਅਵਾਰਡ ਸਤੀਸ਼ ਗੁਜਰਾਲ ਨੂੰ ਹਿੰਦ ਵਿਚ ਬੈਲਜ਼ੀਅਮ ਦੇ ਦੂਤਾ-ਵਾਸ ਦਾ ਡੀਜ਼ਾਈਨ ਤਿਆਰ ਕਰਨ ਲਈ ਦਿਤਾ ਗਿਆ ਹੈ.

ਰਬ ਬਚਾਵੇ 'ਪ੍ਰੀਤ ਜੀ' ਉਸ ਖੇਤ੍ਰ ਨੂੰ ਰਾਖਾ ਜਿਸਦਾ ਦੋਹਾਂ ਨੂੰ ਨਈਂ ਰੋਕਦਾ।


੧ੴ ਵਾਹਿਗੁਰੂ ਜੀ ਕੀ ਫਤਹਿ

### ਗੁਰੂ ਘਰ ਸੁੱਖ ਸਾਗਰ
### ਖਾਲਸਾ ਦੀਵਾਨ ਸੁਸਾਇਟੀ, ਨੀਊਵੈਸਟਮਿਨਸਟਰ ਬੀ. ਸੀ.

ਦੀਆਂ ਚੋਣਾ 11 ਦਸੰਬਰ, 1983 ਐਤਵਾਰ ਨੂੰ ਹੋ ਰਹੀਆਂ ਹਨ।

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਕੌਮ ਵਿਚ ਏਕਤਾ ਪੈਦਾ ਕਰਨ ਲਈ ਨਿਰਪੱਖ ਤੇ ਨਿਧੜਕ ਸੱਜਣਾਂ ਬਸੰਤ ਸਿੰਘ ਸੰਧੂ ਪ੍ਰਧਾਨ ਤੇ ਠਾਕਰ ਸਿੰਘ ਸਕੱਤਰ ਦੀ ਸਲੇਟ ਨੂੰ ਕਾਮਯਾਬ ਕਰੋ

| | |
|---|---|
| ਪ੍ਰਧਾਨ | ਬਸੰਤ ਸਿੰਘ ਸੰਧੂ |
| ਮੀਤ-ਪ੍ਰਧਾਨ | ਅਜਾਇਬ ਸਿੰਘ ਘੁਮਾਣ |
| ਸਕੱਤਰ | ਠਾਕਰ ਸਿੰਘ |
| ਮੀਤ-ਸਕੱਤਰ | ਰਣਜੀਤ ਸਿੰਘ ਗਿੱਲ |
| ਖਜ਼ਾਨਚੀ | ਬਲਬੀਰ ਸਿੰਘ ਬਾਠ |
| ਮੀਤ-ਖਜ਼ਾਨਚੀ | ਦੀਦਾਰ ਸਿੰਘ ਮੁਤੀ |
| ਮੈਂਬਰ | ਗੁਰਦੇਵ ਸਿੰਘ ਸਿੱਧੂ |
| ਮੈਂਬਰ | ਮੁਖਤਿਆਰ ਸਿੰਘ ਦਿਓਲ(ਸੇਖਾ) |
| ਮੈਂਬਰ | ਗਿਆਨ ਸਿੰਘ ਕੰਗਰਾ |
| ਮੈਂਬਰ | ਸੋਹਨ ਸਿੰਘ ਢੇਸਾ |

ਆਡਿਟ ਕਮੇਟੀ : ਸੂਬੇਦਾਰ ਅਜੀਤ ਸਿੰਘ ਬਰਾੜ
ਕਾਬਲ ਸਿੰਘ ਸੰਧੜ
ਗੁਰਮੇਲ ਸਿੰਘ ਧਾਲੀਵਾਲ

ਵੋਟਾਂ 11 ਦਸੰਬਰ, 1983 ਦਿਨ ਐਤਵਾਰ ਸਵੇਰੇ 9 ਵਜੇ ਤੋਂ ਸ਼ਾਮ ਦੇ 7 ਵਜੇ ਤੱਕ।

ਦੇਗ ਤੇਗ ਫਤਿਹ ।। ੴ ਸਤਿਗੁਰ ਪ੍ਰਸਾਦਿ ਪੰਥ ਕੀ ਜੀਤ ।।

# ਆਉ ਸਾਧ ਸੰਗਤ ਜੀ, ਗੁਰੂ ਘਰ ਨੂੰ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣਾਈ ਰਖੀਏ ਅਤੇ ਪੰਥ ਦੇ ਨੇਤਾਵਾਂ ਦੇ ਹੁਕਮ ਅਨੁਸਾਰ ਧਰਮ ਯੁੱਧ ਮੋਰਚੇ ਦੀ ਸਫਲਤਾ ਲਈ ਠੋਸ ਕੰਮ ਕਰ ਕੇ ਦਖਾਈਏ

ਅਨਿਕ ਭਾਂਤਿ ਕਰਿ ਸੇਵਾ ਕਰੀਐ ॥ ਜੀਉ ਪ੍ਰਾਨ ਧਨੁ ਆਗੈ ਧਰੀਐ ॥
ਪਾਨੀ ਪਖਾ ਕਰਉ ਤਜਿ ਅਭਿਮਾਨੁ ॥ ਅਨਿਕ ਬਾਰ ਜਾਈਐ ਕੁਰਬਾਨੁ ॥

ਸਤਿਕਾਰ ਯੋਗ ਸਾਧ ਸੰਗਤ ਜੀਉ,

ਵਾਹਿਗੁਰੂ ਜੀ ਕਾ ਖ਼ਾਲਸਾ; ਵਾਹਿਗੁਰੂ ਜੀ ਕੀ ਫਤਹਿ ॥

ਸਿੱਖ ਕੌਮ ਦੇ ਭਗਤੀ ਅਤੇ ਸ਼ਕਤੀ ਦੇ ਸੋਮੇ, ਗੁਰਦੁਆਰਾ ਸਾਹਿਬ, ਖਾਲਸਾ ਦੀਵਾਨ ਸੁਸਾਇਟੀ, 8000 ਰੌਸ ਸਟਰੀਟ ਵੈਨਕੂਵਰ ਬੀ. ਸੀ. ਕੈਨੇਡਾ ਨੂੰ ਡਿਕਟੇਟਰਸ਼ਿਪ ਅਤੇ ਹੰਕਾਰੀ ਪ੍ਰਬੰਧਕਾਂ ਤੋਂ ਬਚਾ ਕੇ, "ਰਾਜ ਕਰੇਗਾ ਖਾਲਸਾ" ਦੇ ਅਟੱਲ ਨਿਸ਼ਾਨੇ ਨੂੰ ਸਾਕਾਰ ਕਰਨ ਲਈ ਸਾਰੀਆਂ ਸੰਗਤਾਂ ਦੇ ਸਾਂਝੇ ਸੇਵਾਦਾਰਾਂ ਨੂੰ ਵੋਟਾਂ ਪਾ ਕੇ ਕਾਮਯਾਬ ਕਰੋ ਤਾਂ ਕਿ ਨਿਮਨ ਲਿਖਤ ਪ੍ਰੋਗਰਾਮ ਅਨੁਸਾਰ ਸੰਗਤਾਂ ਦੇ ਸਹਿਯੋਗ ਨਾਲ ਸੇਵਾ ਨਿਭਾਈ ਜਾ ਸਕੇ :—

**ਧਰਮ ਪ੍ਰਚਾਰ :—**

ਗੁਰਬਾਣੀ ਦੇ ਖੋਜੀ ਅਤੇ ਵਿਦਿਵਾਨ ਪ੍ਰਚਾਰਕਾਂ, ਰਾਗੀ ਅਤੇ ਢਾਡੀ ਜਥਿਆਂ ਨੂੰ ਕੈਨੇਡਾ ਵਿਚ ਸੱਦਕੇ ਸਿੱਖ ਧਰਮ ਦੇ ਪ੍ਰਚਾਰ ਦੀ ਲਹਿਰ ਨੂੰ ਤੇਜ਼ ਕੀਤਾ ਜਾਵੇਗਾ। ਧਾਰਮਿਕ ਲਿਟਰੇਚਰ ਦਾ ਪੂਰਾ ਪੂਰਾ ਪ੍ਰਬੰਧ ਕੀਤਾ ਜਾਵੇਗਾ।

**ਰਹਿਤ ਮਰਯਾਦਾ :—**

ਪੰਥ ਵਲੋਂ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਹੀ ਗੁਰੂ ਘਰ ਦੇ ਸਮਾਗਮ ਨਿਭਾਏ ਜਾਣਗੇ ਅਤੇ ਮਰਯਾਦਾ ਅਨੁਸਾਰ ਹੀ ਪ੍ਰਚਾਰ ਕੀਤਾ ਜਾਵੇਗਾ। ਵਾਦ ਵਿਵਾਦ ਵਾਲੀਆਂ ਗੱਲਾਂ ਨਾਲ ਕੌਮ ਵਿਚ ਫੁੱਟ ਨਹੀਂ ਪੈਣ ਦਿੱਤੀ ਜਾਵੇਗੀ ਸਗੋਂ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਹਰ ਫੈਸਲੇ ਅਗੇ ਸਿਰ ਝੁਕਾਇਆ ਜਾਵੇਗਾ। ਸ੍ਰੀ ਗੁਰੂ ਸਾਹਿਬ ਜੀ ਦਾ ਸਤਿਕਾਰ ਹਰ ਕੀਮਤ ਉਪਰ ਬਰਕਰਾਰ ਰਖਿਆ ਜਾਵੇਗਾ।

**ਅੰਮ੍ਰਿਤ ਪ੍ਰਚਾਰ :—**

ਨਿਮਰਤਾ ਸਹਿਤ ਪ੍ਰੇਰਨਾ ਅਤੇ ਸਹੀ ਪ੍ਰਚਾਰ ਦੁਆਰਾ ਸਿੰਘ ਸਜੋ ਲਹਿਰ ਨੂੰ ਤੇਜ ਕੀਤਾ ਜਾਵੇਗਾ, ਅੰਮ੍ਰਿਤ ਸੰਚਾਰ ਦਾ ਵੱਧ ਤੋਂ ਵੱਧ ਪ੍ਰਬੰਧ ਕੀਤਾ ਜਾਵੇਗਾ ਤਾਂ ਕਿ 1999 ਈ: ਨੂੰ ਆਉਣ ਵਾਲੀ ਵਿਸਾਖੀ (ਖਾਲਸਾ ਪੰਥ ਦੀ 300 ਸਾਲਾ ਜਨਮ ਸ਼ਤਾਬਦੀ) ਸਮੇਂ ਸਾਰੇ ਜਗਤ ਵਿਚ ਖਾਲਸਾ ਜੀ ਦੇ ਬੋਲਬਾਲੇ ਉਚੇ ਕਰਨ ਵਿਚ ਗੁਰੂ ਕ੍ਰਿਪਾ ਦੁਆਰਾ ਉਪਰਾਲੇ ਕੀਤੇ ਜਾ ਸਕਣ ਰੈਣ ਸਬਾਈ ਕੀਰਤਨ, ਕੀਰਤਨ ਦਰਬਾਰ ਅਤੇ ਕਵੀ ਦਰਬਾਰਾਂ ਦੇ ਵੱਧ ਤੋਂ ਵੱਧ ਸਮਾਗਮ ਕਰਕੇ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨ ਲਈ ਉਪਰਾਲੇ ਕੀਤੇ ਜਾਣਗੇ।

**ਨਗਰ ਕੀਰਤਨ :—**

ਪਿਛਲੇ ਸਾਲਾਂ ਦੀ ਤਰ੍ਹਾਂ ਵਿਸਾਖੀ ਉਪਰ ਵੈਨਕੂਵਰ ਵਿਚ ਸ਼ਾਨਦਾਰ ਨਗਰ ਕੀਰਤਨ ਦਾ ਪ੍ਰਬੰਧ ਬੀ. ਸੀ. ਦੀਆਂ ਸਮੁੱਚੀਆਂ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ।

ਧਾਰਮਿਕ ਰੇਡੀਓ ਪ੍ਰੋਗਰਾਮ ਵਿਚ ਹੋਰ ਵਾਧਾ ਕੀਤਾ ਜਾਵੇਗਾ ਅਤੇ ਕੌਮ ਦੀ ਪਨੀਰੀ ਨੂੰ ਸਿੱਖ ਧਰਮ ਦੀ ਜਾਣਕਾਰੀ ਲਈ ਅੰਗਰੇਜ਼ੀ ਵਿਚ ਭੀ ਪ੍ਰੋਗਰਾਮਾਂ ਦਾ ਪ੍ਰਬੰਧ ਕੀਤਾ ਜਾਵੇਗਾ।

ਬੱਚਿਆਂ ਲਈ ਕੈਂਪ ਲਗਾ ਕੇ, ਸਪੈਸ਼ਲ ਧਾਰਮਿਕ ਮੁਕਾਬਲੇ ਕਰਵਾਕੇ ਬੱਚਿਆਂ ਨੂੰ ਉਤਸ਼ਾਹਤ ਕਰਕੇ ਆਪਣੇ ਵਿਰਸੇ ਨਾਲ ਜੋੜੀ ਰਖਣ ਲਈ ਪ੍ਰਬੰਧ ਕੀਤੇ ਜਾਣਗੇ।

**ਪੰਜਾਬੀ ਸਕੂਲ :—**

ਚੱਲ ਰਹੇ ਪੰਜਾਬੀ ਸਕੂਲ ਦਾ ਪੂਰੀ ਤਰ੍ਹਾਂ ਪੁਨਰਗਠਨ ਕੀਤਾ ਜਾਵੇਗਾ, ਸਕੂਲ ਦੀਆਂ ਹੋਰ ਬਰਾਂਚਾ ਖੋਲ੍ਹਣ ਦਾ ਪ੍ਰਬੰਧ ਕੀਤਾ ਜਾਵੇਗਾ। ਬੱਚਿਆਂ ਨੂੰ ਉਤਸ਼ਾਹਤ ਕਰਨ ਲਈ ਸਪੈਸ਼ਲ ਪ੍ਰੋਗਰਾਮ ਅਤੇ ਨਵੀਨ ਤਕਨੀਕਾਂ ਦਾ ਪ੍ਰਯੋਗ ਕੀਤਾ ਜਾਵੇਗਾ। ਬੱਚਿਆਂ ਦੇ ਮਾਪਿਆਂ ਨੂੰ ਵੀ ਸਕੂਲ ਵਿਚ ਦਿਲਚਸਪੀ ਲੈਣ ਲਈ ਖਾਸ ਪ੍ਰਬੰਧ ਕੀਤੇ ਜਾਣਗੇ।

ਗੁਰਬਾਣੀ ਕੀਰਤਨ ਸਿਖਾਉਣ ਲਈ ਚੰਗੇ ਸੰਗੀਤਕਾਰਾਂ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਗੁਰਬਾਣੀ ਸੰਗੀਤ ਦੀਆਂ ਕਲਾਸਾਂ ਨੂੰ ਵਧਾਇਆ ਜਾਵੇਗਾ। ਇਸ ਦੇ ਨਾਲ ਹੀ ਆਪਣੇ ਬੱਚਿਆਂ ਦੇ ਬੈਂਡ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

ਕੈਨੇਡੀਅਨ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਲਈ ਵੀ ਸਬੰਧਤ ਸਕੂਲ ਬੋਰਡਾਂ ਨਾਲ ਸੰਪਰਕ ਪੈਦਾ ਕਰਕੇ ਪ੍ਰਬੰਧ ਕਰਨ ਲਈ ਉਪਰਾਲੇ ਕੀਤੇ ਜਾਣਗੇ।

ਯੂ. ਬੀ. ਸੀ. ਵਿਚ ਪੰਜਾਬੀ ਅਤੇ ਸਿੱਖ ਸਭਿਆਚਾਰ ਦੀ ਪੜ੍ਹਾਈ ਲਈ ਹੋਰ ਸਭਾ ਸੁਸਾਇਟੀਆਂ ਨਾਲ ਮਿਲਕੇ ਏਕਤਾ ਨਾਲ ਫੰਡ ਇਕੱਠਾ ਕਰਕੇ ਲੋੜੀਂਦੇ ਪ੍ਰਬੰਧ ਕੀਤੇ ਜਾਣਗੇ।

ਖਾਲਸਾ ਡੇ ਕੇਅਰ ਸੈਂਟਰ ਦਾ ਪੁਨਰਗਠਨ ਕੀਤਾ ਜਾਵੇਗਾ ਤਾਂ ਕਿ ਇਥੇ ਸਹੀ ਅਰਥਾਂ ਵਿਚ ਖਾਲਸਾ ਜੀ ਦੇ ਬੋਲਬਾਲੇ ਉਚੇ ਕਰਨ ਲਈ ਛੋਟੇ ਛੋਟੇ ਬੱਚਿਆਂ ਨੂੰ ਸਿੱਖੀ ਨਾਲ ਪਿਆਰ ਕਰਨ, ਆਪਣੇ ਜੀਵਨ ਅਤੇ ਵਿਦਿਆ ਦਾ ਆਰੰਭ ਖਾਲਸਈ ਸਪਿਰਟ ਨਾਲ ਕਰਨ ਦੇ ਨਾਲ ਨਾਲ ਵਿਦਿਅਕ ਖੇਤਰ ਵਿਚ ਭੀ ਤਰੱਕੀ ਕਰਨ। ਸਾਡਾ ਨਿਸ਼ਾਨਾ ਹੈ ਕਿ ਇਹ ਖਾਲਸਾ ਡੇ ਕੇਅਰ ਸੈਂਟਰ ਇਕ ਦਿਨ ਵੈਨਕੂਵਰ ਵਿਚ ਖਾਲਸਾ ਸਕੂਲ ਅਤੇ ਫਿਰ ਖਾਲਸਾ ਕਾਲਜ ਦੇ ਰੂਪ ਵਿਚ ਸਾਹਮਣੇ ਆਵੇ।

**ਧਰਮ ਯੁੱਧ ਮੋਰਚਾ :—**

ਸਿੱਖ ਸੰਸਾਰ ਵਿਚ ਜਿਥੇ ਕਿੱਥੇ ਭੀ ਬੈਠਾ ਹੈ ਅਰਦਾਸ ਕਰਦਾ ਹੈ "ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫਤਹਿ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ" ਅਨੁਸਾਰ ਪੰਥ ਦੇ ਨੇਤਾਵਾਂ ਦੇ ਹੁਕਮ ਅਨੁਸਾਰ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਕੈਨੇਡਾ ਵਿਚੋਂ ਜਦੋ ਜਹਿਦ ਜਾਰੀ ਰੱਖਾਂਗੇ। ਸ਼ਹੀਦਾਂ ਦੇ ਪ੍ਰਵਾਰਾਂ ਲਈ ਮਾਇਕ ਸਹਾਇਤਾ ਭੇਜਾਂਗੇ। ਪੰਥ ਦੇ ਹੁਕਮ ਅਨੁਸਾਰ ਹਰ ਕੁਰਬਾਨੀ ਲਈ ਤਿਆਰ ਰਹਾਂਗੇ ਅਤੇ ਸਮੇਂ ਦੀ ਮੰਗ ਅਨੁਸਾਰ ਧਰਮ ਯੁੱਧ ਮੋਰਚੇ ਦੀ ਸਫਲਤਾ ਲਈ ਹਰ ਸੰਭਵ ਉਪਰਾਲਾ ਕਰਾਂਗੇ।

ਕੈਨੇਡਾ ਵਿਚ ਨਸਲੀ ਵਿਤਕਰੇ ਵਿਰੁਧ ਪੁਰਅਮਨ ਢੰਗ ਨਾਲ ਯੋਗ ਕਾਰਵਾਈ ਜਾਰੀ ਰਹੇਗੀ, ਹਿਊਮਨ ਰਾਈਟਸ ਸਬੰਧਾਂ ਦੇ ਸੁਧਾਰ ਲਈ ਯੋਗ ਉਪਰਾਲੇ ਕੀਤੇ ਜਾਣਗੇ। ਹਾਰਡ ਹੈਟ ਦੇ ਕੇਸਾਂ ਦੀ ਪੂਰੀ ਪੂਰੀ ਪੈਰਵਾਈ ਕੀਤੀ ਜਾਵੇਗੀ।

ਕੈਨੇਡਾ ਵਿਚ ਨੈਸ਼ਨਲ ਪੱਧਰ ਉਪਰ ਸਿੱਖਾਂ ਦੀ ਇਕ ਮਜ਼ਬੂਤ ਆਵਾਜ਼ ਪੈਦਾ ਕਰਨ ਲਈ "ਸਿੱਖ ਫੈਡਰੇਸ਼ਨ ਆਫ ਕੈਨੇਡਾ" ਅਤੇ "ਸਿੱਖ ਸਮਾਚਾਰ" ਨੂੰ ਪੂਰਾ ਪੂਰਾ ਸਹਿਯੋਗ ਦਿੱਤਾ ਜਾਵੇਗਾ ਤਾਂਕਿ ਅਸੀਂ ਆਪਣੀ ਕੌਮ ਨੂੰ ਪੇਸ਼ ਆ ਰਹੀਆਂ ਔਕੜਾਂ ਨੂੰ ਦੂਰ ਕਰਨ ਵਿਚ ਏਕਤਾ ਨਾਲ ਕੰਮ ਕਰ ਸਕੀਏ, ਉਚੀ ਪਧਰ ਉਪਰ ਸਾਂਝੇ ਉਪਰਾਲੇ ਕਰਕੇ ਸਿੱਖ ਧਰਮ ਦਾ ਪ੍ਰਚਾਰ ਕਰ ਸਕੀਏ ਅਤੇ ਕੌਮ ਵਿਚ ਆਪਸੀ ਸਦ ਭਾਵਨਾ ਪੈਦਾ ਕਰਨ ਲਈ ਉਪਰਾਲੇ ਕਰ ਸਕੀਏ।

**ਖੇਡਾਂ :—**

ਸੁਸਾਇਟੀ ਵਲੋਂ ਚੱਲ ਰਹੀਆਂ ਖੇਡਾਂ ਹਰ ਸਾਲ ਦੀ ਤਰ੍ਹਾਂ ਉਚ ਪੱਧਰ ਉਪਰ ਕਰਵਾਈਆਂ ਜਾਣਗੀਆਂ। ਖਿਡਾਰੀਆਂ ਨੂੰ ਬਿਨਾਂ ਕਿਸੇ ਭਿੰਨ ਭਾਵ ਦੇ ਉਤਸ਼ਾਹਤ ਕੀਤਾ ਜਾਵੇਗਾ।

ਰਿਚਮੰਡ ਵਿਚ ਖਰੀਦੀ ਨਵੀਂ ਪ੍ਰਾਪਰਟੀ ਦੀ ਡੀਵੈਲਪਮਿੰਟ ਲਈ ਸੰਗਤਾਂ ਦੀ ਆਗਿਆ ਅਨੁਸਾਰ ਜਲਦੀ ਹੀ ਯੋਗ ਕਦਮ ਚੁਕੇ ਜਾਣਗੇ ਤਾਂਕਿ ਇਸ ਮਹਾਨ ਪ੍ਰੋਜੈਕਟ ਨੂੰ ਆਰੰਭ ਕਰਕੇ ਸੰਗਤਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਠੋਸ ਉਪਰਾਲੇ ਕੀਤੇ ਜਾ ਸਕਣ।

ਸ੍ਰੀ ਗੁਰੂ ਅਮਰਦਾਸ ਨਿਵਾਸ ਵਿਚ ਜਲਦੀ ਹੀ ਇਕ ਸ਼ਾਨਦਾਰ ਸਿੱਖ ਅਜਾਇਬ ਘਰ ਦੀ ਸਥਾਪਨਾ ਕੀਤੀ ਜਾਵੇਗੀ।

ਸ਼ਹੀਦ ਮੇਵਾ ਸਿੰਘ ਲਾਇਬਰੇਰੀ ਵਿਚ ਹੋਰ ਨਵੀਆਂ ਪੁਸਤਕਾਂ ਲਿਆਂਦੀਆਂ ਜਾਣਗੀਆਂ ਅਤੇ ਲਾਇਬਰੇਰੀ ਵਿਚ ਵੱਧ ਤੋਂ ਵੱਧ ਪੇਪਰ ਮੰਗਵਾਏ ਜਾਣਗੇ ਅਤੇ ਲਾਇਬਰੇਰੀ ਹਫਤੇ ਦੇ ਸੱਤੇ ਦਿਨ ਖੋਲ੍ਹਣ ਦਾ ਤੁਰੰਤ ਹੀ ਪ੍ਰਬੰਧ ਕੀਤਾ ਜਾਵੇਗਾ। ਗੁਰਦੁਆਰਾ ਸਾਹਿਬ ਦੇ ਆਲੇ ਦੁਆਲੇ ਨੂੰ ਸਵਾਰਿਆ ਜਾਵੇਗਾ, ਬਿਲਡਿੰਗ ਦੀ ਮੁਰੰਮਤ ਦਾ ਖਾਸ ਖਿਆਲ ਰੱਖਿਆ ਜਾਵੇਗਾ।

ਗੁਰਦੁਆਰਾ ਸਾਹਿਬ ਵਲੋਂ ਕਰਜ਼ੇ ਦੇ ਵਿਆਜ ਦੇ ਪੈਸਿਆਂ ਦਾ ਖਰਚ ਘਟਾਉਣ ਲਈ ਵੱਧ ਤੋਂ ਵੱਧ ਯਤਨ ਕਰਕੇ ਆਪ ਸੰਗਤਾਂ ਤੋਂ ਉਗਰਾਹੀ ਕਰਕੇ ਕਰਜ਼ਾ ਵਾਪਸ ਕਰਨ ਲਈ ਯਤਨ ਕੀਤੇ ਜਾਣਗੇ। ਹੋ ਰਹੀਆਂ ਫਜ਼ੂਲ ਖਰਚੀਆਂ (ਜੋਕਿ ਆਪਣੀ ਨਿਜੀ ਹਉਮੈ ਅਤੇ ਪਬਲੀਸਿਟੀ ਲਈ ਖਰਚ ਕੀਤਾ ਜਾ ਰਿਹਾ ਹੈ ਅਤੇ ਗੈਰ ਜ਼ੁਮੇਵਾਰਾਨਾ, ਗੈਰਵਿਧਾਨਕ ਕੰਮ ਕਰਕੇ ਕੋਰਟਾਂ ਵਿਚ ਫਜ਼ੂਲ ਖਰਚੀ ਕੀਤੀ ਜਾ ਰਹੀ ਹੈ) ਨੂੰ ਬੰਦ ਕੀਤਾ ਜਾਵੇਗਾ। ਖਰਚ ਘਟਾਏ ਜਾਣਗੇ। ਸੰਗਤਾਂ ਨਾਲ ਮਿਲਵਰਤਨ ਕਰਕੇ ਵੱਧ ਤੋਂ ਵੱਧ ਮਾਇਆ ਇਕੱਤਰ ਕਰਕੇ ਗੁਰਦੁਆਰਾ ਸਾਹਿਬ ਦੀ ਮਾਲੀ ਹਾਲਤ ਸੁਧਾਰੀ ਜਾਵੇਗੀ।

ਗੋਲਕ ਦੀ ਮਾਇਆ ਦਾ ਹਿਸਾਬ ਕਿਤਾਬ ਸੰਗਤਾਂ ਨੂੰ ਹਰ ਹਫਤੇ ਦੱਸਿਆ ਜਾਇਆ ਕਰੇਗਾ ਅਤੇ ਗੋਲਕ ਦੀ ਗਿਣਤੀ ਸੰਗਤਾਂ ਵਿਚੋਂ ਸੇਵਾਦਾਰ ਕਰਿਆ ਕਰਨਗੇ। ਗੁਰਦੁਆਰਾ ਸਾਹਿਬ ਦਾ ਹਿਸਾਬ ਕਿਤਾਬ ਸੰਗਤਾਂ ਜਦ ਚਾਹੁਣ ਦੇਖ ਸਕਣਗੀਆਂ।

ਸੁਸਾਇਟੀ ਦੇ ਵਿਧਾਨ ਵਿਚ ਤਬਦੀਲੀ ਸੰਗਤਾਂ ਦੀ ਪ੍ਰਵਾਨਗੀ ਨਾਲ ਕੀਤੀ ਜਾਵੇਗੀ ਤਾਂਕਿ ਮੈਂਬਰਸ਼ਿਪ ਦਾ ਫਾਰਮ ਹਰ ਸਾਲ ਦੀ ਬਜਾਏ ਪੰਜ ਸਾਲਾਂ ਪਿਛੋਂ ਭਰਿਆ ਜਾਵੇ। ਇਸ ਨਾਲ ਗੁਰਦੁਆਰਾ ਸਾਹਿਬ ਦੇ ਹਜ਼ਾਰਾਂ ਡਾਲਰਾਂ ਦੀ ਬੱਚਤ ਹੋਵੇਗੀ ਅਤੇ ਸੰਗਤਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਸਬੰਧ ਵਿਚ ਅਸੀਂ ਲਿਖਤੀ ਬੇਨਤੀ ਕਰ ਚੁਕੇ ਹਾਂ, ਯਤਨ ਕਰਾਂਗੇ ਕਿ ਇਸ ਸਾਲ ਦੇ ਅਖੀਰ ਵਿਚ ਹੋਣ ਵਾਲੀ ਜਨਰਲ ਮੀਟਿੰਗ ਵਿਚ ਸੰਗਤਾਂ ਦੀ ਪ੍ਰਵਾਨਗੀ ਨਾਲ ਇਹ ਤਬਦੀਲੀ ਕਰਵਾਈ ਜਾ ਸਕੇ।

ਸੁਸਾਇਟੀ ਦਾ ਸਾਰਾ ਮੌਜੂਦਾ ਵਿਧਾਨ ਅਨੁਸਾਰ ਹੋਵੇਗਾ। ਕੋਈ ਵੱਡਾ ਖਰਚੇ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸੰਗਤਾਂ ਦੀ ਪ੍ਰਵਾਨਗੀ ਲਈ ਜਾਵੇਗੀ।

ਉਪਰੋਕਤ ਪ੍ਰੋਗਰਾਮ ਨੂੰ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਅਤੇ ਗੁਰੂ ਕ੍ਰਿਪਾ ਦੁਆਰਾ ਨਿਭਾਉਣ ਲਈ ਅਸੀਂ ਬਚਨਬੱਧ ਹਾਂ। ਸਾਡੀ ਤਾਂ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ "ਸੋਈ ਕਰਾਇ ਜੋ ਤੁਧੁ ਭਾਵੈ॥ ਮੋਹਿ ਸਿਆਣਪ ਕਛੂ ਨ ਆਵੈ॥ ਹਮ ਬਾਰਿਕ ਤਉ ਸਰਣਾਈ॥ ਪ੍ਰਭਿ ਆਪੇ ਪੈਜ ਰਖਾਈ॥"

ਗੁਰੂ ਘਰ ਦੀ ਸੇਵਾ ਸਤਿਗੁਰੂ ਜੀ ਨੇ ਆਪ ਆਪਣੇ ਸੇਵਾਦਾਰਾਂ ਤੋਂ ਲੈਣੀ ਹੈ, "ਦੀਬਾਨੁ ਹਮਾਰੋ ਤੁਹੀ ਏਕ॥ ਸੇਵਾ ਥਾਰੀ, ਗੁਰਹਿ ਏਕ॥" ਸਾਨੂੰ ਪੂਰਨ ਵਿਸ਼ਵਾਸ਼ ਹੈ ਕਿ ਸੰਗਤਾਂ ਸਾਨੂੰ ਸੇਵਾ ਬਖਸ਼ ਕੇ ਧੰਨਵਾਦੀ ਬਣਾਉਣਗੀਆਂ।

**3 ਦਸੰਬਰ, 1983 ਦਿਨ ਸ਼ਨਿਚਰਵਾਰ ਨੂੰ ਭਾਈ ਜਰਨੈਲ ਸਿੰਘ ਭੰਡਾਲ ਪ੍ਰਧਾਨ ਅਤੇ ਭਾਈ ਅਮਰਜੀਤ ਸਿੰਘ ਸੰਧੂ ਸਕੱਤਰ ਦੀ ਪੂਰੀ ਸਲੇਟ ਨੂੰ ਵੋਟਾ ਪਾ ਕੇ ਕਾਮਯਾਬ ਕਰੋ ਤਾਂ ਕਿ ਉਪਰ ਦਿੱਤੇ ਪ੍ਰੋਗਰਾਮ ਅਨੁਸਾਰ ਸੇਵਾ ਨਿਭਾਈ ਜਾ ਸਕੇ।**

# THE CANADA DARPAN WEEKLY

P.O.BOX 67344 STN. 'O'
Vancouver, B.C. V5W 3T1

Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360

All Officeholders of CANADA DARPAN are honorary associates


'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।



ਸੰਪਾਦਕੀ

## ਸੀ. ਬੀ. ਸੀ. ਦੀ ਪੰਜਾਬ ਦੀ ਹਾਲਤ ਸਬੰਧੀ ਡਾਕੂਮੈਂਟਰੀ

ਸੀ. ਬੀ. ਸੀ. ਵੱਲੋਂ 23 ਨਵੰਬਰ ਦੀ ਰਾਤ ਨੂੰ ਦਿਖਾਈ ਗਈ ਡਾਕੂਮੈਂਟਰੀ ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਸਫਲ ਪੇਸ਼ਕਾਰੀ ਸੀ। ਇਸ ਡਾਕੂਮੈਂਟਰੀ ਵਿਚ ਅੱਧੇ ਘੰਟੇ ਵਿਚ ਸਮੁੱਚੀ ਪੰਜਾਬ ਦੀ ਹਾਲਤ ਨੂੰ ਪੇਸ਼ ਕਰਨਾ ਤੇ ਸੰਤੁਲਤ ਰੂਪ ਵਿਚ ਪੇਸ਼ ਕਰਨਾ ਸਾਡੇ ਲੋਕਾਂ ਲਈ ਅੱਖਾਂ ਖੋਹਲਣ ਵਾਲਾ ਸਾਬਤ ਹੋਇਆ ਹੈ। ਜੇ ਇਕ ਪਾਸੇ ਸ੍ਰੀਮਤੀ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਨੂੰ ਪੇਸ਼ ਕੀਤਾ ਗਿਆ ਤਾਂ ਦੂਸਰੇ ਪੱਖ ਨੂੰ ਉਜਾਗਰ ਕਰਨ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਸੰਤ ਭਿੰਡਰਾਂਵਾਲਾ ਨੂੰ ਪੇਸ਼ ਕੀਤਾ ਗਿਆ। ਸ. ਖੁਸ਼ਵੰਤ ਸਿੰਘ ਬੇਸ਼ਕ ਚਰਚਾ ਦਾ ਕੇਂਦਰ ਅਕਸਰ ਬਣੇ ਰਹਿੰਦੇ ਹਨ, ਫਿਰ ਵੀ ਉਹ ਇਕ ਹੰਢੇ ਹੋਏ ਪਤਰਕਾਰ ਹਨ ਤੇ ਉਨ੍ਹਾਂ ਦਾ ਪੰਜਾਬ ਦੀ ਸਥਿਤੀ ਸਬੰਧੀ ਵਿਸ਼ਲੇਸ਼ਨ ਕਾਫੀ ਹੱਦ ਤੱਕ ਸਹੀ ਪ੍ਰਤੀਤ ਹੁੰਦਾ ਸੀ। ਸ੍ਰੀਮਤੀ ਇੰਦਰਾ ਗਾਂਧੀ ਨੇ ਡਾਕੂਮੈਂਟਰੀ ਵਿਚ ਵੀ ਉਹੀ ਨਿਹੋਰੇ ਵਾਲੀ ਗੱਲ ਕੀਤੀ ਕਿ ਜਦ ਪੰਜਾਬ ਵਿਚ ਅਕਾਲੀ ਸਰਕਾਰ ਸੀ ਤੇ ਕੇਂਦਰ ਵਿਚ ਅਕਾਲੀ ਵਜ਼ੀਰ ਸਨ ਤਾਂ ਉਸ ਵੇਲੇ ਇਹ ਮਸਲੇ ਕਿਉਂ ਨਾ ਉਠਾਏ ਗਏ - ਇਹ ਨਿਹੋਰਾ ਪੰਜਾਬ ਦੀ ਅੱਜ ਦੀ ਹਾਲਤ ਨੂੰ ਦੇਖਦਿਆਂ, ਜਦੋਂ ਕਿ ਬੇਰਹਿਮੀ ਨਾਲ ਹਿੰਦੂ ਤੇ ਸਿਖ ਕਤਲ ਹੋ ਰਹੇ ਹਨ, ਭਾਰਤ ਦੀ ਪ੍ਰਧਾਨ ਮੰਤਰੀ ਦੇ ਮੂੰਹੋਂ ਸ਼ੋਭਾ ਨਹੀਂ ਦਿੰਦਾ।

ਸੀ. ਬੀ. ਸੀ. ਦੇ ਪੱਤਰਕਾਰ ਨੂੰ ਸ. ਖੁਸ਼ਵੰਤ ਸਿੰਘ ਨੇ ਕਿਹਾ ਕਿ ਸੰਤ ਭਿੰਡਰਾਂਵਾਲਾ ਧਾਰਮਿਕ ਕੱਟੜਤਾ ਕਾਰਨ ਪੰਜਾਬ ਦਾ ਖੁਮੈਨੀ ਹੈ। ਅਕਸਰ ਵਿਦੇਸ਼ੀ ਪੱਤਰਕਾਰ ਸੰਤ ਭਿੰਡਰਾਂਵਾਲਾ ਨੂੰ ਅਜਿਹੇ ਨਾਂ ਦਿੰਦੇ ਹਨ ਪਰ ਈਰਾਨ ਵਿਚ ਜੋ ਹਾਲਤ ਧਾਰਮਿਕ ਕੱਟੜਤਾ ਨੇ ਕੀਤੀ ਹੈ, ਉਹ ਸੰਸਾਰ ਵਿਚ ਕਿਸੇ ਤੋਂ ਭੁਲੀ ਵਿਸਰੀ ਨਹੀਂ। ਹਜ਼ਾਰਾਂ ਲੋਕਾਂ ਨੂੰ ਗੋਲੀ ਘਾਟ ਉਤਾਰੇ ਜਾਣਾ ਨਾ ਈਰਾਨ ਦਾ ਬਿੰਬ ਸੰਸਾਰ ਵਿਚ ਉਚਾ ਕਰਦਾ ਹੈ, ਨਾ ਧਰਮ ਦਾ। ਧਰਮ ਤਾਂ ਸਹਿਨਸ਼ੀਲਤਾ, ਸਬਰ ਤੇ ਨੇਕੀ ਦਾ ਸਬਕ ਦਿੰਦਾ ਹੈ ਨਾ ਕਿ ਨਫਰਤ ਤੇ ਕੱਟੜਤਾ ਦਾ। ਸਿਖ ਧਰਮ ਤਾਂ ਵਿਸ਼ੇਸ਼ ਕਰਕੇ ਸਰਬੱਤ ਦੇ ਭਲੇ ਦਾ ਧਰਮ ਹੈ ਤੇ ਇਸ ਵਿਚ ਕੱਟੜਤਾ ਤੇ ਨਫਰਤ ਦਾ ਪ੍ਰਵੇਸ਼ ਗੁਰੂਆਂ ਦੀ ਸਮੁੱਚੀ ਬਾਣੀ ਦਾ ਉਲੰਘਣ ਹੈ।

ਸੀ. ਬੀ. ਸੀ. ਦੀ ਇਸ ਡਾਕੂਮੈਂਟਰੀ ਨੇ ਇਕ ਗੱਲ ਇਹ ਵੀ ਸਪਸ਼ਟ ਕੀਤੀ ਕਿ ਜਿਥੇ ਰਾਜੀਵ ਗਾਂਧੀ ਪਾਕਿਸਤਾਨ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ, ਬੇਸ਼ਕ ਉਸ ਨਗ਼ ਪਾਕਿਸਤਾਨ ਦਾ ਨਾਂ ਲੈਣ ਤੋਂ ਗੁਰੇਜ਼ ਕੀਤਾ ਹੈ, ਉਥੇ ਖਾਲਿਸਤਾਨੀ ਅਨਸਰਾਂ ਲਈ ਤੇ ਵੱਖਵਾਦੀ ਨਾਅਰਿਆਂ ਲਈ ਸ੍ਰੀਮਤੀ ਗਾਂਧੀ ਨੇ ਅਮਰੀਕਾ, ਕੈਨੇਡਾ ਤੇ ਇੰਗਲੈਂਡ ਵੱਲ ਇਸ਼ਾਰਾ ਜ਼ਰੂਰ ਕੀਤਾ। ਪੰਜਾਬ ਤੋਂ ਆਉਂਦੇ ਲੋਕਾਂ ਦਾ ਵੀ ਇਹ ਵਿਚਾਰ ਹੈ ਕਿ ਵਿਦੇਸ਼ੀ ਅਖ਼ਬਾਰਾਂ ਵਿਚ ਖਾਲਿਸਤਾਨ ਦਾ ਨਾਅਰਾ ਸੁਣਿਆ ਜਾਂਦਾ ਹੈ ਪਰ ਪੰਜਾਬ ਜਾਂ ਭਾਰਤ ਵਿਚ ਇਸ ਦਾ ਨਾਂ ਵੀ ਕੋਈ ਨਹੀਂ ਲੈਂਦਾ।

ਡਾਕੂਮੈਂਟਰੀ ਵਿਚ ਸਿਖੀ ਸ਼ਨਾਖਤ ਲਈ ਇਸ ਨੂੰ ਸਿਖਾਂ ਦਾ ਯੁੱਧ ਕਿਹਾ ਗਿਆ ਹੈ। ਸ਼ਾਇਦ ਡਾਕੂਮੈਂਟਰੀ ਦੇ ਇਸ ਪੱਖ ਨਾਲ ਬਹੁਤੇ ਪੰਜਾਬੀ ਸਹਿਮਤ ਨਾ ਹੋਣ ਕਿਉਂਕਿ ਸੰਤ ਲੌਂਗੋਵਾਲ ਜਦੋਂ ਵੀ ਗੱਲ ਕਰਦੇ ਹਨ ਸਮੁੱਚੇ ਪੰਜਾਬੀਆਂ ਦੀ ਕਰਦੇ ਹਨ। ਇਹ ਮੋਰਚਾ ਅਸਲ ਵਿਚ ਪੰਜਾਬੀਆਂ ਦੀਆਂ ਮੰਗਾਂ—ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ, ਦਰਿਆਵਾਂ ਦਾ ਪਾਣੀ, ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੇ ਮਸਲੇ ਨੂੰ ਲੈ ਕੇ ਲਾਇਆ ਗਿਆ ਹੈ।

ਸਮੁੱਚੇ ਤੌਰ ਤੇ ਸੀ. ਬੀ. ਸੀ. ਇਸ ਡਾਕੂਮੈਂਟਰੀ ਲਈ ਵਧਾਈ ਦੀ ਪਾਤਰ ਹੈ ਜਿਸਨੇ ਡੇਢ ਲੱਖ ਭਾਰਤੀ ਕੈਨੇਡੀਅਨਾਂ ਦੇ ਸਾਹਮਣੇ ਪੰਜਾਬ ਦੀ ਸਮੁੱਚੀ ਹਾਲਤ ਰੱਖੀ ਹੈ ਜਿਸ ਤੋਂ ਉਹ ਆਪਣੇ ਆਪ ਅੰਦਾਜ਼ਾ ਲਾ ਸਕਦੇ ਹਨ ਕਿ ਕੇਂਦਰ ਤੇ ਅਕਾਲੀਆਂ ਵਿਚੋਂ ਕਿਹੜੀਂ ਪੰਜਾਬ ਦੀ ਸਥਿਤੀ ਨੂੰ ਖਰਾਬ ਕਰ ਰਿਹਾ ਹੈ।

---

ਯਾਰਾ ! ਤੂੰ ਖ਼ਤ ਤਾਂ ਲਿਖਿਆ ਸੀ
ਪਰ ਦੁਨੀਆ ਦੀ ਮਾਰਫ਼ਤ ਪਾਇਆ
ਤੇ ਮਿੱਤਰਾ ! ਮੁਹੱਬਤ ਦਾ ਖ਼ਤ
ਜੋ ਧਰਤੀ ਦੇ ਮੇਚ ਦਾ ਹੁੰਦਾ
ਜੋ ਅੰਬਰ ਦੇ ਨਾਪ ਦਾ ਹੁੰਦਾ
ਉਹ ਦੁਨੀਆਂ ਵਾਲਿਆਂ ਨੇ ਫੜ ਕੇ
ਇਕ ਕੌਮ ਜਿੱਡਾ ਕਤਰ ਕੇ
ਕੌਮ ਦੇ ਮੇਚੇ ਦਾ ਕੀਤਾ ਸੀ...

ਅੰਮ੍ਰਿਤਾ ਪ੍ਰੀਤਮ

# ਪੰਜਾਬ ਦੀ ਡਾਇਰੀ

(ਵਿਸ਼ੇਸ਼ ਪ੍ਰਤੀਨਿਧ ਵਲੋਂ—ਮਨਜੀਤ ਸਿੰਘ ਰੱਤੂ)

ਚੰਡੀਗੜ੍ਹ—ਸਟਾਫ ਰਿਪੋਰਟਰ—ਕੋਈ ਪਿਛਲੇ 14 ਮਹੀਨੇ ਅਕਾਲੀ ਮੋਰਚੇ ਵਿਚ 1.5 ਲੱਖ ਤੋਂ ਵੀ ਵਧੇਰੇ ਲੋਕਾਂ ਨੇ ਗ੍ਰਿਫਤਾਰੀਆਂ ਦਿਤੀਆਂ ਹਨ। ਇਸ ਸਮੇਂ ਵਿਚ 154 ਹਿੰਸਕ ਘਟਨਾਵਾਂ ਜਿਨ੍ਹਾਂ ਵਿਚ 35 ਨਿਰੰਕਾਰੀ ਅਤੇ 15 ਪੁਲਸ ਕਰਮਚਾਰੀ ਮਾਰੇ ਗਏ। ਸਿੱਖ ਅਤਿਵਾਦੀਆਂ ਵਲੋਂ ਕਥਿਤ ਤੌਰ ਤੇ ਮਾਰੇ ਜਾਣ ਵਾਲਿਆਂ ਵਿਚ ਇਕ ਡਿਪਟੀ ਇੰਸਪੈਕਟਰ ਜਨਰਲ, ਤਿੰਨ ਚਾਰ ਸਬ ਇੰਸਪੈਕਟਰ ਅਤੇ 6 ਹੈਡ ਕਾਂਸਟੇਬਲ ਅਤੇ ਸਿਪਾਹੀ ਸ਼ਾਮਲ ਹਨ।

ਇਨ੍ਹਾਂ ਹਿੰਸਕ ਘਟਨਾਵਾਂ ਵਿਚ 34 ਬੰਬ ਧਮਾਕੇ ਵੀ ਸ਼ਾਮਲ ਹਨ। ਇਨ੍ਹਾਂ ਵਿਚੋਂ ਦੋ ਬੰਬ ਤਾਂ ਸਾਬਕਾ ਮੁਖ ਮੰਤਰੀ ਦਰਬਾਰਾ ਸਿੰਘ ਉਤੇ ਸੁੱਟੇ ਗਏ ਪ੍ਰੰਤੂ ਉਹ ਖੁਸ਼ਕਿਸਮਤੀ ਨਾਲ ਗੰਭੀਰ ਜ਼ਖਮੀ ਨਹੀਂ ਹੋਏ। ਇੰਡੀਅਨ ਏਅਰ ਲਾਈਨਜ਼ ਦੇ ਦੋ ਹਵਾਈ ਜਹਾਜ਼ ਅਵਗਾ ਕੀਤੇ ਗਏ। ਇਨ੍ਹਾਂ ਵਿਚੋਂ ਇਕ ਨੂੰ ਅਗਵਾ ਕਰਕੇ ਲਾਹੌਰ ਪਹੁੰਚਾਇਆ ਗਿਆ। ਦੂਜੇ ਹਵਾਈ ਜਹਾਜ਼ ਨੂੰ ਅਗਵਾ ਕਰਨ ਵਾਲਾ ਇਕੋ ਇਕ ਧਾੜਵੀ ਅੰਮ੍ਰਿਤਸਰ ਹਵਾਈ ਅੱਡੇ ਤੇ ਪੁਲੀਸ ਦੇ ਮੁਕਾਬਲੇ ਵਿਚ ਮਾਰਿਆ ਗਿਆ ਸੀ।

ਅਕਾਲੀਆਂ ਅਨੁਸਾਰ ਪੁਲੀਸ ਦੇ 'ਕਥਿਤ' ਮੁਕਾਬਲਿਆਂ ਵਿਚ 150 ਸਿਖ ਮਾਰੇ ਗਏ। ਮਰਨ ਵਾਲਿਆਂ ਵਿਚ 19 ਨਿਹੰਗ ਸ਼ਾਮਲ ਹਨ। ਪੰਜਾਬ ਸਰਕਾਰ ਅਕਾਲੀਆਂ ਵਲੋਂ ਲਾਏ ਦੋਸ਼ਾਂ ਤੋਂ ਇਨਕਾਰ ਨਹੀਂ ਕਰਦੀ ਸਗੋਂ ਉਹ ਮਰਨ ਵਾਲਿਆਂ ਦੀ ਗਿਣਤੀ ਤਿੰਨ ਦਰਜਨ ਤੋਂ ਵੀ ਘੱਟ ਦੱਸਦੀ ਹੈ। ਪਿਛਲੇ ਤਿੰਨ ਹਫਤੇ ਦੌਰਾਨ ਅੰਮ੍ਰਿਤਸਰ ਰਹਿਣ 'ਤੇ ਮੈਨੂੰ ਇਹ ਤਜਰਬਾ ਹੋਇਆ ਕਿ ਇਨ੍ਹਾਂ ਅੰਕੜਿਆਂ ਵਿਚ ਅੱਧ-ਪਚੱਧੀ ਸਚਾਈ ਹੈ। ਰਾਜ ਵਿਚ ਸਰਕਾਰ ਦੀ ਹੋਂਦ ਕਿਧਰੇ ਨਜ਼ਰ ਨਹੀਂ ਆਉਂਦੀ। ਜੇਕਰ ਇਸ ਤਰ੍ਹਾਂ ਦੀ ਗੱਲ ਹੈ ਤਾਂ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿ ਅਤਿਵਾਦੀ ਹਿੰਸਕ ਘਟਨਾਵਾਂ ਵਾਲੀਆਂ ਥਾਵਾਂ ਤੋਂ ਬਿਨਾਂ ਕਿਸੇ ਰੋਕ ਟੋਕ ਦੇ ਸੈਂਕੜੇ ਕਿਲੋਮੀਟਰ ਸਫਰ ਤਹਿ ਕਰਕੇ ਆਪਣੇ ਟਿਕਾਣਿਆਂ 'ਤੇ ਪਹੁੰਚ ਜਾਂਦੇ ਹਨ।

ਇਹ ਤਾਂ ਮੰਨਣਾ ਹੀ ਪਏਗਾ ਕਿ ਸ੍ਰੀ ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਸ੍ਰੀ ਬਲਵੰਤ ਸਿੰਘ ਅਤੇ ਰਵੀਇੰਦਰ ਸਿੰਘ ਵਰਗੇ ਨਰਮਦਲੀਏ ਅਕਾਲੀ ਨੇਤਾ ਸ੍ਰੀਮਤੀ ਇੰਦਰਾ ਗਾਂਧੀ ਕੋਲੋਂ ਕੁਝ ਰਿਆਇਤਾਂ ਲੈਣ ਵਿਚ ਸਫਲ ਨਹੀਂ ਹੋ ਸਕੇ। ਜਿਸ ਦੇ ਸਿੱਟੇ ਵਜੋਂ ਅਕਾਲੀ ਦਲ ਵਿਚ ਕਈ ਕਿਸਮ ਦੀਆਂ ਦਰਾੜਾਂ ਪੈ ਗਈਆਂ। ਪਰ ਇਨ੍ਹਾਂ ਦਰਾੜਾਂ ਦਾ ਮਤਲਬ ਇਹ ਨਹੀਂ ਕਿ ਅਕਾਲੀ ਨੇਤਾ ਆਪਣੇ ਅੰਤਮ ਰਾਜਸੀ ਉਦੇਸ਼ ਵਿਚ ਵੰਡੇ ਹੋਏ ਹਨ। ਜੇ ਉਨ੍ਹਾਂ ਵਿਚੋਂ ਕੋਈ ਵੰਡ ਹੈ ਤਾਂ ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਢੰਗ ਤਰੀਕਿਆਂ ਵਿਚ ਹੈ।

ਵੱਖ ਵੱਖ ਕਿਸਮ ਦੇ ਕਈ ਅਕਾਲੀ ਨੇਤਾਵਾਂ ਨਾਲ ਗਲਬਾਤ ਕਰਨ ਪਿਛੋਂ ਮੈਂ ਇਹ ਮਹਿਸੂਸ ਕੀਤਾ ਹੈ ਕਿ ਉਨ੍ਹਾ ਨਾਲ 'ਮਾਡਰੇਟਾ', 'ਖਾੜਕੂ' ਅਤੇ 'ਅਤਿਵਾਦੀ' ਵਰਗੇ ਸ਼ਬਦ ਵਰਤਣੇ ਹਕੀਕਤ ਤੋਂ ਪਰ੍ਹੇ ਹਨ। ਮਿਸਾਲ ਦੇ ਤੌਰ ਤੇ ਬਹੁਤ ਹੀ ਨਿਮਰਤਾ ਨਾਲ ਬੋਲਣ ਵਾਲੇ ਸੰਤ ਹਰਚੰਦ ਸਿੰਘ ਲੌਂਗੋਵਾਲ ਵੀ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਸ੍ਰੀਮਤੀ ਗਾਂਧੀ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਰਾਜਸੀ ਤੌਰ 'ਤੇ ਧੋਖਾ ਦਿੱਤਾ ਹੈ। ਇਸੇ ਲਈ ਉਹ ਸਖਤ ਸ਼ਬਦਾਬਲੀ ਵਿਚ ਗੱਲਾਂ ਕਰਦੇ ਹਨ। ਉਨ੍ਹਾਂ ਨੇ ਮੈਨੂੰ ਇਕ ਮੁਲਾਕਾਤ ਵਿਚ ਦੱਸਿਆ ਕਿ ਧਰਮ ਯੁੱਧ ਦਾ ਅਗਲਾ ਪੜਾਅ ਰੇਲ ਰੋਕੋ ਅਤੇ ਕੰਮ ਰੋਕੋ ਅੰਦੋਲਨ ਦੀ ਸਫਲਤਾ ਤੋਂ ਮਗਰੋਂ ਖਾਲਸਾ ਪੰਥ ਦੀਆਂ ਆਸਾਂ ਉਮੀਦਾਂ ਮੁਤਾਬਿਕ ਵਧੇਰੇ ਖਾੜਕੂ ਹੋਵੇਗਾ। ਅਕਾਲੀ ਨੇਤਾ ਨੇ ਦੱਸਿਆ ਕਿ ਜੇ ਅਸੀਂ ਇਹ ਖਾੜਕੂ ਰਾਹ ਨਾ ਅਖਤਿਆਰ ਕਰੀਏ ਤਾਂ ਸਿੱਖਾਂ ਵਿਚ ਮਾਯੂਸੀ ਛਾ ਜਾਏਗੀ। ਉਨ੍ਹਾਂ ਸਵੀਕਾਰ ਕੀਤਾ ਕਿ ਮੋਰਚੇ ਦੀ ਖੇਡ ਦਾ ਸਿੱਟਾ ਫੌਰੀ ਤੌਰ 'ਤੇ ਨਜ਼ਰ ਨਹੀਂ ਆ ਰਿਹਾ ਅਤੇ ਇਸ ਦੇ ਖਿਡਾਰੀ ਇਕ ਅਜਿਹੀ ਥਾਂ 'ਤੇ ਆ ਕੇ ਘਿਰ ਗਏ ਹਨ ਜਿਥੋਂ ਅੱਗੋਂ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਇਉਂ ਮਹਿਸੂਸ ਹੁੰਦਾ ਹੈ ਜਿਵੇਂ ਸੰਤ ਲੌਂਗੋਵਾਲ ਦੀਆਂ ਭਵਿਖ ਦੀਆਂ ਯੋਜਨਾਵਾਂ ਅਜੇ ਵੀ ਅਸਪਸ਼ਟ ਤੇ ਧੁੰਦਲੀਆਂ ਹਨ।

ਇਸੇ ਮਾਯੂਸੀ ਵਿਚ ਉਨ੍ਹਾਂ ਨੇ ਸਿਖ ਅਤਿਵਾਦੀਆਂ ਵਲੋਂ ਵਰਤੀ ਜਾ ਰਹੀ ਹਿੰਸਾ ਨੂੰ ਜਾਇਜ਼ ਠਹਿਰਾਉਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦਾ ਇਹ ਖਿਆਲ ਹੈ ਕਿ ਜੇਕਰ ਸਰਕਾਰ ਦੋਸ਼ੀਆਂ ਨੂੰ ਸਜ਼ਾ ਦੇਣ ਵਿਚ ਅਸਫਲ ਰਹਿੰਦੀ ਹੈ ਤਾਂ ਲੋਕਾਂ ਦਾ ਇਹ ਜਾਇਜ਼ ਹੱਕ ਬਣਦਾ ਹੈ ਕਿ ਉਹ ਦੋਸ਼ੀਆਂ ਨੂੰ ਆਪ ਸਜਾਵਾਂ ਦੇਣ।

ਦੂਜਾ ਕਾਰਨ 'ਭੋਲੇ ਭਾਲੇ' ਅਤੇ 'ਅੰਮ੍ਰਿਤਧਾਰੀ' ਸਿੱਖਾਂ ਉਤੇ ਪੁਲੀਸ ਵਲੋਂ ਕੀਤੇ ਜਾ ਰਹੇ ਅਤਿਆਚਾਰ ਅਤੇ ਸਿਖ ਨੌਜਵਾਨਾਂ ਦਾ 'ਝੂਠੇ' ਮੁਕਾਬਲਿਆਂ ਵਿਚ 'ਯੋਜਨਾਬਧ' ਕਤਲਾਂ ਦਾ ਇਕੋ ਇਕ ਜੁਆਬ ਇਹ ਹੈ ਕਿ ਉਨ੍ਹਾਂ ਵਿਰੁਧ ਜੁਆਬੀ ਕਾਰਵਾਈ ਕੀਤੀ ਜਾਵੇ।

ਇਸ ਦੇ ਨਾਲ ਹੀ ਸੰਤ ਲੌਂਗੋਵਾਲ ਇਹ ਵੀ ਮਹਿਸੂਸ ਕਰਦੇ ਹਨ ਕਿ ਅਤਿਵਾਦੀਆਂ ਦੀਆਂ ਬਹੁਤੀਆਂ ਕਾਰਵਾਈਆਂ ਤਾਂ ਹਿੰਦੂ ਬਹੁਮਤ ਵਾਲੇ ਇਲਾਕਿਆਂ ਵਿਚ ਹੋਈਆਂ ਹਨ ਜਾਂ ਕਾਂਗਰਸ(ਇ) ਦੇ ਗੜ੍ਹਾਂ ਵਿਚ। ਇਸ ਤੋਂ ਇਲਾਵਾ ਦੋਸ਼ੀ ਬਚ ਕੇ ਨਿਕਲਣ ਵਿਚ ਸਫਲ ਹੁੰਦੇ ਰਹੇ ਹਾਲਾਂ ਕਿ ਹਕੀਕਤ ਇਹ ਸੀ ਕਿ ਪੰਜਾਬ ਵਿਚ ਪੁਲੀਸ ਰਾਜ ਬਣਿਆ ਹੋਇਆ ਹੈ ਅਤੇ ਇਹਦੇ ਵਿਚ ਦੋਸ਼ੀਆਂ ਦਾ ਬਚ ਨਿਕਲਣਾ ਹੈਰਾਨੀ ਹੀ ਹੈ।

ਸੰਤ ਲੌਂਗੋਵਾਲ ਨੇ ਮੈਨੂੰ ਸਵਾਲ ਕੀਤਾ ਕਿ ਕੀ ਇਸ ਦਾ ਮਤਲਬ ਇਹ ਨਹੀਂ ਕਿ ਇਹ ਕਥਿਤ ਅਤਿਵਾਦੀ ਹੁਕਮਰਾਨ ਪਾਰਟੀ ਦੀ ਹੀ ਪੈਦਾਵਾਰ ਹਨ ਅਤੇ ਇਨ੍ਹਾਂ ਨੂੰ ਸਰਕਾਰ ਦੀ ਸਰਪ੍ਰਸਤੀ ਹਾਸਲ ਹੈ ਕਿ ਉਹ ਪੁਲੀਸ ਦੀ ਕਾਰਵਾਈ ਤੋਂ ਬਚ ਜਾਂਦੇ ਹਨ।

ਇਹ ਪੁਛੇ ਜਾਣ ਉਤੇ ਕਿ ਤੁਹਾਡਾ ਭਵਿੱਖ ਦਾ ਕਹੀ ਪ੍ਰੋਗਰਾਮ ਹੈ, ਅਕਾਲੀ ਨੇਤਾ ਨੇ ਬੜੇ ਦੁਖੀ ਹੋ ਕੇ ਆਖਿਆ ਕਿ ਜਿਸ ਤਰ੍ਹਾਂ ਘਟਨਾਵਾਂ ਵਾਪਰ ਰਹੀਆਂ ਹਨ, ਉਸ ਤੋਂ ਬਿਨਾਂ ਸ਼ੱਕ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਗੰਭੀਰ ਖਤਰਾ ਹੈ। ਜੇਕਰ ਸਰਕਾਰ ਦੀ ਮੌਜੂਦਾ ਨੀਤੀ ਇਵੇਂ ਹੀ ਰਹੀ ਤਾਂ 1999 ਈਸਵੀ ਨੂੰ ਜਦੋਂ ਖਾਲਸਾ ਪੰਥ ਆਪਣੀ 400 ਸਾਲਾ ਵਰ੍ਹੇ ਗੰਢ ਮਨਾ ਰਿਹਾ ਹੋਏਗਾ, ਇਕ ਖੁਦਮੁਖਤਾਰ ਸਟੇਟ ਹੋਂਦ ਵਿਚ ਆ ਜਾਏਗੀ।

ਉਨ੍ਹਾਂ ਕਿਹਾ ਕਿ 1999 ਈ: ਦਾ ਸਾਲ ਮਹੱਤਵਪੂਰਨ ਹੈ। 1699 ਈ: 'ਚ ਦਸਵੇਂ ਗੁਰੂ ਨੇ ਖਾਲਸਾ ਪੰਥ ਸਾਜਿਆ, 1799 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਦੇ ਤਖਤ ਉਤੇ ਕਬਜ਼ਾ ਕੀਤਾ। 1899 ਵਿਚ ਸਿੱਖਾਂ ਨੇ ਬਰਤਾਨਵੀ ਹੁਕਮਰਾਨਾਂ ਕੋਲੋਂ ਵਿਸ਼ੇਸ਼ ਰਿਆਇਤਾਂ ਲਈਆਂ ਅਤੇ ਜੇਕਰ ਮੌਜੂਦਾ ਹੁਕਮਰਾਨਾਂ ਨੇ ਦੀਵਾਰ ਉਤੇ ਲਿਖੀ ਹਕੀਕਤ ਨੂੰ ਨਾ ਪੜ੍ਹਿਆ ਅਤੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਪ੍ਰਵਾਨ ਨਾ ਕੀਤਾ ਜਿਸਦਾ ਨਿਸ਼ਾਨਾ ਸਹੀ ਅਰਥਾਂ ਵਿਚ ਫੈਡਰਲ ਢਾਂਚਾ ਕਾਇਮ ਕਰਨਾ ਹੈ ਤਾਂ 1999 ਈ: ਵਿਚ ਸਿਖ ਆਪਣੀ ਇਕ ਵੱਖਰੀ ਸਟੇਟ ਬਣਾ ਸਕਦੇ ਹਨ।

ਇਹ ਮੇਰਾ ਪੱਕਾ ਯਕੀਨ ਹੈ ਕਿ ਸੰਤ ਹਰਚੰਦ ਸਿੰਘ ਨਾ ਤਾਂ ਮੋਰਚਾ ਤੇਜ਼ ਕਰਨਾ ਚਾਹੁੰਦੇ ਹਨ ਅਤੇ ਨਾ ਹੀ ਇਕ ਵੱਖਰੀ ਸਟੇਟ ਚਾਹੁੰਦੇ ਹਨ, ਪਰ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਕੋਲ ਇਨ੍ਹਾਂ ਦੋਵਾਂ ਵਿਚੋਂ ਇਕ ਰਸਤਾ ਅਖਤਿਆਰ ਕਰਨ ਤੋਂ ਬਿਨਾਂ ਹੋਰ ਕੋਈ ਵੀ ਚਾਰਾ ਨਹੀਂ ਹੈ।

ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਮੋਰਚੇ ਪ੍ਰਤੀ ਸਖਤ ਵਤੀਰਾ ਅਪਨਾਉਣ ਦੇ ਬਾਵਜੂਦ ਸਿਖ ਨੌਜਵਾਨ ਅਤੇ ਅਤਿਵਾਦੀਅ ਠੰਢੇ ਨਹੀਂ ਹੋਏ ਸਗੋਂ ਉਹ ਖੁਲ੍ਹੇਆਮ ਸੰਤ ਲੌਂਗੋਵਾਲ ਦੀ ਵਿਰੋਧਤਾ ਉਤੇ ਉਤਰ ਆਏ ਹਨ।

ਮਿਸਾਲ ਦੇ ਤੌਰ 'ਤੇ "ਅਕਾਲੀ ਫੈਡਰੇਸ਼ਨ" ਨਾਂ ਦੀ ਜਥੇਬੰਦੀ ਦੇ



ਕਨਵੀਨਰ ਸ੍ਰ: ਕੰਵਰ ਸਿੰਘ ਜਿਸ ਦੇ ਸਿਰ ਦਾ ਸਰਕਾਰ ਨੇ ਭਾਰੀ ਇਨਾਮ ਰੱਖਿਆ ਹੋਇਆ ਹੈ, ਨੇ ਆਪਣੇ ਛੁਪਣਹਾਰ ਸਥਾਨ ਤੇ ਮੈਨੂੰ ਦੱਸਿਆ ਕਿ ਉਨ੍ਹਾਂ ਦੇ ਸਿੱਖਾਂ ਦੀ ਸਰਵਉਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇਕ ਯਾਦ ਪੱਤਰ ਦਿਤਾ ਸੀ ਜਿਸ ਵਿਚ ਉਨ੍ਹਾ ਨੂੰ ਬੇਨਤੀ ਕੀਤੀ ਗਈ ਸੀ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ "ਸਿਖ ਸ਼ਹੀਦਾਂ" ਨੂੰ ਨੀਵਾਂ ਵਿਖਾਉਣ ਬਾਰੇ ਦਿਤੇ ਬਿਆਨ ਲਈ ਉਨ੍ਹਾਂ(ਸੰਤ ਲੌਂਗੋਵਾਲ) ਨੂੰ ਅਕਾਲ ਤਖਤ ਸਾਹਿਬ 'ਤੇ ਤਲਬ ਕੀਤਾ ਜਾਵੇ।

ਇਹ ਪੁਛੇ ਜਾਣ ਉਤੇ ਕਿ ਤੁਹਾਡਾ ਅਕਾਲੀ ਮੋਰਚੇ ਬਾਰੇ ਕੀ ਵਿਚਾਰ ਹੈ, ਉਨ੍ਹਾਂ ਆਖਿਆ ਕਿ ਭਾਵੇਂ ਮੋਰਚਾ ਸਿਖਾਂ ਦੀਆਂ "ਜਾਇਜ਼ ਤੇ ਇਨਸਾਫ ਪਸੰਦ ਮੰਗਾਂ" ਮਨਵਾਉਣ ਵਿਚ ਅਸਫਲ ਰਿਹਾ ਹੈ ਪਰ ਇਸ ਨਾਲ ਪੰਥ ਨੂੰ ਬੇਮਿਸਾਲ ਫਾਇਦਾ ਹੋਇਆ ਹੈ। ਮੋਰਚੇ ਨੇ ਸਿਖਾਂ ਨੂੰ ਇਹ ਸੋਚਣ 'ਤੇ ਮਜ਼ਬੂਰ ਕਰ ਦਿਤਾ ਹੈ ਕਿ ਉਨ੍ਹਾਂ ਨੇ "ਹਿੰਦੂਆਂ ਦੇ ਭਾਰਤ" ਵਿਚ ਰਹਿਣਾ ਹੈ ਜਾਂ ਨਹੀਂ।

ਸ੍ਰ: ਕੰਵਰ ਸਿੰਘ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਮੋਰਚੇ ਦੇ ਡਿਕਟੇਟਰ ਨੂੰ ਇਕੱਲੇ ਜਾਂ ਉਨ੍ਹਾਂ ਦੇ ਕੁਝ ਸਮਰਥਕਾਂ ਨੂੰ ਇਹ ਅਧਿਕਾਰ ਨਹੀਂ ਮਿਲ ਜਾਂਦਾ ਕਿ ਉਹ ਕੇਂਦਰ ਨਾਲ ਕੋਈ ਸਮਝੌਤਾ ਕਰ ਲੈਣ। ਸਮਝੌਤੇ ਲਈ ਪ੍ਰਵਾਨਗੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ "ਸਰਬ ਖਾਲਸੇ" ਵਲੋਂ ਗੁਰਮਤੇ ਰਾਹੀਂ ਲੈਣੀ ਪਵੇਗੀ ਅਤੇ ਅਕਾਲ ਤਖਤ ਦਾ ਜਥੇਦਾਰ ਬਾਕਾਇਦਾ ਇਸ ਬਾਰੇ ਐਲਾਨ ਕਰੇਗਾ।

ਸ੍ਰ. ਕੰਵਰ ਨੇ ਕਿਹਾ ਕਿ ਅਕਾਲ ਫੈਡਰੇਸ਼ਨ ਦਾ ਅੰਤਮ ਉਦੇਸ਼ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਦਾਰੀ ਹੇਠ ਸਿੱਖਾਂ ਦੀ ਇਕ ਖੁਦਮੁਖਤਿਆਰ ਸਟੇਟ ਕਾਇਮ ਕਰਨਾ ਹੈ। ਸਦਭਾਵਨਾ ਦੇ ਤੌਰ 'ਤੇ ਉਹ ਇਸ ਮਾਮਲੇ 'ਤੇ ਰਾਏ ਸ਼ੁਮਾਰੀ ਕਰਵਾਉਣ ਲਈ ਵੀ ਤਿਆਰ ਹਨ।

ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਅਤੇ ਇਸ਼ਤਿਹਾਰੀ ਮੁਜਰਿਮ ਸ੍ਰ. ਹਰਮਿੰਦਰ ਸਿੰਘ ਸੰਧੂ ਵੀ ਲਗਭਗ ਅਕਾਲ ਫੈਡਰੇਸ਼ਨ ਦੀਆਂ ਭਾਵਨਾਵਾਂ ਦੇ ਹੀ ਸਮਰਥਕ ਹਨ। ਇਨ੍ਹਾਂ ਦੋਸ਼ ਲਾਇਆ ਕਿ "ਸਥਾਪਤ" ਹੋ ਚੁਕੀ ਅਕਾਲੀ ਲੀਡਰਸ਼ਿਪ ਦਾ ਪਤਣ ਹੋ ਚੁੱਕਾ ਹੈ ਕਿਉਂਕਿ ਉਨ੍ਹਾਂ ਨੇ ਅਕਾਲ ਤਖਤ ਸਾਹਿਬ ਦੀ ਸਰਵਉਚਤਾ ਦੇ ਮੁਕਾਬਲੇ ਭਾਰਤੀ ਸੰਵਿਧਾਨ ਨੂੰ ਮਾਨਤਾ ਦੇ ਕੇ ਪੰਥਕ ਰਾਜਨੀਤੀ ਨੂੰ ਧਰਮ ਨਿਰਪੱਖ ਲੀਹਾਂ ਤੇ ਲਿਆਉਣ ਦੀ ਕੋਸ਼ਿਸ਼ ਕੀਤੀ।

ਸ੍ਰ. ਸੰਧੂ ਨੇ ਇਸ ਗੱਲ ਦਾ ਖੰਡਨ ਕੀਤਾ ਕਿ ਫੈਡਰੇਸ਼ਨ ਅਕਾਲੀ ਦਲ ਦੇ ਧਰਮ ਯੁੱਧ ਦੇ ਵਿਰੁਧ ਹੈ। ਉਨ੍ਹਾਂ ਕਿਹਾ ਕਿ ਫੈਡਰੇਸ਼ਨ ਇਸ ਗੱਲ ਨੂੰ ਯਕੀਨੀ ਬਣਾਏਗੀ ਕਿ ਅਕਾਲੀ ਲੀਡਰਸ਼ਿਪ ਅਨੰਦਪੁਰ ਸਾਹਿਬ ਦੇ ਮਤੇ ਨੂੰ ਮੁਕੰਮਲ ਤੌਰ 'ਤੇ ਲਾਗੂ ਕਰਵਾਏ। ਪਰ "ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਵਾਉਣਾ ਤਾਂ ਸਾਡਾ ਫੌਰੀ ਉਦੇਸ਼ ਹੈ। ਸਾਡਾ ਅੰਤਮ ਉਦੇਸ਼ ਤਾਂ ਖੁਦ ਮੁਖਤਿਆਰ ਸਿਖ ਸਟੇਟ ਕਾਇਮ ਕਰਨਾ ਹੈ।"

ਇਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ ਸ੍ਰ: ਕੰਵਰ ਸਿੰਘ ਅਤੇ ਸ੍ਰ: ਹਰਮਿੰਦਰ ਸਿੰਘ ਦੋਵੇਂ ਹੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਤੂਫਾਨੀ ਦਸਤੇ ਹੀ ਹਨ, ਜੋ ਸਿਖ ਧਰਮ ਦੀਆਂ ਬੁਨਿਆਦਾਂ ਨੂੰ ਸੁਰਜੀਤ ਕਰਨ ਅਤੇ ਪੰਥਕ ਭਾਵਨਾਵਾਂ ਤੇ ਜ਼ਜ਼ਬਿਆਂ ਦੇ ਪ੍ਰਤੀਕ ਵਜੋਂ ਉਭਰ ਕੇ ਸਾਹਮਣੇ ਆਏ ਹਨ। ਇਹ ਕਹਿਣਾ ਗਲਤ ਨਹੀਂ ਹੋਏਗਾ ਕਿ ਸੰਤ ਭਿੰਡਰਾਂਵਾਲਾ ਹਰੇਕ ਸਿਖ ਦੇ ਸੁਪਨਿਆਂ ਅਤੇ ਕਲਪਨਾ ਵਿਚ ਵੱਸੇ ਹੋਏ ਹਨ। ਇਉਂ ਲਗਦਾ ਹੈ ਜਿਵੇਂ ਸੰਤ ਭਿੰਡਰਾਂਵਾਲਾ ਨੇ ਸਿਖਾਂ ਨੂੰ ਇਹ ਮਹਿਸੂਸ ਕਰਵਾ ਦਿਤਾ ਹੈ ਕਿ ਜੇਕਰ ਉਹ ਉਸ (ਸੰਤ ਭਿੰਡਰਾਂਵਾਲਾ) ਦੇ ਮਗਰ ਲੱਗਣ ਤਾਂ ਉਹ ਉਨ੍ਹਾਂ ਦੀਆਂ ਮਨੋਕਲਪਨਾਵਾਂ ਨੂੰ ਪੂਰਿਆਂ ਕਰਵਾ ਸਕਦਾ ਹੈ।

ਇਸ ਤਰਾਂ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੇ ਸਿਖਾਂ ਦੇ ਸਾਹਮਣੇ ਸੁਪਨਿਆਂ ਦਾ ਇਕ ਸੰਸਾਰ ਪੇਸ਼ ਕਰ ਦਿਤਾ ਹੈ ਅਤੇ ਉਨ੍ਹਾਂ ਨੂੰ ਮਹਿਸੂਸ ਕਰਵਾ ਦਿਤਾ ਹੈ ਕਿ ਇਨ੍ਹਾਂ ਸੁਪਨਿਆਂ ਨੂੰ ਉਹ ਹੀ ਪੂਰਾ ਕਰਵਾ ਸਕਦਾ ਹੈ।

20 ਸਤੰਬਰ ਨੂੰ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੀ ਸਾਲਾਨਾ ਕਨਵੈਨਸ਼ਨ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੇ ਹਰੇਕ ਕਿਸਮ ਦੀ ਹਿੰਸਕ ਭਾਸ਼ਾ ਦੀ ਵਰਤੋਂ ਕੀਤੀ। ਉਨ੍ਹਾਂ ਨੇ ਪੰਥ ਨੂੰ ਭਰੋਸਾ ਦਵਾਇਆ ਕਿ ਕੁਰਬਾਨੀਆਂ ਨਾਲ ਅੰਤ ਨੂੰ ਖਾਲਸਾ ਰਾਜ ਮਿਲੇਗਾ। 15 ਹਜ਼ਾਰ ਦੀ ਹਾਜ਼ਰੀ ਨੂੰ ਉਨ੍ਹਾਂ ਨੇ ਇਕ ਤਰ੍ਹਾਂ ਨਾਲ ਆਪਣੇ ਵਲ ਕਰ ਲਿਆ ਸੀ। ਮੈਂ ਪਿਛਲੇ 10 ਵਰ੍ਹਿਆਂ ਵਿਚ ਪੱਤਰਕਾਰੀ ਦੇ ਆਪਣੇ ਕਿੱਤੇ ਵਿਚ ਕਦੇ ਵੀ ਇੰਜ ਨਹੀਂ ਦੇਖਿਆ ਜਦੋਂ ਕੋਈ ਇਕ ਵਿਅਕਤੀ ਕਨਵੈਨਸ਼ਨ ਵਿਚ ਹਾਜ਼ਰ ਲੋਕਾਂ ਨੂੰ ਇਨਾ ਜ਼ਜ਼ਬਾਤੀ ਬਣਾ ਗਿਆ ਹੋਵੇ।

### ਇੰਦਰਾ ਦੀ ਆਲੋਚਨਾ

ਆਪਣੇ ਭਾਸ਼ਨ ਵਿਚ ਸੰਤ ਭਿੰਡਰਾਂਵਾਲੇ ਨੇ ਸ੍ਰੀ ਮਤੀ ਇੰਦਰਾ ਗਾਂਧੀ ਦੀ ਸਖਤ ਆਲੋਚਨਾ ਕੀਤੀ। 'ਮਾਡਰੇਟ' ਅਕਾਲੀ ਨੇਤਾਵਾਂ ਦਾ ਬਗੈਰ ਨਾਂ ਲੈਂਦਿਆਂ ਉਨ੍ਹਾਂ ਨੇ ਇਨ੍ਹਾਂ 'ਮਾਡਰੇਟ' ਨੇਤਾਵਾਂ ਨੂੰ ਕਮਜ਼ੋਰ ਵਿਅਕਤੀ ਦਸਿਆ ਜੋ ਸੱਤਾ ਦੀ ਭੁੱਖ ਵਿਚ ਵਹਿ ਗਏ ਹਨ ਅਤੇ ਆਪਣੀਆਂ ਸਹੂਲਤਾਂ ਨੂੰ ਨਹੀਂ ਛੱਡਣਾ ਚਾਹੁੰਦੇ। ਇਸ ਲਈ ਉਹ ਪੰਥ ਦੀਆਂ ਭਾਵਨਾਵਾਂ ਨੂੰ ਗਲਤ ਰੰਗ ਵਿਚ ਪੇਸ਼ ਕਰਦੇ ਹਨ।

### ਸਿੱਖਾਂ ਨੂੰ ਅਪੀਲ

ਉਨ੍ਹਾਂ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਸਿੱਖਾਂ ਵਿਚ ਬੈਠੇ ਭਗੌੜਿਆਂ, ਪਤਿਤ ਲੋਕਾਂ ਅਤੇ ਟੋਡੀਆਂ ਖਤਮ ਕਰਨ ਅਤੇ ਸ਼ਹੀਦਾਂ ਦੇ ਦੱਸੇ ਰਾਹ ਉਤੇ ਚਲਣ, ਜਿਨ੍ਹਾਂ ਨੇ ਕਿਸੇ ਵੀ ਲਾਲਚ ਨੂੰ ਲੱਤ ਮਾਰ ਕੇ ਬੇਮਿਸਾਲ ਤਕਲੀਫਾਂ ਝੱਲੀਆਂ ਤੇ ਦੁੱਖ ਸਹੇ। ਉਨ੍ਹਾਂ ਨੇ ਸਿਖ ਅਤਿਵਾਦੀਆਂ ਦੀਆਂ ਕਾਰਵਾਈਆਂ ਨੂੰ ਖੁੱਲ੍ਹੇਆਮ ਜਾਇਜ਼ ਠਹਿਰਾਇਆ।

(ਬਾਕੀ ਪੰਨਾ ੧ ਤੇ)

# ਪੰਜਾਬ ਦਰਪਣ

## ਅਕਾਲੀ ਦਲ ਸੱਚਾ ਸਿਧ ਹੋਇਆ — ਬਾਦਲ

ਗੁਰਦਾਸਪੁਰ — ਪੰਜਾਬ ਨੂੰ 'ਅਸ਼ਾਂਤ ਇਲਾਕਾ' ਕਹਿਣਾ ਇਕ ਰਾਜਸੀ ਚਾਲ ਹੈ ਅਤੇ ਇਸੇ ਲਈ ਅਕਾਲੀ ਦਲ ਨੇ ਇਸਦੀ ਤਕੜੀ ਵਿਰੋਧਤਾ ਕੀਤੀ — ਸ੍ਰੀ ਪ੍ਰਕਾਸ਼ ਸਿੰਘ ਬਾਦਲ ਭੂਤਪੂਰਕ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ।

ਉਨ੍ਹਾ ਕਿਹਾ ਕਿ ਹੁਣ ਜਦੋਂ ਕਿ ਗਵਰਨਰ ਪੰਜਾਬ ਸ੍ਰੀ ਪਾਂਡੇ ਅਤੇ ਉਨ੍ਹਾਂ ਦੇ ਸਲਾਹਕਾਰ ਇਹ ਕਹਿੰਦੇ ਹਨ ਕਿ ਪੰਜਾਬ ਦੀ ਸਤਿਥੀ ਸ਼ਾਂਤਮਈ ਅਤੇ ਨਾਰਮਲ ਹੈ ਤਾਂ ਇਹ ਸਿਧ ਹੋਇਆ ਕਿ ਅਕਾਲੀ ਦਲ ਦਾ ਸਟੈਂਡ ਬਿਲਕੁਲ ਦਰੁਸਤ ਹੈ। ਪੰਜਾਬ ਨੂੰ 'ਅਸ਼ਾਂਤ ਇਲਾਕਾ' ਘੋਸ਼ਤ ਕਰਕੇ ਇਥੋਂ ਦੀ ਇਡੰਸਟਰੀ ਅਤੇ ਵਿਓਪਾਰ ਨੂੰ ਬੜਾ ਧੱਕਾ ਲੱਗਾ ਹੈ। ਸ੍ਰੀ ਬਾਦਲ ਨੇ N.S.A. ਦੇ ਅਧੀਨ ਕਿਸੇ ਵਿਅਕਤੀ ਨੂੰ ਹਰਾਸਤ ਵਿਚ ਲੈਣ ਦੀ ਵਿਰੋਧਤਾ ਕੀਤੀ। ਓਨ੍ਹਾ ਕਿਹਾ ਕਿ ਅਜੇਹੇ ਵਿਅਕਤੀਆਂ ਉਪਰ ਕੋਰਟ ਵਿਚ ਕੇਸ ਚਲਾ ਕੇ ਉਨਾਂ ਨੂੰ ਨੰਗਾ ਕਰਨਾ ਚਾਹੀਦਾ ਕਿ ਇਹ ਦੇਸ਼ ਅਤੇ ਕੌਮ ਵਿਰੋਧੀ ਹਨ।

## ਹਰਸਿਮਰਨ ਸਿੰਘ ਨੂੰ ਫੇਰ ਰਿਹਾ ਕਰ ਦਿੱਤਾ ਗਿਆ

ਅੰਮ੍ਰਿਤਸਰ — ਦਲ ਖਾਲਸਾ ਦੇ ਮੁੱਖ ਪੰਚ ਸ਼ਟੀ ਹਰਸਿਮਰਨ ਸਿੰਘ ਨੂੰ ਇਥੋਂ ਦੇ ਐਡੀਸ਼ਨਲ ਸੈਸ਼ਨ ਜੱਜ ਗੁਰਦਿਆਲ ਸਿੰਘ ਨੇ ਗੈਰ ਕਾਨੂੰਨੀ ਕਾਰਵਾਈ ਦੇ ਦੋਸ਼ ਤੋਂ ਮੁਕਤ ਕਰ ਕੇ ਰਿਹਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰਸਿਮਰਨ ਸਿੰਘ ਦੇ ਖਿਲਾਫ ਇਹ ਸਿਧ ਨਹੀਂ ਹੋ ਸਕਿਆ ਹੈ ਕਿ ਜੂਨ 1981 ਵਿਚ ਉਨ੍ਹਾਂ ਨੇ ਕੋਈ ਇਤਰਾਜ਼ ਯੋਗ ਬਿਆਨ ਜਾਰੀ ਕੀਤਾ ਸੀ। ਯਾਦ ਰਹੇ ਕਿ ਇਸ ਤੋਂ ਪਹਿਲਾਂ ਦਿੱਲੀ ਦੀ ਸੈਸ਼ਨ ਕੋਰਟ ਨੇ ਹਰਸਿਮਰਨ ਸਿੰਘ ਨੂੰ ਇੰਡੀਅਨ ਏਅਰ ਲਾਈਨਜ਼ ਦਾ ਇਕ ਬੋਇੰਗ ਹਵਾਈ ਜਹਾਜ਼ ਅਗਵਾ ਕਰ ਕੇ ਲਾਹੌਰ ਲੈ ਜਾਣ ਦੇ ਦੋਸ਼ ਤੋਂ ਬਰੀ ਕਰ ਦਿੱਤਾ ਸੀ। ਇਹ ਹਵਾਈ ਜਹਾਜ਼ ਸਤੰਬਰ 1981 ਵਿਚ ਅਗਵਾ ਕੀਤਾ ਗਿਆ ਸੀ।

## ਮਾਛੀਵਾੜੇ ਵਿਚ ਕਤਲ

ਲੁਧਿਆਨਾ — ਮਾਛੀਵਾੜੇ ਵਿਚ ਸ੍ਰੀ ਰੁਮੇਸ਼ ਚੰਦਰ (36) ਹੈ ਇਕ ਅਣਪਛਾਤੇ ਸਿਖ ਨੇ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਹੈ। ਉਸ ਦੇ ਭਰਾ ਸੁਭਾਸ਼ ਚੰਦਰ ਨੂੰ ਜ਼ਖਮੀ ਕਰ ਦਿੱਤਾ ਗਿਆ।

ਸ੍ਰੀ ਬੂਆ ਸਿੰਘ ਐਸ ਐਸ ਪੀ ਲੁਧਿਆਨਾ, ਅਨੁਸਾਰ ਇਥੋਂ 40 ਕਿਲੋ ਮੀਟਰ ਦੂਰ ਮਾਛੀਵਾੜੇ ਵਿਚ ਰੁਮੇਸ਼ ਚੰਦਰ ਦੇ ਕਾਰੋਬਾਰੀ ਅਸਥਾਨ ਤੇ ਸਾਢੇ ਛੇ ਬਜੇ ਦੇ ਕਰੀਬ ਉਸ ਨੇ ਜਾਂਦਿਆਂ ਹੀ ਬਿਨਾਂ ਕਿਸੇ ਕਾਰਨ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਰੁਮੇਸ਼ ਥਾਂ ਤੇ ਹੀ ਮਾਰਿਆ ਗਿਆ ਜਦ ਕਿ ਉਸ ਦਾ ਭਰਾ ਸਖਤ ਜ਼ਖਮੀ ਹੋ ਗਿਆ। ਖੂਨੀ ਭੱਜ ਜਾਣ ਵਿਚ ਸਫਲ ਹੋ ਗਿਆ। ਪੋਲੀਸ ਨੂੰ 4 ਖਾਲੀ ਕਾਰਤੂਸ ਥਾਂ ਤੋਂ ਪ੍ਰਾਪਤ ਹੋਏ। ਐਸ ਐਸ ਪੀ ਨੇ ਕਿਹਾ ਕਿ ਹੋ ਸਕਦਾ ਹੈ ਕਿ ਇਹ ਕਤਲ ਜਾਤੀ ਦੁਸ਼ਮਣੀ ਤੇ ਆਧਾਰਤ ਹੋਵੇ ਕਿਉਂਕਿ ਮਰਨ ਵਾਲੇ ਦਾ ਪਿਛੋਕੜ ਪੋਲੀਟੀਕਲ ਨਹੀਂ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਲਾਗੇ ਹੀ 11 ਹਜ਼ਾਰ ਰੁਪੇ ਦੇ ਕਰੰਸੀ ਨੋਟ ਪਏ ਸਨ ਜੋ ਉਸੇ ਤਰਾਂ ਪਏ ਰਹੇ।

- ਅੰਮ੍ਰਿਤਸਰ ਨੇੜੇ ਕਕੜਾਂਵਾਲਾ ਦੇ ਇਕ ਵਕੀਲ ਰਮੇਸ਼ ਕੁਮਾਰ ਉਤੇ ਕੁਝ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਚਲਾਈਆਂ ਉਸਨੇ ਗੰਨਮੈਨ ਨੇ ਜਵਾਬੀ ਗੋਲੀ ਚਲਾਈ ਪਰ ਉਹ ਬਚ ਗਏ।
- ਅੰਮ੍ਰਿਤਸਰ, ਅਤਿਵਾਦੀ ਜਥੇ ਦੇ ਇਕ ਮੈਂਬਰ ਸੰਤੋਖ ਸਿੰਘ ਨੂੰ ਸਿਟੀ ਪੁਲਸ ਨੇ ਗ੍ਰਿਫਤਾਰ ਕਰ ਲੈਣ ਦਾ ਦਾਅਵਾ ਕੀਤਾ।
- ਗੁਰਦਾਸਪੁਰ, ਪੰਜਾਬ ਦੇ ਗਵਰਨਰ ਸ੍ਰੀ ਪਾਂਡੇ ਨੇ ਇਥੇ ਕਿਹਾ ਕਿ ਪੰਜਾਬ ਦੀ ਸਥਿਤੀ ਆਮ ਵਰਗੀ ਹੈ ਤੇ ਇਥੇ ਅਮਨ ਅਮਾਨ ਹੈ।
- ਜੰਮੂ ਦੀ ਅਖਬਾਰ 'ਕਸ਼ਮੀਰ ਟਾਈਮਜ਼' ਦੇ ਮੁੱਖ ਸੰਪਾਦਕ ਵੇਦ ਭਸੀਨ ਨੂੰ ਦਲ ਖਾਲਸਾ ਵਲੋਂ ਜਾਨੋਂ ਮਾਰਨ ਦੀ ਧਮਕੀ ਦਿਤੀ ਗਈ ਹੈ।

## ਸੌ ਸਾਲ ਦਾ ਬੁੱਢਾ — ਗਰੀਬੀ ਦਾ ਸ਼ਿਕਾਰ

ਅੰਬਾਲਾ — 29 ਅਕਤੂਬਰ 83 ਨੂੰ ਇਥੇ ਇਕ 115 ਸਾਲ ਦੇ ਬੁੱਢੇ ਪਰ ਕੁਆਰੇ ਵਿਅਕਤੀ ਨਿਰਮਲ ਸਿੰਘ ਦੀ ਮੌਤ ਹੋ ਗਈ। ਉਸਦਾ ਇਹ ਸੁਫਨਾ ਪੂਰਾ ਨ ਹੋ ਸਕਿਆ ਕਿ ਉਸਨੂੰ ਵੀ 'ਆਜਾਦੀ ਲਈ ਘੋਲ' ਦਾ ਇਕ ਘੁਲਾਟੀਆ ਸਮਝਿਆ ਜਾਏ ਅਤੇ ਉਸਨੂੰ ਵੀ ਇਸ ਸਬੰਧ ਵਿਚ ਪੈਨਸ਼ਨ ਅਤੇ ਹੋਰ ਸਹੂਹਤਾਂ ਦਿਤਆਂ ਜਾਣ ਜਿਨ੍ਹਾਂ ਦਾ ਕਿ ਉਹ ਹਕਦਾਰ ਬਣਦਾ ਹੈ॥

ਵਿਚਾਰਾ ਨਿਰਮਲ ਸਿੰਘ ਪਿਛਲੇ ਸਾਲ ਤਕ ਅਨੇਕਾਂ ਦਫਤਰਾਂ ਵਿਚ ਦੌੜ ਭੱਜ ਕਰਦਾ ਦੇਖਿਆ ਜਾਂਦਾ ਸੀ ਅਤੇ ਉਹ ਅਨੇਕਾਂ ਹੀ ਪੋਲੀਟੀਸ਼ਨਾਂ ਨੂੰ ਮਿਲਦਾ ਰਹਿੰਦਾ ਸੀ ਤਾਕਿ ਉਸ ਦੇ ਕੇਸ ਦੀਆਂ ਫਾਈਲਾਂ ਛੇਤੀ ਛੇਤੀ ਅੱਗੇ ਤੁਰਨ ਅਤੇ ਉਸ ਨੂੰ ਕੁਝ ਪ੍ਰਾਪਤੀ ਹੋ ਸਕੇ।

ਸ੍ਰੀ ਨਿਰਮਲ ਸਿੰਘ ਦਾ ਕਹਿਣਾ ਹੈ ਕਿ ਉਸਨੇ ਅਭਨਾਸ਼ਾ ਸਿੰਘ ਦੇ ਨਾਉਂ ਹੇਠ 1922-23 ਵਿਚ ਪੰਡਤ ਮੋਤੀ ਲਾਲ ਨਿਹਰੂ ਅਤੇ ਲਾਲਾ ਲਾਜਪਤ ਰਾਇ ਹੁਰਾਂ ਨਾਲ 1 ਸਾਲ ਕੈਦ ਵੀ ਕੱਟੀ ਹੈ। ਗੁਰੂ ਕੇ ਬਾਗ ਦੇ ਮੋਰਚੇ ਸਮੇਂ ਵੀ ਉਸਨੂੰ ਗ੍ਰਿਫਤਾਰ ਕੀਤਾ ਗਿਆ ਸੀ। ਮਗਰੋਂ ਉਸਨੇ ਅਕਾਲੀ ਬਣ ਕੇ ਆਪਣਾ ਨਾਉਂ ਨਿਰਮਲ ਸਿੰਘ ਬਦਲ ਲਿਆ ਸੀ।

1950 ਤੋਂ ਉਹ ਅੰਬਾਲੇ ਆ ਗਿਆ ਸੀ।

## ਅਕਾਲੀ ਨੇਤਾ ਦਾ ਅਕਾਲ ਚਲਾਣਾ

ਮੋਗਾ --ਇਥੋਂ ਨੇੜੇ ਹੀ ਪਿੰਡ ਲੰਡੇਕਿਆਂ ਦੇ ਇਕ ਮਸ਼ਹੂਰ ਪੁਰਾਣੇ ਅਕਾਲੀ ਲੀਡਰ ਜਥੇਦਾਰ ਕੇਵਲ ਸਿੰਘ ਲੰਮੀ ਕੀਮਾਰੀ ਮਗਰੋਂ ਅਕਾਲ ਚਲਾਣਾ ਕਰ ਗਏ ਹਨ।

ਓਨ੍ਹਾਂ ਦੀ ਆਯੂ 65 ਸਾਲ ਸੀ।

## ਮੈਂ ਕੋਈ ਲਿਸਟ ਨਹੀਂ ਮੰਗੀ — ਟੌਹੜਾ

ਲੁਧਿਆਨਾ — ਇਥੇ ਬੋਲਦਿਆਂ ਸ੍ਰੀ ਗੁਰਚਰਨ ਸਿੰਘ ਟੌਹੜਾ ਨੇ ਕਿਹਾ ਹੈ ਕਿ ਜਿਨ੍ਹਾਂ ਵਿਅਕਤੀਆਂ ਬਾਰੇ ਗੁਰੂ ਨਾਨਕ ਨਿਵਾਸ ਵਿਚ ਲੁਕੇ ਹੋਣ ਦਾ ਦੋਸ਼ ਲਾਇਆ ਜਾਂਦਾ ਹੈ ਅਸੀਂ ਉਨ੍ਹਾਂ ਦੀ ਕੋਈ ਲਿਸਟ ਨਹੀਂ ਮੰਗੀ।

ਸਰਦਾਰ ਗੁਰਚਰਨ ਸਿੰਘ ਜੀ ਟੌਹੜਾ ਨੇ ਅਗੇ ਕਿਹਾ ਕਿ ਅਖਬਾਰਾਂ ਵਿਚ ਛੱਪ ਰਹੀਆਂ ਅਜੇਹੀਆਂ ਸਭ ਖਬਰਾਂ ਬੇਬੁਨਿਆਦ ਹਨ।

ਉਹਨਾਂ ਇਹ ਦੋਸ਼ ਵੀ ਲਾਇਆ ਕਿ ਮੰਡੀ ਗੋਬਿੰਦ ਗੜ੍ਹਵਿਚ ਹੋਈ ਰੇਲ ਦੁਰਘਟਨਾ ਸਮੇਂ ਪੋਲੀਸ ਨੇ ਬਹੁਤ ਸਾਰੇ ਅਕਾਲੀ ਵਰਕਰਾਂ ਨੂੰ ਆਪਣੇ ਘੇਰੇ ਵਿਚ ਲਿਆ ਅਤੇ ਤੰਗ ਕੀਤਾ।

## ਹਥਿਆਰਬੰਦ ਡਾਕੇ ਦੇ ਅੱਠ ਦੋਸ਼ੀ ਗ੍ਰਿਫਤਾਰ ਕਰ ਲਏ ਗਏ

ਬਠਿੰਡਾ — ਅਕਾਲੀ ਦਲ ਦੇ ਵਰਕਰ ਅਤੇ ਅੰਮ੍ਰਿਤਧਾਰੀ ਅੱਠ ਵਿਅਕਤੀ ਬਠਿੰਡੇ ਵਿਚ ਹੋਈ ਇਕ ਡਕੈਤੀ ਦੇ ਦੋਸ਼ ਵਿਚ ਪੋਲੀਸ ਹਰਾਸਤ ਵਿਚ ਲੈ ਲਏ ਗਏ ਹਨ। ਪਿਛਲੇ ਦਿਨੀਂ ਤਲਵੰਡੀ ਸਾਬੋ ਵਿਚ ਹਥਿਆਰਾਂ ਦੀ ਇਕ ਦੁਕਾਨ ਉਤੇ ਡਾਕਾ ਮਾਰ ਕੇ ਹਥਿਆਰ ਚੁਰਾਏ ਗਏ ਸਨ। ਬੰਦੀ ਬਣਾਏ ਵਿਅਕਤੀਆਂ ਵਿਚ ਕੈਨੇਡਾ ਦਾ ਇਕ ਸ਼ਹਿਰੀ ਜਗਦੀਪ ਸਿੰਘ ਵੀ ਸ਼ਾਮਲ ਹੈ ਜੋ ਕਿ ਇਥੇ ਰਹਿ ਰਿਹਾ ਹੈ ਉਸਦਾ ਚਾਚਾ ਚੰਦ ਸਿੰਘ, ਬਾਲਾ ਸਿੰਘ, ਲਛਮਣ ਸਿੰਘ ਅਤੇ ਮੁਹਿੰਦਰ ਸਿੰਘ ਤੋਂ ਇਲਾਵਾ ਇਥੋਂ ਦੇ ਥਰਮਲ ਪਲਾਂਟ ਦੇ ਤਿੰਨ ਕਰਮਚਾਰੀ ਅਮਰਜੀਤ ਸਿੰਘ, ਆਗਿਆਪਾਲ ਸਿੰਘ ਅਤੇ ਲਾਭ ਸਿੰਘ ਵੀ ਏਸੇ ਦੋਸ਼ ਵਿਚ ਗ੍ਰਿਫਤਾਰ ਕਰ ਲਏ ਗਏ ਹਨ।

## ਸੰਮਤੀ ਚੋਣਾਂ ਫਰਵਰੀ 'ਚ

ਚੰਡੀਗੜ੍ਹ—ਪੰਜਾਬ ਵਿਚ ਸਮੂਹ ਬਲਾਕ ਸੰਮਤੀਆਂ ਦੇ ਮੈਂਬਰਾਂ ਲਈ ਆਮ ਚੋਣਾਂ 10 ਫਰਵਰੀ 1984 ਨੂੰ ਕਰਵਾਈਆਂ ਜਾਣਗੀਆਂ। ਇਸ ਸਬੰਧ ਵਿਚ ਪੰਜਾਬ ਸਰਕਾਰ ਵਲੋਂ ਇਕ ਨੋਟੀਫਿਕੇਸ਼ਨ ਪੰਜਾਬ ਪੰਚਾਇਤ ਸੰਮਤੀ ਅਤੇ ਜ਼ਿਲਾ ਪ੍ਰੀਸ਼ਦ ਐਕਟ 1961 (ਪੰਜਾਬ ਐਕਟ ਨੰ: 3 ਆਫ 1961) ਦੀ ਧਾਰਾ ਨੰਬਰ 113 ਏ. ਦੀ ਸਬਧਾਰਾ(ਇਕ) ਅਤੇ ਨੰਬਰ 5 ਦੀ ਸਬ ਧਾਰਾ(ਦੋ) ਅਧੀਨ ਜਾਰੀ ਕਰ ਦਿਤਾ ਗਿਆ ਹੈ।

## ਸ਼ਰਾਬੀ ਖੂਨ

ਨਵੀਂ ਦਿੱਲੀ—ਇਕ ਅਮਰੀਕੀ ਲੜਕੀ ਦੇ ਇਕ ਮਿਲੀਮੀਟਰ ਖੂਨ ਵਿਚ 151 ਗ੍ਰਾਮ ਸ਼ਰਾਬ ਦੀ ਮਾਤਰਾ ਪਾਈ ਗਈ ਹੈ। ਅਤੇ ਡਾਕਟਰਾਂ ਦਾ ਕਹਿਣਾ ਹੈ ਕਿ ਖੂਨ ਵਿਚ ਅਲਕੋਹਲ ਦੀ ਮਾਤਰਾ ਜੋ 400 ਮਿਲੀ ਲੀਟਰ ਹੋ ਜਾਵੇ ਤਾਂ ਮਨੁਖ ਦੀ ਮੌਤ ਹੋ ਜਾਂਦੀ ਹੈ।

ਅਮਰੀਕੀ ਡਾਕਟਰ ਇਸ ਗਲ ਤੋਂ ਹੈਰਾਨ ਹਨ ਕਿ ਆਮ ਹਾਲਤਾਂ ਨਾਲੋਂ ਚਾਰ ਜਾਂ ਛੇ ਗੁਣਾਂ ਵਧ ਸ਼ਰਾਬ ਪੀ ਜਾਣ ਤੋਂ ਬਾਅਦ ਵੀ ਇਹ 24 ਸਾਲਾ ਲੜਕੀ ਕਿਸ ਤਰਾਂ ਜਿਉਂਦੀ ਹੈ।

## ਅਕਾਲੀ ਪ੍ਰਧਾਨ ਮੰਤ੍ਰੀ ਦੇ ਹੱਥਾਂ ਵਿਚ ਖੇਲ ਰਹੇ ਹਨ ?

ਅੰਮ੍ਰਿਤਸਰ — ਭਾਰਤੀਯ ਜਨਤਾ ਪਾਰਟੀ ਦੀ ਪੰਜਾਬ ਸ਼ਾਖਾ ਵਲੋਂ ਕੀਤੇ ਗਏ "ਏਕਤਾ ਸਮੇਲਨ" ਵਿਚ ਪੰਜਾਬ ਵਿਚ ਏਕਤਾ ਕਾਇਮ ਰਖੱਣ ਅਤੇ ਹਰ ਵੱਖਵਾਦੀ ਤਾਕਤ ਦਾ ਟਾਕਰਾ ਕਰਨ ਦਾ ਸੰਕਲਪ ਲਿਆ ਗਿਆ।

ਜਨਤਾ ਵਲੋਂ ਇਸ ਸਮੇਲਨ ਦੀ ਬਹੁਤ ਹਮਾਇਤ ਕੀਤੀ ਗਈ। ਗੋਲਬਾਗ ਜਿਥੇ ਕਿ ਇਹ ਸਮੇਲਨ ਕੀਤਾ ਗਿਆ ਸੀ ਪੂਰੀ ਤਰਾਂ ਭਰ ਗਿਆ ਸੀ। ਸ਼ਹਿਰ ਤੋਂ ਬਾਹਰੋਂ ਆਉਣ ਵਾਲੇ ਲੋਕਾਂ ਦੀ ਗਿਣਤੀ 20000 ਤੋਂ ਵੱਧ ਸੀ। ਸਮੇਲਨ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਸਿੱਖਾਂ ਦੀ ਵੀ ਭਾਰੀ ਗਿਣਤੀ ਸੀ। ਸਾਰਾ ਇਕੱਠ ਬੜੀ ਸ਼ਾਂਤੀ ਨਾਲ ਲਗ ਭਗ 3 ਘੰਟੇ ਬਲਾਰਿਆਂ ਨੂੰ ਸੁਣਦੇ ਰਹੇ।

ਅੱਧੀ ਦਰਜਨ ਸਿਖ ਬੁਲਾਰੇ ਜਿਨ੍ਹਾਂ ਵਿਚ ਸ੍ਰੀ ਇੰਦਰ ਸਿੰਘ ਨਾਮਧਾਰੀ ਵੀ ਸ਼ਾਮਲ ਸੀ ਜੋ ਕਿ ਬਿਹਾਰ ਅਸੈਂਬਲੀ ਬੀ.ਜੇ.ਪੀ. ਦੇ ਲੀਡਰ ਹਨ ਨੇ "ਸਿੱਖ ਇਕ ਕੌਮ ਹੈ" ਦੀ ਥੀਊਰੀ ਦੀ ਨਖੇਧੀ ਕੀਤੀ ਅਤੇ ਹਿੰਦੂ ਸਿੱਖ ਏਕਤਾ ਤੇ ਜ਼ੋਰ ਦਿੱਤਾ।

ਇਕ ਖਬਰ ਅਨੁਸਾਰ ਇਕ ਅਕਾਲੀ ਲੀਡਰ ਸ੍ਰੀ ਜੀਵਨ ਸਿੰਘ 'ਉਮਰਾਨੰਗਲ' ਪੰਜਾਬ ਦੀ ਭਾਰਤੀ ਜਨਤਾ ਪਾਰਟੀ ਦੇ ਮੁਖੀ ਸ੍ਰੀ ਬਲਦੇਵ ਪ੍ਰਕਾਸ਼ ਨੂੰ ਵੀ ਮਿਲੇ ਅਤੇ ਇਹ ਰਾਏ ਦਿੱਤੀ ਕਿ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਸਮੇਲਨ ਨੂੰ ਸ਼ੰਬੋਧਨ ਕਰਣ ਦਾ ਸੱਦਾ ਦਿੱਤਾ ਜਾਵੇ। ਅਕਾਲੀ ਲੀਡਰ ਨੂੰ ਬੜੀ ਨਿਮਰਤਾ ਸਹਿਤ ਦੱਸ ਦਿੱਤਾ ਗਿਆ ਕਿ ਇਸ ਪ੍ਰਕਾਰ ਦੀ ਸਦਭਾਵਨਾ ਲਈ ਹਾਲੇ ਯੋਗ ਸਮਾਂ ਨਹੀਂ।

ਸ੍ਰੀ ਅਟਲ ਬਿਹਾਰੀ ਬਾਜਪਾਈ ਪ੍ਰਧਾਨ ਜਨਤਾ ਪਾਰਟੀ ਜੋ ਕਿ ਇਸ ਸਮੇਲਨ ਦੇ ਮੁੱਖ ਬੁਲਾਰੇ ਵੀ ਸਨ ਨੇ ਕਿਹਾ ਕਿ ਪੰਜਾਬ ਦੀ ਵਰਤਮਾਨ ਸਤਿਥੀ ਦੇ ਦੋ ਵੱਡੇ ਕਾਰਨ ਹਨ। ਇਕ ਤਾ ਕਾਂਗਰਸ (ਆਈ) ਦੀ ਪਾਲਸੀਆਂ ਦੀ ਤਿਲਕਲਬਾਜ਼ੀ ਅਤੇ ਦੂਜੇ ਅਕਾਲੀ ਪਾਰਟੀ ਦੀ ਮੌਕਾ ਪ੍ਰਸਤੀ ਦੀ ਪਾਲਸੀ।

ਪ੍ਰੈਸ ਕਾਨਫਰੰਸ ਵਿਚ ਬੋਲਦਿਆ ਸ੍ਰੀ ਬਾਜਪਾਈ ਨੇ ਫਿਰਕੂ ਕਤਲਾਂ ਅਤੇ ਅਜੇਹੀਆਂ ਹੀ ਹੋਰ ਘਟਨਾਵਾਂ ਤੇ ਦੁਖ ਦਾ ਪ੍ਰਗਟਾਵਾ ਕੀਤਾ ਅਤੇ ਮੰਗ ਕੀਤੀ ਕਿ ਪੰਜਾਬ ਦੇ ਸਾਰੇ ਪੁਲੀਸ ਦੇ ਢਾਂਚੇ ਨੂੰ ਬਦਲ ਦਿੱਤਾ ਜਾਵੇ।

ਉਸ ਨੇ ਇਸ ਗੱਲ ਦਾ ਵੀ ਦੁਖ ਪ੍ਰਗਟਾਇਆ ਕਿ ਅਕਾਲੀ ਪਾਲਸੀਆਂ ਸ੍ਰੀਮਤੀ ਇੰਦਰਾ ਗਾਂਧੀ ਦੇ ਲੋਕਾਂ ਨੂੰ ਪਾੜਨ ਦੀ ਪਾਲਸੀ ਵਿਚ ਸਹਾਇਕ ਹੋ ਰਹੀਆਂ ਹਨ। ਅਕਾਲੀ ਦਲ ਨੂੰ ਇਹ ਅਪੀਲ ਵੀ ਕੀਤੀ ਕਿ ਮੋਰਚੇ ਨੂੰ ਖਤਮ ਕਰ ਦਿੱਤਾ ਜਾਵੇ ਅਤੇ ਪੰਜਾਬ ਦੀ ਸਤਿਥੀ ਨੂੰ ਸੁਧਾਰਨ ਵਿਚ ਸਹਾਇਤਾ ਕੀਤੀ ਜਾਵੇ।

ਉਨਾ ਕਿਹਾ ਕਿ ਸ੍ਰੀਮਤੀ ਇੰਦਰਾ ਗਾਂਧੀ ਨੂੰ ਪੰਜਾਬ ਦੀ ਹਾਲਤ ਸੁਧਾਰਨ ਵਿਚ ਕੋਈ ਦਿਲਚਸਪੀ ਨਹੀਂ ਹੈ ਅਤੇ ਓਹਨਾ ਦੇ ਅੰਦਾਜ਼ੇ ਅਨੁਸਾਰ ਇਲਾਕੇ ਵਿਚ ਹੁਣ ਵਰਗੇ ਹਾਲਾਤ ਹਕੂਮਤ ਕਰ ਰਹੀ ਪਾਰਟੀ ਲਈ ਆ ਰਹੀਆਂ ਚੋਣਾ ਵਿਚ ਸਹਾਇਕ ਹੋ ਸਕਦੇ ਹਨ। ਸ੍ਰੀ ਬਾਜਪਾਈ ਨੇ ਕਿਹਾ ਕਿ ਮੇਰੇ ਅੰਦਾਜੇ ਅਨੁਸਾਰ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਉਹ ਇਹ ਝਗੜੇ ਨਹੀਂ ਖਤਮ ਹੋਣ ਦੇਵੇਗੀ।

## ਰਬੜ ਖੇਤੀ ਮਨੀਪੁਰ ਪੁਜੀ

ਨਵੀਂ ਦਿੱਲੀ — ਬ੍ਰਾਜੀਲ ਦੇ ਘਣੇ ਜੰਗਲਾਂ ਦੀ ਪੈਦਾਵਾਰ ਰਬੜ ਭਾਰਤ ਦੇ ਇਕ ਛੋਟੇ ਜਿਹੇ ਉਤਰ-ਪੂਰਬੀ ਖੇਤਰ ਦੇ ਰਾਜ ਮਨੀਪੁਰ ਤਕ ਪਹੁੰਚ ਗਈ ਹੈ. ਸਪੇਨ ਦਾ ਇਕ ਮਲਾਹ 16ਵੀਂ ਸਦੀ ਵਿਚ ਰਬੜ ਦੇ ਪੌਦੇ ਨੂੰ ਲਿਆਇਆ ਸੀ.

## ਸੁਧੀਰ ਧਰ ਨੂੰ ਖੇਡ-ਕਾਰਟੂਨ 'ਤੇ ਕੌਮਾਂਤ੍ਰੀ ਇਨਾਮ

ਨਵੀਂ ਦਿੱਲੀ — (ਪੀ. ਟੀ. ਆਈ.) ਉਘੇ ਭਾਰਤੀ ਕਾਰਟੂਨਿਸਟ ਸੁਧੀਰ ਧਰ (ਹਿੰਦੁਸਤਾਨ ਟਾਈਮਜ਼) ਨੇ ਹਾਲ ਹੀ ਵਿਚ ਇਟਲੀ ਵਿਚ ਹੋਏ ਸਤਵੇਂ ਕੌਮਾਂਤਰੀ ਖੇਡ ਕਾਰਟੂਨ ਮੇਲੇ ਵਿਚ ਪਹਿਲਾ ਇਨਾਮ ਹਾਸਲ ਕੀਤਾ ਹੈ. ਇਟਲੀ ਦੀ ਉਲੰਪਿਕ ਕਮੇਟੀ ਵਲੋਂ ਕਰਵਾਏ ਇਕ ਮੁਕਾਬਲੇ ਵਿਚ 4 ਹਜ਼ਾਰ ਤੋਂ ਵਧ ਕਾਰਟੂਨਿਸਟਾਂ ਨੇ ਹਿੱਸਾ ਲਿਆ.

## ਮਨਮੋਹਨ ਸਿੰਘ

ਚੰਡੀਗੜ੍ਹ, 10 ਨਵੰਬਰ—ਸ੍ਰੀ ਮਨਮੋਹਨ ਸਿੰਘ ਪੀ. ਈ. ਐਸ. (1) ਕੇਂਦਰ ਪ੍ਰਸ਼ਾਸ਼ਨ ਵਲੋਂ ਡਾਇਰੈਕਟਰ ਸਟੇਟ ਇੰਨਸਟੀਚਿਊਟ ਔਫ ਐਜੂਕੇਸ਼ਨ ਅਤੇ ਡੀ. ਪੀ. ਆਈ. ਸਕੂਲਜ਼ ਦੇ ਅਹੁਦੇ ਲਈ ਚੁਣੇ ਗਏ ਹਨ. ਇਸ ਤੋਂ ਪਹਿਲੋਂ ਉਹ ਐਜੂਕੇਸ਼ਨ ਰੀਫਾਰਮ ਕਮਿਸ਼ਨ ਪੰਜਾਬ ਵਿਚ ਜਾਇੰਟ ਸੈਕਟਰੀ ਸਨ.




ਦੇਗ ਤੇਗ ਫਤਹਿ — ਪੰਥ ਕੀ ਜੀਤ

**ਗੁਰਦੁਆਰਾ ਸਾਹਿਬ ਸੁੱਖ ਸਾਗਰ**
**ਖਾਲਸਾ ਦੀਵਾਨ ਸੁਸਾਇਟੀ, ਨੀਊਵੈਸਟਮਿਨਸਟਰ**
**ਨੀਊਵੈਸਟਮਿਨਸਟਰ, ਬੀ. ਸੀ.**

ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਦਾ ਰੱਖਣ ਲਈ **ਬਲਬੀਰ ਸਿੰਘ ਹਾਰਾ** ਦੀ ਸਲੇਟ ਨੂੰ ਵੋਟ ਪਾ ਕੇ ਕਾਮਯਾਬ ਕਰੋ

| | |
|---|---|
| ਬਲਬੀਰ ਸਿੰਘ ਹਾਰਾ | ਪ੍ਰਧਾਨ |
| ਦਿਲਬਾਗ ਸਿੰਘ ਗਿੱਲ | ਮੀਤ-ਪ੍ਰਧਾਨ |
| ਮੋਤਾ ਸਿੰਘ ਗਰੇਵਾਲ | ਸਕੱਤਰ |
| ਸੁਰਜੀਤ ਸਿੰਘ ਹੀਰ | ਅਸੈਸਟਿੰਟ ਸਕੱਤਰ |
| ਗੁਰਚਰਨ ਸਿੰਘ ਸਿੱਧੂ | ਖਜ਼ਾਨਚੀ |
| ਰਾਜਿੰਦਰ ਸਿੰਘ ਕੈਂਥ | ਅਸੈਸਟਿੰਟ ਖਜ਼ਾਨਚੀ |
| ਮਿਹਰ ਸਿੰਘ ਗਿੱਲ | ਮੈਂਬਰ |
| ਸਵਰਨ ਸਿੰਘ ਬੁੱਟਰ | ਮੈਂਬਰ |
| ਸੁਖਦੀਪ ਸਿੰਘ ਸਿੱਧੂ | ਮੈਂਬਰ |
| ਦਲਜੀਤ ਸਿੰਘ ਰਾਏ | ਮੈਂਬਰ |

ਆਡਿਟ ਕਮੇਟੀ : ਪ੍ਰੀਤਮ ਸਿੰਘ ਬਰਿਆਰ
ਜੀਵਨ ਸਿੰਘ ਬਾਸੀ
ਬਲਦੇਵ ਸਿੰਘ ਸਿੱਧੂ

ਵੋਟਾਂ 11 ਦਸੰਬਰ, 1983 ਦਿਨ ਐਤਵਾਰ ਨੂੰ ਸਵੇਰੇ 9 ਵਜੇ ਤੋਂ ਸ਼ਾਮ ਦੇ 7 ਵਜੇ ਤੱਕ ਪੈਣਗੀਆਂ।

ਵੋਟਾਂ ਪਾਉਣ ਦਾ ਸਥਾਨ ਗੁਰੂ ਘਰ ਦਾ ਕਿਚਨ ਹਾਲ ਹੋਵੇਗਾ।

# ਭ ਾ ਰ ਤ   ਦ ਰ ਪ ਨ

## ਹਰਭਜਨ ਸਿੰਘ ਖਾਲਸਾ ਨੇ ਗਿਆਨੀ ਜ਼ੈਲ ਸਿੰਘ ਨਾਲ ਮੁਲਾਕਾਤ ਕੀਤੀ

ਵੈਨਕੂਵਰ—ਵੈਨਕੂਵਰ ਦੇ ਪ੍ਰਸਿੱਧ ਇਮਪੋਰਟਰ ਅਤੇ ਐਕਸਪੋਰਟਰ ਸ੍ਰੀ ਹਰਭਜਨ ਸਿੰਘ ਖਾਲਸਾ ਪਿਛਲੇ ਦਿਨੀਂ ਜਦੋਂ ਭਾਰਤ ਵਿਚ ਗਏ ਤਾਂ ਰਾਸ਼ਟਰਪਤੀ ਭਵਨ ਵਿਚ ਉਹ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਵੀ ਮਿਲੇ।

ਭਾਰਤ ਦੇ ਹਾਲਾਤ ਸਬੰਧੀ ਰਾਜਨੀਤਕ ਆਰਥਕ ਸਮਾਜਕ ਤੇ ਧਾਰਮਕ ਪਹਿਲੂ ਤੇ ਦੋਵਾਂ ਵਿਚਕਾਰ ਵਿਚਾਰ ਵਿਟਾਂਦਰਾ ਕੀਤਾ ਗਿਆ। ਹਰਭਜਨ ਸਿੰਘ ਡਾਊਨ ਟਾਊਨ ਵਿਚ ਸ਼ਾਲੀਮਾਰ ਗਿਫਟਸ ਅਤੇ ਲੰਡਨ ਪਾਨ ਬਰੋਕਰ ਦੇ ਮਾਲਕ ਹਨ।



ਸ੍ਰੀ ਹਰਭਜਨ ਸਿੰਘ ਨਵੀਂ ਦਿੱਲੀ ਵਿਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨਾਲ
ਐਲਡਰਮੈਨ ਲਈ ਸਰੀ ਵਿਚ ਨਤੀਜਾ ਉਡੀਕਦੇ ਚਰਨਪਾਲ ਗਿੱਲ ਤੇ ਉਨ੍ਹਾਂ ਦੇ ਸਮਰਥਕ

## ਅਮੀਤਾਬ ਠੀਕ ਹੋ ਰਿਹਾ ਹੈ

ਫਿਲਮ ਸਟਾਰ ਅਮਿਤਾਬ ਬਚਨ, ਜਿਹਨਾਂ ਦੇ ਖੱਬੇ ਹੱਥ ਦੀ ਤਲੀ ਦੀਵਾਲੀ ਵਾਲੀ ਰਾਤ ਜ਼ਖਮੀ ਹੋ ਗਈ ਸੀ, ਠੀਕ ਹੋ ਰਹੇ ਹਨ, ਉਹਨਾਂ ਦੇ ਪਰਵਾਰ ਦੇ ਇਕ ਮੈਂਬਰ ਨੇ ਦਸਿਆ ਕਿ ਉਹਨਾਂ ਦਾ ਇਲਾਜ ਆਲ ਇੰਡੀਆ ਮੈਡੀਕਲ ਇਸਟੀਚਿਊਟ ਵਿਚ ਹੋ ਰਿਹਾ ਹੈ।

## ਭਜਨ ਲਾਲ ਦਾ ਰੈਫਰੈਂਡਮ ਦਾ ਸੁਝਾਅ ਅੜਿਕਾ ਡਾਹੂ ਤੇ ਤਬਾਹਕੁਨ

ਚੰਡੀਗੜ੍ਹ—ਭਾਰਤੀ ਕਮਿਊਨਿਸਟ ਪਾਰਟੀ ਪੰਜਾਬ ਸ਼ਾਖਾ ਦੇ ਸਕੱਤਰ ਅਵਤਾਰ ਸਿੰਘ ਮਲਹੋਤਰਾ ਨੇ ਹਰਿਆਣੇ ਦੇ ਮੁਖ ਮੰਤਰੀ ਚੌਧਰੀ ਭਜਨ ਲਾਲ ਵਲੋਂ ਇਸ ਬਿਆਨ ਦਾ ਗੰਭੀਰ ਨੋਟਿਸ ਲਿਆ ਹੈ ਕਿ ਚੰਡੀਗੜ੍ਹ ਅਤੇ ਅਬੋਹਰ ਫਾਜ਼ਿਲਕਾ ਦੇ ਮਸਲੇ ਉਤੇ 'ਆਮ ਰੈਫਰੈਂਡਮ' ਕਰਵਾ ਲਿਆ ਜਾਵੇ। ਉਨ੍ਹਾਂ ਕਿਹਾ ਇਹ ਬਿਆਨ ਬੇਹੱਦ ਗੈਰ-ਜ਼ਿੰਮੇਵਾਰਾਨਾ ਅਤੇ ਪੰਜਾਬ ਦੇ ਮਸਲੇ ਦੇ ਰਾਜਨੀਤਕ ਹੱਲ ਦੇ ਰਾਹ ਵਿਚ ਅੜਿਕੇ ਖੜੇ ਕਰਨ ਵਾਲਾ ਹੈ।

ਮਲਹੋਤਰਾ ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਸ੍ਰੀ ਭਜਨ ਲਾਲ, ਜਿਹੜੇ ਨਤੀਜਿਆਂ ਵਲ ਧਿਆਨ ਦਿਤੇ ਬਿਨਾਂ ਤੇ ਬਿਨਾਂ ਸੋਚੇ ਸਮਝੇ ਬਿਆਨਬਾਜ਼ੀ ਕਰਨ ਅਤੇ ਅਜਿਹੀਆਂ ਹੋਰ ਹਰਕਤਾਂ ਕਰਨ ਲਈ ਬਦਨਾਮ ਹਨ, ਨੇ ਗੁਆਂਢੀ ਰਾਜਾਂ ਵਿਚਾਲੇ ਇਲਾਕਾਈ ਝਗੜਿਆਂ ਦੇ ਨਿਪਟਾਰੇ ਲਈ ਹਿਕ ਅਜੇਹੀ ਤਜਵੀਜ਼ ਪੇਸ਼ ਕਰ ਦਿਤੀ ਹੈ ਜਿਹੜੀ ਜੇਕਰ ਅਪਨਾ ਲਈ ਜਾਵੇ ਤਾਂ ਦੇਸ਼ ਲਈ ਤਬਾਹਕੁਨ ਸਾਬਤ ਹੋਵੇਗੀ ਅਤੇ ਹਰ ਤਰ੍ਹਾਂ ਦੇ ਇਲਾਕਾਈ ਫਿਰਕੂ ਅਤੇ ਕਬਾਇਲੀ ਸ਼ਾਵਨਵਾਦੀ ਜਜ਼ਬੇ ਅਤੇ ਖਿਚਾਅ ਭੜਕਾ ਦੇਵੇਗੀ। ਜੇਕਰ ਇਹ ਸਾਰੀ ਗੱਲ ਮੁਨਾਸਬ ਹੱਲ ਦੇ ਰਾਹ ਵਿਚ ਆਉਣ ਵਾਲੇ "ਅੜਿਕਿਆਂ" ਨੂੰ ਉਛਾਲਣ ਦੀ ਦਬਾ ਪਾਊ ਖੇਡ ਦਾ ਹਿਸਾ ਹੈ ਤਾਂ ਇਸ ਸਰਹੱਦੀ ਰਾਜ ਦੇ ਭਵਿੱਖ ਬਾਰੇ ਠੰਢਾ ਸਾਹ ਹੀ ਭਰਿਆ ਜਾ ਸਕਦਾ ਹੈ, ਜਿਥੇ ਹੁਕਮਰਾਨ ਪਾਰਟੀ ਅਤੇ ਮੁਖ ਵਿਰੋਧੀ ਪਾਰਟੀ(ਅਕਾਲੀ ਦਲ) ਭਿਆਨਕ ਸਤਾ-ਯੁੱਧ ਅਤੇ ਧਰਮ-ਯੁੱਧ ਵਿਚ ਉਲਝੀਆਂ ਹੋਈਆਂ ਹਨ ਅਤੇ ਜਿਥੇ ਕਿਸੇ ਵੀ ਜਾਇਜ਼ ਨਜਾਇਜ਼ ਹਥਿਆਰ ਦੀ ਵਰਤੋਂ ਨੂੰ ਅਯੋਗ ਨਹੀਂ ਸਮਝਿਆ ਜਾ ਰਿਹਾ।

ਸ੍ਰੀ ਮਲਹੋਤਰਾ ਨੇ ਕਿਹਾ ਪ੍ਰਧਾਨ ਮੰਤਰੀ ਅਤੇ ਉਹਨਾਂ ਦੇ ਸਹਾਇਕ ਕੌਮੀ ਏਕਤਾ ਅਤੇ ਸੁਰਖਿਆ ਨੂੰ ਖਤਰਿਆਂ ਦਾ ਦਿਨ ਰਾਤ ਅਲਾਪ ਕਰਦੇ ਰਹਿੰਦੇ ਹਨ। ਪਰ ਪਾਰਟੀ ਦੇ ਸੂਬਾ ਯੂਨਿਟਾਂ ਦੇ ਆਗੂਆਂ ਨੂੰ(ਅਤੇ ਸੂਬਿਆਂ ਦੇ ਇੰਕਾ ਮੁਖ ਮੰਤਰੀਆਂ ਨੂੰ ਜਿਥੇ ਕਿਤੇ ਉਹ ਹਨ) ਹਿਕ ਦੂਜੇ ਨਾਲ ਟਕਰਾਉਂਦੇ ਸਟੈਂਡ ਲੈਣ, ਆਪਣੀ ਫੁੱਟ ਦਾ ਮੁਜ਼ਾਹਰਾ ਕਰਨ, ਸਥਾਨਕ ਸ਼ਾਵਨਵਾਦ ਨੂੰ ਭੜਕਾਉਣ ਅਤੇ ਗਵਾਂਢੀ ਰਾਜਾਂ ਵਿਚਾਲੇ ਸੰਬੰਧਾਂ ਨੂੰ ਖਰਾਬ ਕਰਨ ਦੀ ਖੁਲ੍ਹੀ ਛੁੱਟੀ ਦੇ ਰਖੀ ਹੈ। ਇਸ ਹਾਲਤ ਵਿਚ ਕੌਮੀ ਏਕਤਾ ਅਤੇ ਸੁਰਖਿਆ ਨੂੰ ਖਤਰੇ ਦੀ ਦੁਹਾਈ ਨੂੰ ਇਕ ਅਜੇਹਾ ਰੌਲਾ ਹੀ ਸਮਝਿਆ ਜਾ ਸਕਦਾ ਹੈ ਜਿਸਦਾ ਅਰਥ ਕੋਈ ਨਹੀਂ। ਇਸ ਨਾਲ ਕੇਵਲ ਫੁੱਟਪਾਊ ਤਾਕਤਾਂ ਦੀ ਹੀ ਚੜ੍ਹ ਮਚੇਗੀ।

## ਭਿੰਡਰਾਂਵਾਲੇ ਵਲੋਂ ਦੋਸ਼ੀ ਪੁਲਸ ਨੂੰ ਦੇਣ ਤੋਂ ਨਾਂਹ ?

ਲੁਧਿਆਣਾ—ਪਤਾ ਲੱਗਾ ਹੈ ਕਿ ਸਥਾਨਕ ਪੁਲਸ ਨੇ ਦੋ ਦਿਨ ਪਹਿਲਾਂ ਗੁਰੂ ਨਾਨਕ ਨਿਵਾਸ ਵਿਚ ਛੁਪੇ ਪੁਲਸ ਨੂੰ ਲੋੜੀਂਦੇ ਜਿਨ੍ਹਾਂ ਵਿਅਕਤੀਆਂ ਦੀ ਸੂਚੀ ਸ਼ਰੋਮਣੀ ਕਮੇਟੀ ਨੂੰ ਭੇਜੀ ਸੀ ਸੰਤ ਭਿੰਡਰਾਂ ਨੇ ਉਹਨਾਂ ਨੂੰ ਪੁਲਸ ਦੇ ਹਵਾਲੇ ਕਰਨੋਂ ਨਾਂਹ ਕਰ ਦਿਤੀ ਹੈ ਅਤੇ ਗੁਰਚਰਨ ਸਿੰਘ ਟੌਹੜਾ ਹੁਣ ਇਨ੍ਹਾਂ ਦੀ ਗੁਰੂ ਨਾਨਕ ਨਿਵਾਸ ਵਿਚ ਮੌਜੂਦਗੀ ਤੋਂ ਇਨਕਾਰ ਪੱਤਰ ਭੇਜਣ ਉਤੇ ਵਿਚਾਰ ਕਰ ਰਹੇ ਹਨ। ਇਹ ਭੀ ਪਤਾ ਲਗਾ ਹੈ ਕਿ ਇਸ ਸਵਾਲ ਉਤੇ ਅਕਾਲੀਆਂ ਵਿਚ ਭਾਰੀ ਮਤਭੇਦ ਪੈਦਾ ਹੋ ਗਏ ਹਨ।

## ਬੇਲਚੀ ਕਾਂਡ ਦੇ ਦੋ ਦੋਸ਼ੀ ਫਾਹੇ ਲਾ ਦਿੱਤੇ ਗਏ

ਪਟਨਾ—1977 ਵਿਚ ਬੇਲਚੀ ਪਿੰਡ ਵਿਚ 17 ਹਰੀਜਨਾਂ ਨੂੰ ਕਤਲ ਕਰਨ ਵਾਲੇ ਜ਼ੁਮੇਵਾਰ ਦੋ ਦੋਸ਼ੀਆਂ ਮਹਾਂਵੀਰ ਮਾਹਤੋ ਅਤੇ ਧਨਕ ਮੰਡਲ ਨੂੰ ਕੱਲ੍ਹ ਭਾਗਲਪੁਰ ਕੇਂਦਰੀ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਐਡੀਸ਼ਨਲ ਸੈਸ਼ਨਜ਼ ਜੱਜ ਪਟਨਾ ਨੇ ਇਨ੍ਹਾਂ ਦੋਹਾਂ ਨੂੰ 1980 ਵਿਚ ਮੌਤ ਦੀ ਸਜ਼ਾ ਸੁਣਾਈ ਸੀ। ਪਟਨਾ ਹਾਈਕੋਰਟ ਨੇ ਪਿਛਲੇ ਸਾਲ ਉਹਨਾਂ ਦੀਆਂ ਅਪੀਲਾਂ ਰੱਦ ਕਰ ਦਿੱਤੀਆਂ।

## ਸੁਪਰੀਮ ਕੋਰਟ ਦੀ 'ਸ਼ੁਧੀ' ਲਈ ਰਾਜ ਨਰੈਣ ਵਰਤ ਰਖੇਗਾ

ਨਵੀਂ ਦਿੱਲੀ—ਜਲਤਾ ਪਾਰਟੀ ਦੇ ਆਗੂ ਸ੍ਰੀ ਰਾਜ ਨਾਰਾਇਣ ਨੇ ਇਥੇ ਸੁਪਰੀਮ ਕੋਰਟ ਨੂੰ ਦਸਿਆ ਕਿ ਉਹ ਇਸ ਅਦਾਲਤ ਦੀ ਸ਼ੁਧੀ ਲਈ 24 ਘੰਟੇ ਦਾ ਵਰਤ ਰਖਣਗੇ।

## ਸ੍ਰੀ ਪੁਰੇਵਾਲ ਨੂੰ ਭਾਰਤ ਤੋਂ ਵਾਪਸ ਭੇਜਣਾ ਪ੍ਰੈਸ ਦੀ ਆਜ਼ਾਦੀ ਤੇ ਹਮਲਾ ਹੈ — ਲੌਂਗੋਵਾਲ

ਅੰਮ੍ਰਿਤਸਰ — ਅਕਾਲੀ ਦਲ ਦੇ ਪ੍ਰਧਾਨ ਸ੍ਰੀ ਹਰਚੰਦ ਸਿੰਘ 'ਲੌਂਗੋਵਾਲ' ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਗੁਰਚਰਨ ਸਿੰਘ 'ਟੌਹੜਾ' ਸ੍ਰੀ ਤਰਸੇਮ ਸਿੰਘ ਪੁਰੇਵਾਲ ਨਾਲ ਕੀਤੀ ਗਏ ਸਲੂਕ ਤੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਯਾਦ ਰਹੇ ਕਿ ਪਿਛਲੇ ਦਿਨੀ ਸ੍ਰੀ ਪੁਰੇਵਾਲ ਐਡੀਟਰ 'ਦੇਸ ਪ੍ਰਦੇਸ਼' ਲੰਦਨ, ਨੂੰ ਚੰਡਗੜ੍ਹ ਉਨ੍ਹਾਂ ਦੀ ਬੀਮਾਰ ਪਈ ਮਾਤਾ ਦੇ ਕੋਲੋਂ ਪਕੜ ਕੇ ਵਾਪਸ ਲੰਦਨ ਭੇਜ ਦਿੱਤਾ ਗਿਆ ਸੀ।

ਸ੍ਰੀ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਸ੍ਰੀ ਪੁਰੇਵਾਲ ਦੀ ਇਸ ਡੀਪੋਰਟੇਸ਼ਨ ਦੀ ਨਖੇਧੀ ਕਰਦਿਆਂ ਕਿਹਾ ਹੈ ਕਿ ਇਹ ਪ੍ਰੈਸ ਦੀ ਆਜ਼ਾਦੀ ਤੇ ਹਮਲਾ ਹੈ ਅਤੇ ਬਦੇਸ਼ਾਂ ਵਿਚ ਵਸ ਰਹੇ ਸਿੱਖਾਂ ਨੂੰ ਦਬਾਉਣ ਦਾ ਇਕ ਯਤਨ ਹੈ।

"ਮੈਂ ਸ੍ਰੀ ਪੁਰੇਵਾਲ ਨੂੰ ਪਿਛਲੇ 10 ਸਾਲਾਂ ਤੋਂ ਜਾਣਦਾ ਹਾਂ" ਉਨ੍ਹਾਂ ਕਿਹਾ "ਉਹ ਇਕ ਦੇਸ਼ ਭਗਤ ਹੈ ਜੋ ਪੰਜਾਬ ਦੇ ਲੋਕਾਂ ਪ੍ਰਤੀ ਹਮਦਰਦੀ ਦਰਸਾਉਂਦਾ ਰਿਹਾ ਹੈ। ਉਸ ਦੀ ਡੀਪੋਰਟੇਸ਼ਨ ਭਾਰਤੀ ਮਰਿਆਦਾ ਦੇ ਵਿਰੁਧ ਹੈ। ਉਨ੍ਹਾਂ ਅੱਗੇ ਕਿਹਾ ਕਿ ਅਜੇਹੀਆਂ ਕਾਰਵਾਈਆਂ ਨਾਲ ਬਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਦਬਾਇਆ ਨਹੀਂ ਜਾ ਸਕਦਾ।

ਡਿਗ ਪਿਆ ਡਿਗਣਾ ਸੀ ਆਖ਼ਿਰ ਏਸ ਨੇ
ਕਿੰਝ ਖਲੋਂਦਾ ਬੁਰਜ ਯਾਰੋ ਰੇਤ ਦਾ।

## ਭਾਰਤੀ ਕ੍ਰਿਕਟ ਟੀਮ ਨੂੰ ਇਕ ਹੋਰ ਮੂੰਹ ਤੋੜਵੀਂ ਹਾਰ

ਨਵੀਂ ਦਿੱਲੀ— ਭਾਰਤ ਵਿਚ ਹੋਏ ਤੀਸਰੇ ਕ੍ਰਿਕਟ ਟੈਸਟ ਮੈਚ ਵਿਚ ਭਾਰਤ ਨੂੰ ਵੈਸਟ ਇੰਡੀਜ਼ ਤੋਂ ਹਾਰ ਖਾਨੀ ਪਈ। ਦੁਨੀਆਂ ਦੇ ਦੋ ਉਘੇ ਖਿਲਾਡੀ ਸੁਨੀਲ ਗਾਵਾਸਕਰ ਅਤੇ ਕਪਲ ਦੇਵ ਵੀ ਭਾਰਤੀ ਟੀਮ ਨੂੰ ਹਾਰ ਤੋਂ ਨ ਬਚਾ ਸਕੇ ਜਦੋਂ ਕਿ ਮੈਚ ਦੇ ਪੂਰੇ ਸਮੇਂ ਵਿਚੋਂ ਇਕ ਦਿਨ ਪਹਿਲਾਂ ਹੀ 138 ਦੌੜਾਂ ਨਾਲ ਵੈਸਟ ਇੰਡੀਜ਼ ਨੇ ਜਿੱਤ ਪ੍ਰਾਪਤ ਕਰ ਲਈ ਅਤੇ ਇਸ ਤਰਾਂ ਉਹ ਵਰਤਮਾਨ ਟੈਸਟ ਮੈਚਾਂ ਦੀ ਲੜੀ ਵਿਚ 2-0 ਨਾਲ ਅੱਗੇ ਹੋ ਗਏ ਹਨ।

## ਕਪਲ ਦੇਵ ਦੀ ਇਕ ਹੋਰ ਵੱਡੀ ਪ੍ਰਾਪਤੀ

ਐਹਮਦਾਬਾਦ — ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਕਪਲਦੇਵ ਨੇ ਵੈਸਟ ਇੰਡੀਜ਼ ਦੇ ਵਿਰੁਧ ਤੀਸਰਾ ਟੈਸਟ ਮੈਚ ਖੇਲਦੇ ਸਮੇਂ ਇਕ ਹੋਰ ਮੀਲ ਪੱਥਰ ਪਾਰ ਕਰ ਲਿਆ ਹੈ ਜਦੋਂ ਉਨ੍ਹਾਂ ਨੇ ਵਿਰੋਧੀ ਟੀਮ ਦੀਆਂ 9 ਵਿਕਟਾਂ ਹਿਕ ਹੀ ਮੈਚ ਵਿਚ ਲੈ ਲਈਆਂ। ਇਸ ਤਰਾਂ ਉਹ ਤੀਸਰੇ ਭਾਰਤੀ ਅਤੇ ਦਸਵੇਂ ਵਿਸ਼ਵ ਖਿਲਾਰੀ ਹਨ ਜਿਨ੍ਹਾਂ ਨੇ 9 ਵਿਕਟਾਂ ਇਕ ਮੈਚ ਵਿਚ ਪ੍ਰਾਪਤ ਕੀਤੀਆ ਹੋਣ।

## ਹੁਣ ਇਹ 'ਕੁਰਸੀ ਯੁੱਧ' ਹੈ — ਬੂਟਾ ਸਿੰਘ

ਨਵੀਂ ਦਿੱਲੀ — ਭਾਰਤ ਸਰਕਾਰ ਦੇ ਹਾਊਸਿੰਗ ਅਤੇ ਵਰਕਸ ਦੇ ਮੰਤ੍ਰੀ ਸ੍ਰੀ ਬੂਟਾ ਸਿੰਘ ਨੇ ਕਿਹਾ ਹੈ ਕਿ ਅਕਾਲੀ ਮੰਗਾਂ ਦੀ ਪਰਵਾਨਗੀ ਲਈ ਅਕਾਲੀਆਂ ਵਲੋਂ ਚਲ ਰਹੇ ਮੋਰਚੇ ਨੂੰ ਹੁਣ 'ਧਰਮ-ਯੁੱਧ' ਨਹੀਂ ਸਗੋਂ 'ਕੁਰਸੀ ਯੁੱਧ' ਕਹਿਣਾ ਚਾਹੀਦਾ ਹੈ।

ਉਹ ਸ੍ਰੀ ਗੁਰਚਰਨ ਸਿੰਘ ਨਿਧੜਕ, ਬੰਬਈ ਦੇ ਇਕ ਸਿੱਖ ਲੀਡਰ ਦੀ ਪ੍ਰਧਾਨਗੀ ਹੇਠ ਹੋ ਰਹੀ ਆਲ ਇੰਡੀਆ ਸਿੱਖ ਕਨਵੈਨਸ਼ਨ ਵਿਚ ਬੋਲ ਰਹੇ ਸਨ।


**Nash N.S. Gill**
Barrister & Solicitor
Notary Public
Personal injury & I.C.B.C claims, Divorces, Immigration, Estates & Criminal
ਕਾਰ ਐਕਸੀਡੈਂਟ ਵਿੱਚ ਸੱਟ ਲੱਗ ਜਾਣ. ਨਾਲ ਇਨਸ਼ੋਰੈਂਸ ਦੇ ਕੇਸ ਤੇ ਡਾਈਵੋਰਸ-ਇਮੀਗਰੇਸ਼ਨ ਅਤੇ ਅਸਟੇਟ ਦੇ ਕੇਸ ਆਦਿ ਹੈਂਡਲ ਕੀਤੇ ਜਾਂਦੇ ਹਨ ਮਿਲੋ ਜਾਂ ਫੂਨ ਕਰੋ
Bus. 853-9322
Res. 826-8207
New Office located at :
33232 South Fraser Way
Abbotsford, B.C.



**ਸੂਚਨਾ**
ਕਿਸੇ ਵੀ ਤਰ੍ਹਾਂ ਦੀ ਕਾਰ ਮੁਰੰਮਤ(Repair) ਕਰਾਉਣ ਲਈ ਜਾਂ ਆਟੋ ਬਾਡੀ (Auto Body) ਦਾ, ਜਾਂ ਕਾਰ ਪੇਂਟ ਕਰਾਉਣ ਦਾ ਕੰਮ ਕਰਾਉਣ ਲਈ ਮਿਲੋ ਜਾਂ ਫੋਨ ਕਰੋ
OPEN 24 Hours
MINIT - TUNE
1001-20th Ave. Prince George, B.C.

BOB Manager
Ph. (604)563-6492

ਪੰਥ ਕੀ ਜੀਤ

ੴ ਵਾਹਿਗੁਰੂ ਜੀ ਦੀ ਫਤਹਿ॥

ਦੇਗ ਤੇਗ ਫਤਿਹ

# ਸੂਰਾ ਸੋ ਪਹਿਚਾਨੀਐ ਜੋ ਲਰੇ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

**"O Lord, just give me this one blessing: That I may never hesitate to act for righteousness."**

**ਆਉ ਸਾਧ ਸੰਗਤ ਜੀ, ਗੁਰੂ ਘਰ ਨੂੰ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣਾਈ ਰੱਖੀਏ !!**

ਇਹ ਸੇਵਾਦਾਰਾਂ ਦੀ ਕਮੇਟੀ ਸਾਲ 1984 ਲਈ ਭਾਈ ਅਜੀਤ ਸਿੰਘ ਨੱਨਰ ਦੀ ਪ੍ਰਧਾਨਗੀ ਹੇਠਾਂ ਭਾਈ ਪਿਆਰਾ ਸਿੰਘ ਬੈਂਸ, ਭਾਈ ਬਿੱਕਰ ਸਿੰਘ ਢਿੱਲੋਂ, ਭਾਈ ਗੁਰਦੇਵ ਸਿੰਘ ਜੌਹਲ, ਭਾਈ ਦਲਜੀਤ ਸਿੰਘ ਸੰਧੂ, ਭਾਈ ਮੋਤਾ ਸਿੰਘ ਸ਼ੀਤਾ, ਭਾਈ ਗੁਰਚਰਨ ਸਿੰਘ ਧਾਲੀਵਾਲ, ਭਾਈ ਜੁਗਿੰਦਰ ਸਿੰਘ ਸਿੱਧੂ, ਭਾਈ ਗੁਰਦਿਆਲ ਸਿੰਘ ਨੀਲ, ਭਾਈ ਚਰਨਜੀਤ ਸਿੰਘ ਰੰਧਾਵਾ, ਸੂਬੇਦਾਰ ਜੁਗਿੰਦਰ ਸਿੰਘ ਗਿੱਲ, ਭਾਈ ਸੇਵਾ ਸਿੰਘ ਢੱਟ, ਭਾਈ ਪਰਦੁੱਮਣ ਸਿੰਘ ਹੁੰਦਲ, ਭਾਈ ਗੁਰਮੇਲ ਸਿੰਘ ਦੁਸਾਂਝ...ਭਾਈ ਪ੍ਰੀਤਮ ਸਿੰਘ ਲਿੱਧੜ, ਮੋਹਣ ਸਿੰਘ ਬੈਂਸ, ਗੋਪਾਲ ਸਿੰਘ ਭੁੱਲਰ, ਹਰਬੰਸ ਸਿੰਘ ਸਮਰਾ, ਪਿਆਰਾ ਸਿੰਘ ਜੌਹਲ, ਮਲਕੀਅਤ ਸਿੰਘ ਪੁਰੇਵਾਲ, ਅਮਰ ਸਿੰਘ ਬਿੰਦ ਅਤੇ ਅਤੇ ਪਿਆਰਾ ਸਿੰਘ ਜੌਹਲ ਅਤੇ ਹਜ਼ਾਰਾਂ ਹੋਰ ਸ਼ਰਧਾਲੂਆਂ ਵਲੋਂ ਸੇਵਾ ਲਈ ਹਾਜ਼ਰ ਹਨ ।



Jaspal(Chanchal)S. Gill - ਜਸਪਾਲ(ਚੈਂਚਲ) ਸਿੰਘ ਗਿੱਲ
Vice-President - ਮੀਤ ਪ੍ਰਧਾਨ
274-0479



Satnam S. Johal - ਸਤਨਾਮ ਸਿੰਘ ਜੌਹਲ
Secretary - ਸਕੱਤਰ
435-9141



Ajit S. Nannar - ਅਜੀਤ ਸਿੰਘ ਨੱਨਰ
President - ਪ੍ਰਧਾਨ
524-5361



Gian S. Sandhu - ਗਿਆਨ ਸਿੰਘ ਸੰਧੂ
Rec. Secretary - ਰੀਕਾਰਡਿੰਗ ਸਕੱਤਰ
325-2673



Gurbax S.(Bagi)Sanghera
- ਗੁਰਬਖਸ਼ ਸਿੰਘ(ਬਾਗੀ)ਸੰਘੇੜਾ
Rec. Secretary - ਰੀਕਾਰਡਿੰਗ ਸਕੱਤਰ
591-9350

## ਗੁਰਦੁਆਰਾ ਸਾਹਿਬ ਨੂੰ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਬਣਾਈ ਰੱਖਣ ਅਤੇ ਕੌਮ ਵਿਚ ਏਕਤਾ ਬਣਾਈ ਰੱਖਣ ਲਈ :-

ਖਾਲਸਾ ਦੀਵਾਨ ਸੁਸਾਇਟੀ, 8000 ਰੌਸ ਸਟਰੀਟ, ਵੈਨਕੂਵਰ, ਬੀ. ਸੀ. ਦੀਆਂ ਸਾਲ 1984 ਦੀਆਂ ਚੋਣਾਂ ਵਿਚ ਆਪਣੇ ਅਜ਼ਮਾਏ ਹੋਏ, ਪੱਕੇ ਇਰਾਦੇ ਵਾਲੇ ਸੇਵਾਦਾਰ, ਜਿੰਨ੍ਹਾਂ ਨੇ ਪਿਛਲੇ ਪੰਜ ਸਾਲਾਂ ਤੋਂ ਗੁਰਦੁਆਰਾ ਸਾਹਿਬ ਦੀ ਉਨਤੀ ਲਈ ਬੇਮਿਸਾਲ ਉਪਰਾਲੇ ਕੀਤੇ ਹਨ ਅਤੇ ਆਪ ਸੰਗਤਾਂ ਨੇ

**ਉਮੀਦਵਾਰ ਨਾਮਜ਼ੱਦ ਕੀਤਾ ਹੈ ।**

## ਨੂੰ ਵੋਟਾਂ ਪਾ ਕੇ ਕਾਮਯਾਬ ਬਣਾਉਣ ਲਈ ਬੇਨਤੀ ਹੈ :

| | |
|---|---|
| **Ajit Singh Nannar** - ਅਜੀਤ ਸਿੰਘ ਨੱਨਰ<br>President - ਪ੍ਰਧਾਨ | X |
| **Jaspal(Chanchal) Singh Gill** - ਜਸਪਾਲ(ਚੈਂਚਲ)ਸਿੰਘ ਗਿੱਲ<br>Vice-President - ਮੀਤ-ਪ੍ਰਧਾਨ | X |
| **Satnam Singh Johal** - ਸਤਨਾਮ ਸਿੰਘ ਜੌਹਲ<br>Secretary - ਸਕੱਤਰ | X |
| **Gian Singh Sandhu** - ਗਿਆਨ ਸਿੰਘ ਸੰਧੂ<br>Rec. Secretary - ਰੀਕਾਰਡਿੰਗ ਸਕੱਤਰ | X |
| **Gurbax Singh Sanghera(Bagi)**-ਗੁਰਬਖਸ਼ ਸਿੰਘ ਸੰਘੇੜਾ(ਬਾਗੀ)<br>Rec. Secretary - ਰੀਕਾਰਡਿੰਗ ਸਕੱਤਰ | X |
| **Bakhshish Singh Bains** - ਬਖਸ਼ੀਸ਼ ਸਿੰਘ ਬੈਂਸ<br>Treasurer - ਖਜ਼ਾਨਚੀ | X |
| **Harjinder Singh Mahal** - ਹਰਜਿੰਦਰ ਸਿੰਘ ਮਾਹਲ<br>Asst. Treasurer - ਮੀਤ-ਖਜ਼ਾਨਚੀ | X |
| **Sardara Singh Gill** - ਸਰਦਾਰਾ ਸਿੰਘ ਗਿੱਲ<br>Member - ਮੈਂਬਰ | X |
| **Jit Singh Sanghera** - ਜੀਤ ਸਿੰਘ ਸੰਘੇੜਾ<br>Member - ਮੈਂਬਰ | X |
| **Amarjit Singh Brar "Moga"** - ਅਮਰਜੀਤ ਸਿੰਘ ਬਰਾੜ "ਮੋਗਾ"<br>Member - ਮੈਂਬਰ | X |
| **Mohinder Singh Bilga** - ਮਹਿੰਦਰ ਸਿੰਘ ਬਿਲਗਾ<br>Member - ਮੈਂਬਰ | X |



Bakhshish S. Bains - ਬਖਸ਼ੀਸ਼ ਸਿੰਘ ਬੈਂਸ
Treasurer - ਖਜ਼ਾਨਚੀ
433-6982



Harjinder S. Mahal - ਹਰਜਿੰਦਰ ਸਿੰਘ ਮਾਹਲ
Asst. Treasurer - ਮੀਤ-ਖਜ਼ਾਨਚੀ
438-8058



Sardara S. Gill - ਸਰਦਾਰਾ ਸਿੰਘ ਗਿੱਲ
Member - ਮੈਂਬਰ
321-9352



Jit S. Sanghera - ਜੀਤ ਸਿੰਘ ਸੰਘੇੜਾ
Member - ਮੈਂਬਰ
438-6234

**ਵੋਟ ਪਾਉਣ ਦਾ ਪਤਾ**

ਸ੍ਰੀ ਗੁਰੂ ਅਮਰਦਾਸ ਨਿਵਾਸ
1071 ਸਾਊਥ ਈਸਟ ਮਾਰੀਨ ਡਰਾਈਵ
ਵੈਨਕੂਵਰ, ਬੀ. ਸੀ. (ਗੁਰਦੁਆਰਾ ਸਾਹਿਬ ਦੇ ਸਾਹਮਣੇ)

**ਵੋਟ ਪਾਉਣ ਦਾ ਸਮਾਂ :**

3 ਦਸੰਬਰ, 1983 ਦਿਨ ਸਨਿਚਰਵਾਰ ਨੂੰ ਸਵੇਰੇ 7 ਵਜੇ ਤੋਂ ਲੈ ਕੇ ਸ਼ਾਮ ਦੇ 7 ਵਜੇ ਤੱਕ



Amarjit S. Brar "Moga"
- ਅਮਰਜੀਤ ਸਿੰਘ ਬਰਾੜ "ਮੋਗਾ"
Member - ਮੈਂਬਰ
584-2582



Mohinder S. Bilga
- ਮਹਿੰਦਰ ਸਿੰਘ ਬਿਲਗਾ
Member - ਮੈਂਬਰ
325-2953

ਨੋਟ— ਕ੍ਰਿਪਾ ਕਰਕੇ ਉਪਰ ਦਿੱਤੇ ਅਨੁਸਾਰ, ਵੋਟ ਪਾਉਣ ਸਮੇਂ, ਹਰ ਇਕ ਉਮੀਦਵਾਰ ਦੇ ਨਾਂ ਦੇ ਸਾਹਮਣੇ X ਨਿਸ਼ਾਨ ਲਗਾਉਣ ਦੀ ਕ੍ਰਿਪਾ ਕਰਨੀ । ਵੋਟ ਪਾਉਣ ਸਮੇਂ ਆਪਣਾ ਮੈਂਬਰਸ਼ਿਪ ਕਾਰਡ ਅਤੇ ਆਪਣੀ ਆਡੈਂਟੀਫੀਕੇਸ਼ਨ, ਜੋ ਆਪਣੇ ਮੈਂਬਰਸ਼ਿਪ ਫਾਰਮ ਵਿਚ ਭਰੀ ਹੈ ਨਾਲ ਜ਼ਰੂਰ ਲੈ ਕੇ ਆਉਣੀ ਜੀ !

# ਭਾਰਤੀ ਕਮਿਊਨਿਟੀ ਵਲੋਂ ਸਰੀ ਮਿਊਂਸਪੈਲਟੀ ਨੂੰ ਇਕ ਜ਼ਬਰਦਸਤ ਸੁਨੇਹਾ

ਜਰਨਪਾਲ ਗਿੱਲ

ਮੈਂ ਅੱਜ ਬੜੀ ਖੁਸ਼ੀ ਤੇ ਮਾਣ ਨਾਲ ਲਿਖ ਰਿਹਾ ਹਾਂ ਕਿ ਸਰੀ ਵਿਚ ਭਾਰਤੀ ਕਮਿਊਨਿਟੀ ਨੇ ਇਕ ਮੁਠ ਹੋ ਆਪਦਾ ਸਿਆਸੀ ਮਸਲ ਵਿਖਾਇਆ। ਆਪਦੇ ਜ਼ਾਤੀ ਮਤਭੇਦ ਨੂੰ ਇਕ ਪਾਸੇ ਕਰਕੇ ਸਾਰੇ ਵੀਰਾਂ ਤੇ ਭੈਣਾਂ ਨੇ ਮੋਢੇ ਨਾਲ ਮੋਢਾ ਜੋੜਕੇ ਕੰਮ ਕੀਤਾ। ਭਾਵੇਂ ਸਾਰੇ ਗੁਰਦੁਆਰਿਆਂ ਵਿਚ ਚੋਣਾਂ ਹੋਣ ਕਰਕੇ ਦੋ ਪਾਰਟੀਆਂ ਬਣੀਆਂ ਹੋਈਆਂ ਹਨ ਪਰ ਸਰੀ ਚੋਣ ਵਿਚ ਸਾਰਿਆਂ ਨੇ ਇਕੱਠੇ ਹੋ ਕੇ ਬਾਹਰਲੀ ਕਮਿਊਨਿਟੀ ਨੂੰ ਇਕ ਜ਼ਬਰਦਸਤ ਸੁਨੇਹਾ ਭੇਜਿਆ। ਸਰੀ ਗੁਰਦੁਆਰੇ ਦੀ ਕਮੇਟੀ ਤੇ ਸੰਗਤਾਂ ਨੇ ਪੁਰਜ਼ੋਰ ਮੱਦਦ ਕੀਤੀ। ਜਿਹੜੇ ਵਰਕਰਾਂ ਨੇ ਸਾਰਾ ਦਿਨ ਮੀਂਹ ਪੈਂਦੇ ਵਿਚ ਵੋਟਰਾਂ ਨੂੰ ਘਰੋਂ ਘਰੀ ਜਾ ਕੇ ਵੋਟਾਂ ਪਾਉਣ ਦੀ ਪਰੇਰਨਾ ਕੀਤੀ ਉਨ੍ਹਾਂ ਨੂੰ ਗਰਮ ਗਰਮ ਲੰਗਰ ਵਿਚੋਂ ਪਰਸ਼ਾਦਾ ਪਹੁੰਚਦਾ ਕੀਤਾ। ਇਸ ਵੇਰ ਭਾਰਤੀ ਕਮਿਊਨਿਟੀ ਨੇ ਜਿਉਂਦਾ ਸਬੂਤ ਦਿਤਾ ਕਿ ਸਾਡੇ ਵਿਚ ਜੋਸ਼, ਪੈਸਾ ਤੇ ਅਕਲ ਹੈ ਤੇ ਇਸਦੀ ਵਰਤੋਂ ਯੋਗ ਢੰਗ ਨਾਲ ਕਰ ਸਕਦੇ ਹਾਂ। ਇਸਦਾ ਸਨੇਹਾ ਅਸੀਂ ਪਿਛਲੇ ਸਾਲ ਨਾਲੋਂ ਸੱਤ ਸੌ ਵੋਟਾਂ ਵਧਾ ਕੇ ਦਿਤਾ ਹੈ ਤੇ ਵੱਡੀਆਂ ਵੱਡੀਆਂ ਸਾਮੀਆਂ ਕੰਬਾ ਦਿਤੀਆਂ ਹਨ।

ਸਿਰਫ ਵਲੰਟੀਅਰਾਂ ਨੇ ਕੰਮ ਹੀ ਨਹੀਂ ਕੀਤਾ ਸਗੋਂ ਮਾਲੀ ਸਹਾਇਤਾ ਭੀ ਡਾਢੀ ਕੀਤੀ। ਪ੍ਰੀਤਮ ਸਿੰਘ ਧਾਲੀਵਾਲ ਪਿੰਡ ਲੋਪੋਂ ਦੇ ਅਖੰਡਪਾਠ ਤੇ ਰਣਜੀਤ ਸਿੰਘ ਗਿਲ ਤੇ ਉਨ੍ਹਾਂ ਦੇ ਸਾਥੀਆਂ ਨੇ ਸੰਗਤਾਂ ਤੋਂ ਕੋਈ ਚਾਰ ਸੌ ਡਾਲਰ ਦੀ ਉਗਰਾਹੀ ਕੀਤੀ। ਸਰੀ-ਡੈਲਟਾ ਟੈਕਸੀ ਡਰਾਈਵਰ ਐਸੋਸੀਏਸ਼ਨ ਕਲੋਵਰਡੇਲ ਤੋਂ ਚੰਡੀ ਪਰਵਾਰ, ਓਂਕਾਰ ਹੁੰਦਲ ਦੇ ਘਰ ਕਈ ਅਗਾਂਹਵਧੂ ਨੌਜੁਆਨਾਂ ਨੇ ਤੇ ਬਲਦੇਵ ਦੇ ਘਰੇ ਟੀਟੂ ਤੇ ਹਰਦੇਵ ਹਰੀ ਨੇ, ਹਰਿੰਦਰ ਮਾਹਲ ਦੇ ਘਰੇ ਇਪਾਨਾ ਨੇ, ਮਿਹਰ ਗਿੱਲ ਦੇ ਘਰੇ ਟਰੇਜ਼ਰ ਵੈਲੀ ਅਸੋਸੀਏਸ਼ਨ ਨੇ, ਫਰੇਜ਼ਰ ਵੈਲੀ ਹਾਕੀ ਟੀਮ ਤੇ ਸਰੀ ਗੁਰਦੁਆਰੇ ਵਿਚ ਐਕਟਿਵ ਸੰਗਤਾਂ ਨੇ ਤੇ ਹੋਰ ਬਹੁਤ ਸਾਰੇ ਵਿਅਕਤੀਆਂ ਨੇ ਇਕੱਠੇ ਹੋ ਕੇ ਕੋਈ 2500 ਡਾਲਰ ਦੀ ਉਗਰਾਹੀ ਕੀਤੀ। ਚੋਣਾਂ ਵਾਲੇ ਦਿਨ ਕੋਈ ਅੱਸੀ ਬੰਦੇ ਵਲੰਟੀਅਰਾਂ ਦੇ ਤੌਰ ਤੇ ਕੰਮ ਕਰ ਰਹੇ ਸਨ। ਵੈਨਕੂਵਰ ਤੋਂ ਲਿੱਦੜ ਸਾਹਿਬ ਰਾਹੀਂ ਬਜ਼ੁਰਗਾਂ ਨੇ ਦਾਨ ਭੇਜਿਆ। ਸਰੀ ਵਿਚੋਂ ਮਿਹਰ ਸਿੰਘ ਜੌਹਲ ਤੇ ਮੱਘਰ ਸਿੰਘ ਬਾਠ ਨੇ ਫੂਨ ਦੀ ਸੇਵਾ ਕੀਤੀ। ਨਿਊਵੈਸਟਮਿਨਸਟਰ ਲੇਬਰ ਕੌਂਸਲ ਨੇ ਸੌ ਡਾਲਰ ਦਿਤਾ ਤੇ ਆਪਦੇ ਮੈਂਬਰਾਂ ਨੂੰ ਸੁਨੇਹਾ ਦਿਤਾ ਕਿ ਉਹ ਵੋਟ ਚਰਨਪਾਲ ਗਿੱਲ ਨੂੰ ਪਾਉਣ। ਐਨ. ਡੀ. ਪੀ. ਤੇ ਟੀਚਰਾਂ ਦੀ ਅਸੋਸੀਏਸ਼ਨ ਨੇ ਸਾਰੇ ਸਰੀ ਦੇ ਟੀਚਰਾਂ ਨੂੰ ਵੋਟ ਪਾਉਣ ਲਈ ਸੱਦਾ ਦਿੱਤਾ। ਇਕ ਪਾਸੇ ਸਰਵਨ ਬੋਲ ਤੇ ਰਾਜ ਚੌਹਾਨ ਫਾਰਮ ਵਰਕਰਾਂ ਨੂੰ ਜਥੇਬੰਦ ਕਰਨ ਵਾਲੇ ਕੰਮ ਕਰ ਰਹੇ ਸਨ ਦੂਸਰੇ ਪਾਸੇ ਸੂਬੇਦਾਰ ਜੋਗਿੰਦਰ ਸਿੰਘ ਤੇ ਗੁਰਦੀਪ ਸਿੰਘ ਸਿੱਧੂ ਠੇਕੇਦਾਰ ਤੇ ਉਨ੍ਹਾਂ ਦੇ ਸਪੁਤਰ ਤੇ ਸਪੁਤਰੀਆਂ ਪੁਰਜ਼ੋਰ ਮਦਦ ਕਰ ਰਹੇ ਸਨ। ਇਨ੍ਹਾਂ ਗੱਲਾਂ ਨੂੰ ਵੇਖ ਕੇ ਇਕ ਗੱਲ ਦੀ ਖੁਸ਼ੀ ਇਹ ਹੋਈ ਭਾਵੇਂ ਅਸੀਂ ਕਿਸੇ ਸਿਆਸੀ ਪਾਰਟੀ ਨਾਲ ਸਬੰਧ ਰਖਦੇ ਹੋਈਏ ਜਾਂ ਸਾਡੇ ਆਪਸ ਵਿਚੀਂ ਫਰਕ ਹੋਣ, ਪਰ ਅਸੀਂ ਘੱਟ ਗਿਣਤੀ ਦੇ ਲੋਕ ਆਪਦੇ ਜਮਹੂਰੀ ਹੱਕਾਂ ਲਈ ਤੇ ਆਪਦੀ ਕੌਮਾਂ ਦੀ ਪ੍ਰਤੀਨਿਧਤਾ ਲਈ ਇਕ ਮੁਠ ਹੋ ਸਕਦੇ ਹਾਂ ਤੇ ਆਪਦੀ ਆਵਾਜ਼ ਬੁਲੰਦ ਕਰ ਸਕਦੇ ਹਾਂ। ਸੂੰਮੀ ਦੀ ਪਾਰਟੀ ਨੇ ਆਪਦੀਆਂ ਚੋਣਾਂ ਤੇ 70000 ਹਜ਼ਾਰ ਡਾਲਰ ਖਰਚਿਆ। ਤੇ ਸੋਸ਼ਲ ਕਰੈਡਿਟ ਪਾਰਟੀ ਨੇ 50,000 ਤੋਂ ਉਪਰ ਖਰਚਿਆ। ਇਸਦੇ ਨਾਲ ਬਿਲ ਵੈਨਡਰਜ਼ੇਮ, ਰੀਟਾ ਜਾਹਨਸਨ ਤੇ ਬਿੱਲ ਰੀਡ ਜੋ ਕਿ ਸਰੀ ਵਿਚ ਅਸੈਂਬਲੀ ਦੇ ਮੈਂਬਰ ਚੁਣੇ ਹੋਏ ਹਨ ਤੇ ਆਪਦੇ ਆਪ ਨੂੰ ਵੱਡੇ ਕਹਾਉਂਦੇ ਹਨ। ਉਨ੍ਹਾਂ ਦੇ ਜ਼ੋਰ ਲਾਉਣ ਦੇ ਬਾਵਜੂਦ ਵੀ ਅਸੀਂ ਇਸ ਪਾਰਟੀ ਦੇ ਦੋ ਮੈਂਬਰਾਂ ਦੀ ਡੂਹੀ ਲਾ ਦਿੱਤੀ। ਜਿੱਮ ਗਿਲਸ਼ ਜਿਸਨੇ ਆਪਦੀਆਂ ਚੋਣਾਂ ਤੇ 12000 ਡਾਲਰ ਖਰਚਿਆ ਉਹ ਸਿਰਫ ਆਪਾਂ ਨਾਲੋਂ 150 ਵੋਟ ਜ਼ਿਆਦਾ ਲੈ ਸਕਿਆ। ਸਾਡੀ ਕਿਮਊਨਿਟੀ ਵਿਚੋਂ 2500 ਦੇ ਲਗਭਗ ਡਾਲਰ ਇਕੱਠੇ ਹੋਏ ਤੇ ਕੁਝ ਬਾਹਰੋਂ ਭੀ ਪੈਸੇ ਆਏ ਅਸੀਂ ਕੁਲ ਖਰਚਾ 3000 ਡਾਲਰ ਕੀਤਾ। ਮੈਨੂੰ ਆਪਦੀ ਮਿਹਨਤ ਕਾਰ ਦਾ ਗੈਸ ਤੇ ਲਗਭਗ ਖਰਚ ਕਰਕੇ ਸਿਰਫ 500 ਡਾਲਰ ਖਰਚਣਾ ਪਿਆ। ਸਾਡੇ ਕਮਿਊਨਿਟੀ ਦੇ ਪਤਵੰਤੇ ਸੱਜਣਾਂ ਨੇ ਐਡਾਂ ਭੀ ਆਪਦੇ ਕੋਲੋਂ ਪੈਸੇ ਖਰਚ ਕੇ ਪਾਈਆਂ ਤੇ ਹੋਰ 150 ਬੰਦਿਆਂ ਨੇ ਕਿਸੇ ਪੰਜ ਤੇ ਕਿਸੇ ਨੇ ਪੰਜਾਹ ਡਾਲਰਾਂ ਤੱਕ ਦਾਨ ਕੀਤਾ।



ਵਿਕਟਰੀ ਪਾਰਟੀ ਤੇ ਸਾਰੀਆਂ ਸੰਗਤਾਂ ਦੇ ਹੌਂਸਲੇ ਬੁਲੰਦ ਸਨ। ਸਾਡੀ ਜਿੱਤ ਦੇ ਨਾਅਰੇ ਲੱਗ ਰਹੇ ਸਨ। ਪਿਆਰ, ਜਜ਼ਬਾਤ ਤੇ ਜੋਸ਼ ਦੀਆਂ ਠਾਠਾਂ ਵੱਜ ਰਹੀਆਂ ਸਨ। ਮੈਨੂੰ ਇਨ੍ਹਾਂ ਗੱਲਾਂ ਨਾਲ ਹੌਂਸਲਾ ਮਿਲਿਆ। ਇਹ ਕੰਮ ਸੁਖਾਲਾ ਨਹੀਂ, ਚੋਣਾਂ ਦਾ ਕੰਮ ਕਾਫੀ ਮੁਸ਼ਕਲ ਹੁੰਦਾ ਹੈ। ਇਕੱਲੇ ਦੇ ਕਰਨ ਵਾਲਾ ਨਹੀਂ। ਅਸੀਂ ਪੈਸਿਆਂ ਦੀ ਕਈ ਤਰ੍ਹਾਂ ਬੱਚਤ ਕੀਤੀ। ਸਾਡੇ ਬੱਚਿਆਂ ਨੇ ਤੇ ਨੌਜੁਆਨਾਂ ਨੇ ਕੋਈ 30,000 ਸਰੀ ਵਿਚ ਲੀਫਲੈਟ ਵੰਡਿਆ। ਸਾਡੀ ਫੂਨ ਕਮੇਟੀ ਦੇ 12 ਵਲੰਟੀਅਰ ਸਨ। ਫਟੇ ਲਾਉਣ ਵਾਲੀ ਕਮੇਟੀ ਵਿਚ ਅੱਠ ਬੰਦੇ ਸਨ। ਘੱਟ ਤੋਂ ਘੱਟ ਚੋਣਾਂ ਵਿਚ 120 ਬੰਦੇ ਕੰਮ ਕਰ ਰਹੇ ਸਨ। ਇਸੇ ਕਰਕੇ ਮੈਂ ਅੱਠਵੇਂ ਨੰਬਰ ਤੇ ਆਇਆ। ਜਿੱਤ ਵਾਲੇ ਨਾਲੋਂ ਸਾਡੀਆਂ ਸੋਲਾਂ ਸੌ ਵੋਟਾਂ ਘੱਟ ਹਨ। ਸਾਡੀ ਕਮਿਊਨਿਟੀ ਦੀਆਂ ਸਾਰੀਆਂ ਵੋਟਾਂ ਪੈ ਨਹੀਂ ਸਕੀਆਂ। ਜੇ ਸਾਰੇ ਚੱਲ ਕੇ ਵੋਟਾਂ ਪਾ ਦਿੰਦੇ ਤਾਂ ਸਾਡੀ ਜਿੱਤ ਅਵੱਸ਼ ਸੀ। ਪਰ ਪਿਛਲੇ ਸਾਲ ਨਾਲੋਂ ਜਾਗ੍ਰਤਾ ਬਹੁਤ ਹੀ ਜ਼ਿਆਦਾ ਹੈ। ਸਾਡੇ ਭਾਰਤੀ ਬੰਦਿਆਂ ਦੀਆਂ ਪੋਲਿੰਗ ਸਟੇਸ਼ਨਾਂ ਤੇ ਕਤਾਰਾਂ ਲੱਗੀਆਂ ਖੜ੍ਹੀਆਂ ਸਨ। ਇਸ ਦਰਿਆ ਦੇ ਵਹਿਣ ਨੂੰ ਵੇਖਕੇ ਦਿਲ ਗੱਦ ਗੱਦ ਕਰ ਰਿਹਾ ਸੀ। ਸਾਡੀ ਕਮਿਊਨਿਟੀ ਵਿਚੋਂ ਕਿਸੇ ਪਾਰਟੀ ਨੇ ਜਾਂ ਵਿਅਕਤੀ ਨੇ ਇਸ ਸਾਲ ਕੋਈ ਭੀ ਮੁਖਾਲਫਤ ਨਹੀਂ ਕੀਤੀ। ਸਾਡੇ ਇਸ ਇਕੱਠ ਲਈ ਮੈਂ ਸੋਰਿਆਂ ਨੂੰ ਮੁਬਾਰਕ ਦਿੰਦਾ ਹਾਂ।

ਅਖੀਰ ਵਿਚ ਮੈਂ ਸਾਰਿਆਂ ਦਾ ਦਿਲੋਂ ਧੰਨਵਾਦ ਕਰਦਾ ਹਾਂ। ਮੇਰੇ ਵਿਚ ਤੇ ਕੋਈ ਹੋਰ ਨੌਜੁਆਨਾਂ ਵਿਚ ਸਾਡੀ ਕਮਿਊਨਿਟੀ ਨੇ ਸਪਰਿਟ ਭਰ ਦਿਤੀ ਹੈ। ਅਸੀਂ ਆਪਦੀ ਕਮਿਊਨਿਟੀ ਦਾ ਨਾਂ ਉੱਚਾ ਕਰਨ ਲਈ ਜੁਝਾਂਗੇ ਤੁਹਾਡੇ ਮਿਲਵਰਤਨ ਦੀ ਲੋੜ ਹੈ। ਤੁਸੀਂ ਇਸ ਤਰਾਂ ਸਾਡੇ ਹੌਂਸਲਿਆਂ ਨੂੰ ਚੜ੍ਹਦੀਆਂ ਕਲਾਂ ਵਿਚ ਰੱਖ ਸਕਦੇ ਹੋ। ਵੱਡੀ ਖੁਸ਼ੀ ਦੀ ਗੱਲ ਇਹ ਹੈ ਕਿ ਸਾਡੇ ਪੜ੍ਹੇ ਲਿਖੇ ਨੌਜੁਆਨ ਇਕੱਠੇ ਹੋ ਰਹੇ ਹਨ। ਗੁਰਬੀਰ ਸਿੰਘ ਗਿੱਲ ਨੇ ਕਮਪੇਅਨ ਨੂੰ ਸੁਚੱਜੇ ਢੰਗ ਨਾਲ ਚਲਾਇਆ। ਬੁਧ ਸਿੰਘ ਗਿੱਲ ਨੇ ਬਹੁਤ ਮਿਹਨਤ ਕੀਤੀ ਤੇ ਆਪਦੇ ਹੋਟਲ ਵਿਚ ਦਫਤਰ ਖੋਹਲਣ ਲਈ ਮੁਫਤ ਥਾਂ ਦੀ ਵਰਤੋਂ ਦਿੱਤੀ। ਮੁਕਦੀ ਗੱਲ ਇਹ ਹੈ ਕਿ ਸਾਡਾ ਇਸ ਹਿਸਾਬ ਨਾਲ ਜੇ ਇਕੱਠ ਹੋ ਜਾਵੇ ਤਾਂ ਅਸੀਂ ਦਰਿਆਵਾਂ ਨੂੰ ਬੰਨ੍ਹ ਲਾ ਸਕਦੇ ਹਾਂ, ਪਹਾੜਾਂ ਦੀਆਂ ਚੋਟੀਆਂ ਤੇ ਚੜ੍ਹ ਸਕਦੇ ਹਾਂ ਤੇ ਉਹ ਦਿਨ ਦੂਰ ਨਹੀਂ ਜਦ ਅਸੀਂ ਛੇਤੀ ਹੀ ਸਾਡੀ ਕਮਿਊਨਿਟੀ ਵਿਚ ਐਮ. ਐਲ. ਏ. ਤੇ ਐਮ. ਪੀ. ਵੇਖਾਂਗੇ। ਇਸ ਗੱਲ ਲਈ ਮੈਂ ਜੀਤੀ ਤੇ ਪੰਡਾ ਸਾਹਿਬ ਨੂੰ ਇਕ ਗੀਤ ਲਿਖਣ ਲਈ ਕਿਹਾ ਹੈ। ਇਹੋ ਜਿਹਾ ਗੀਤ ਜਿਹੜਾ ਸਾਡੇ ਹੌਂਸਲੇ ਚੜ੍ਹਦੀਆਂ ਕਲਾ ਵਿਚ ਲੈ ਜਾਵੇ ਤੇ ਸਾਡੀ ਕਮਿਊਨਿਟੀ ਨੂੰ ਇਕ ਮੁੱਠ ਕਰ ਦੇਵੇ। ਗੀਤਕਾਰਾਂ ਤੇ ਸਾਹਿਤਕਾਰਾਂ ਦੀ ਦੇਣ ਭੀ ਇਸ ਚੋਣ ਵਿਚ ਸ਼ਲਾਘਾ ਯੋਗ ਹੈ।

# ਸੀ. ਬੀ. ਸੀ. ਵਲੋਂ ਦਿਖਾਈ ਗਈ ਡਾਕੂਮੈਂਟਰੀ ਲਈ ਸ: ਭੰਡਾਲ ਤੇ ਸ: ਗਿੱਲ ਵਲੋਂ ਧੰਨਵਾਦ



ਜਰਨੈਲ ਸਿੰਘ ਭੰਡਾਲ

ਵੈਨਕੂਵਰ—23 ਨਵੰਬਰ ਨੂੰ ਦਸ ਵੱਜ ਕੇ ਵੀਹ ਮਿੰਟ ਤੇ ਸੀ. ਬੀ. ਸੀ. ਵਲੋਂ ਟੀ. ਵੀ. ਦੇ ਚੈਨਲ ਨੰਬਰ 3 ਉਪਰ 'ਦੀ ਜਰਨਲ' ਵਿਚ ਪੰਜਾਬ ਵਿਚ ਸਿੱਖਾਂ ਬਾਰੇ ਜੋ ਡਾਕੂਮੈਂਟਰੀ ਦਿਖਾਈ ਗਈ ਉਸ ਲਈ ਸ: ਜਰਨੈਲ ਸਿੰਘ ਭੰਡਾਲ ਤੇ ਸ: ਵਿਕਰਮ ਸਿੰਘ ਗਿੱਲ ਵਲੋਂ ਸੀ. ਬੀ. ਸੀ. ਦਾ ਧੰਨਵਾਦ ਕੀਤਾ ਗਿਆ। ਜਿਨ੍ਹਾਂ ਨੇ ਕਿ ਇਸ ਪਰੋਗਰਾਮ ਨੂੰ ਕੈਨੇਡਾ ਦੀ ਨੈਸ਼ਨਲ ਟੀ. ਵੀ. ਉਪਰ ਪੰਜਾਬ ਵਿਚ ਸਿਖਾਂ ਤੇ ਪੰਜਾਬੀਆਂ ਦੀਆਂ ਹੱਕੀ ਮੰਗਾਂ ਲਈ ਚਲ ਰਹੇ ਧਰਮ ਯੁੱਧ ਬਾਰੇ ਕੈਨੇਡਾ ਦੇ ਲੋਕਾਂ ਨੂੰ ਜਾਣਕਾਰੀ ਦਿਤੀ।

ਸ: ਭੰਡਾਲ ਤੇ ਸ: ਗਿੱਲ ਵਲੋਂ ਭਾਰਤ ਸਰਕਾਰ ਨੂੰ ਕਰੜੇ ਸ਼ਬਦ ਵਿਚ ਕਿਹਾ ਗਿਆ ਕਿ ਸਿਖਾਂ ਦੀਆਂ ਹੱਕੀ ਮੰਗਾਂ ਤੁਰੰਮ ਹੀ ਮੰਨ ਕੇ ਹੋ ਰਹੇ ਖੂਨ ਖਰਾਬੇ ਨੂੰ ਬੰਦ ਕੀਤਾ ਜਾਵੇ ਤੇ ਪੁਲੀਸ ਵਲੋਂ ਝੂਠੇ ਪੁਲਸ ਮੁਕਾਬਲੇ ਬਣਾ ਕੇ ਜੋ ਸਿਖ ਨੌਜਵਾਨਾਂ ਨੂੰ ਗੋਲੀਆਂ ਨਾਲ ਭੁੰਨਿਆ ਜਾ ਰਿਹਾ ਹੈ, ਬੰਦ ਕੀਤਾ ਜਾਵੇ। ਜੋ ਸਾਜ਼ਿਸ਼ ਪੰਜਾਬ ਦੇ ਸਿਖ ਨੌਜੁਆਨਾਂ ਨੂੰ ਕਮਜ਼ੋਰ ਕਰਨ ਲਈ ਕੀਤੀ ਜਾ ਰਹੀ ਹੈ। ਅਸਲ ਵਿਚ ਉਸ ਨਾਲ ਸਾਰਾ ਭਾਰਤ ਕਮਜ਼ੋਰ ਹੋ ਜਾਵੇਗਾ।

ਕੈਨੇਡਾ ਦੇ ਸਿਖ ਸ਼ਰੋਮਣੀ ਅਕਾਲੀ ਦਲ ਵਲੋਂ ਚਲਾਏ ਜਾ ਰਹੇ ਧਰਮ ਯੁੱਧ ਦੇ ਪੂਰੀ ਤਰ੍ਹਾਂ ਸਮਰਥਕ ਹਨ ਅਤੇ ਸਿੱਖ ਨੇਤਾਵਾਂ ਦੇ ਹੁਕਮ ਅਨੁਸਾਰ ਮੋਰਚੇ ਦੀ ਸਫਲਤਾ ਲਈ ਹਰ ਕੁਰਬਾਨੀ ਲਈ ਤਿਆਰ ਹਨ।



ਵਿਕਰਮ ਸਿੰਘ ਗਿੱਲ

# ਉਕਾਲਾ ਜੇਲ੍ਹ ਵਿਚ ਹੱਲਾ ਗੁੱਲਾ

22 ਨਵੰਬਰ ਦੀ ਰਾਤ ਨੂੰ ਉਕਾਲਾ ਜੇਲ੍ਹ ਵਿਚ ਕੈਦੀਆਂ ਨੇ ਹੱਲਾ ਗੁੱਲਾ ਮਚਾ ਦਿਤਾ। ਪੁਲਸ ਤੇ ਗਾਰਡਾਂ ਨੇ ਸੱਤ ਘੰਟੇ ਬਾਅਦ ਕੈਦੀ ਜ਼ਬਤ ਵਿਚ ਲਿਆਂਦੇ।

# ਪੈਨਾਲਟੀ ਕਾਰਨਰਾਂ ਨਾਲ ਗੋਲਾਂ ਦਾ ਸਮਾਂ ਨਹੀਂ ਰਿਹਾ?

ਕਰਾਚੀ (ਯੂ. (ਐਨ. ਆਈ.)—ਪਿਛਲੇ ਹਫਤੇ ਕਰਾਚੀ ਵਿਚ ਹੋਏ ਚੈਂਪੀਅਨਜ਼ ਟਰਾਫੀ ਹਾਕੀ ਟੂਰਨਾਮੈਂਟ, ਜਿਸ ਵਿਚ 6 ਦੇਸ਼ਾਂ ਦੀਆਂ ਟੀਮਾਂ ਲੀਗ ਦੇ ਅਧਾਰ 'ਤੇ ਖੇਡੀਆਂ, ਵਿਚ 15 ਮੈਚਾਂ ਵਿਚ ਕੁਲ 57 ਗੋਲ ਹੋਏ.

ਜੇਤੂ ਆਸਟਰੇਲੀਆ ਨੇ 14 ਗੋਲ ਕੀਤੇ ਜਦਕਿ ਵਿਅਕਤੀਗਤ 'ਤੌਰ ਤੇ ਹਾਲੈਂਡ, ਜਿਹੜਾ ਪੰਜਵੇਂ ਸਥਾਨ 'ਤੇ ਰਿਹਾ, ਦੇ ਫਾਰਵਰਡ ਬਾਊਮੈਨ ਨੇ ਸਭ ਤੋਂ ਵਧ 6 ਗੋਲ ਕੀਤੇ.

57 ਵਿਚੋਂ ਅਧਿਆਂ ਤੋਂ ਵਧ ਯਾਨੀ ਕਿ 30 ਫੀਲਡ ਗੋਲ ਹੋਏ. 157 ਪੈਨਾਲਟੀ ਕਾਰਨਰਾਂ ਵਿਚੋਂ 15 ਗੋਲ ਹੋਏ. ਜਦਕਿ 15 ਪੈਨਾਲਟੀ ਸਟਰੋਕਾਂ ਵਿਚੋਂ 12 ਗੋਲ ਵਿਚ ਬਦਲੇ ਗਏ. 133 ਕਾਰਨਰਾਂ ਤੋਂ ਕੋਈ ਗੋਲ ਨਹੀਂ ਹੋਇਆ.

8 ਖਿਡਾਰੀਆਂ ਨੂੰ ਪੀਲੇ ਕਾਰਡ ਦਿਖਾਕੇ ਮੈਦਾਨ ਵਿਚੋਂ 5 ਮਿੰਟਾਂ ਲਈ ਬਾਹਰ ਕਢਿਆ ਗਿਆ. ਇਨ੍ਹਾਂ ਵਿਚੋਂ ੨ ਖਿਡਾਰੀ ਹਿੰਦ ਦੇ ਸਨ. ਕੁਲ

## ਸਪੋਰਟਸ

21 ਹਰੇ ਕਾਰਡਾਂ ਵਿਚੋਂ ਹਿੰਦ ਦਾ ਹਿਸਾ 3 ਹੈ. ਸਭ ਤੋਂ ਵਧ ਹਰੇ ਕਾਰਡ ਜਰਮਨੀ ਤੇ ਹਾਲੈਂਡ ਦੇ ਖਿਡਾਰੀਆਂ ਨੂੰ ਦਿਖਾਏ ਗਏ—4-4.

ਹਿੰਦ ਨੇ ਸਭ ਤੋਂ ਵਧ 39 ਪੈਲਾਨਟੀ ਕਾਰਨਰ ਹਾਸਲ ਕੀਤੇ ਜਿਹਨਾਂ ਵਿਚੋਂ 3 ਗੋਲ ਹੀ ਕੀਤੇ ਜਾ ਸਕੇ.

ਹਿੰਦ ਨੇ ਤਿੰਨ ਦੇ ਤਿੰਨੇ ਪੈਲਾਨਟੀ ਸਟਰੋਕਾਂ ਨਾਲ ਗੋਲ ਕੀਤੇ.

ਪਾਕਿਸਤਾਨ ਨੂੰ 36 ਪੈਲਾ-ਨਟੀ ਕਾਰਨਰ ਮਿਲੇ ਜਿਸ ਵਿਚੋਂ ਉਸ ਤੋਂ ਤਿੰਨ ਲਗੇ. ਉਹਨਾਂ ਚਾਰ ਵਿਚੋਂ 3 ਪੈਲਾਨਟੀ ਸਟਰੋਕਾਂ ਤੋਂ ਗੋਲ ਕੀਤੇ.

ਹਿੰਦ ਨੇ ਕੇਵਲ ਤਿੰਨ ਫੀਲਡ ਗੋਲ ਕੀਤੇ ਅਤੇ 5 ਲਏ ਜਦਕਿ ਆਸਟਰੇਲੀਆ ਨੇ ਸਭ ਤੋਂ ਵਧ 9 ਫੀਲਡ ਗੋਲ ਕੀਤੇ. ਜਰਮਨੀ ਤੇ ਹਾਲੈਂਡ ਨੇ 6-6 ਫੀਲਡ ਗੋਲ ਕੀਤੇ.

ਨਿਊਜ਼ੀਲੈਂਡ ਨੇ 7 ਤੇ ਹਾਲੈਂਡ ਨੇ 6 ਫੀਲਡ ਕਰਵਾਏ.

ਚੈਂਪੀਅਨਜ਼ ਟਰਾਫੀ ਆਸਟ-ਰੇਲੀਆ ਨੇ ਪਹਿਲੀ ਵਾਰ ਜਿਤੀ. ਇਸ ਤੋਂ ਹੇਠਾਂ ਪਾਕਿਸਤਾਨ, ਜਰਮਨੀ, ਹਿੰਦ, ਹਾਲੈਂਡ ਤੇ ਨਿਊਜ਼ੀਲੈਂਡ ਰਹੇ.


ਐਬਟਸਫੋਰਡ ਬੇਰੀ ਫਾਰਮ, ਜਾਂ ਮਕਾਨ ਖ੍ਰੀਦਣਾ ਹੋਵੇ ਤਾਂ ਮਿਲੋ—

**TOP SALESMAN** Since 1978

**PAUL GILL**



Farms for Sale :-
1. 15 Acres for $98000
2. 37 Acres for $220000
3. 25 Acres, BARNS and HOUSE in ALDERGROVE asking $155000
4. Chicken Farm 123 Case Egg quota

and more farms in 2,8,9,20,30,80 Acre parcel

TRY TRADES

Res. 853-0493 Off. 853-6411 Or 524-2215

**BLOCK BROS. REALTY Ltd.**

32641 South Fraserway
Abbotsford, B.C.

# ਵੈਨਕੂਵਰ ਤੋਂ 500 ਮੀਲ ਦੂਰ ਬੈਠੇ ਭਰਾਵਾਂ ਨੂੰ ਭਾਜੜਾਂ ਕਿਉਂ ?

ਪਿਛਲੇ ਦਿਨੀਂ ਕੁਝ ਸਿੰਘ ਵਿਲੀਅਮਜ਼ ਲੇਕ ਅਤੇ ਪਰਿੰਸ ਜੌਰਜ ਗਏ ਤਾਂ ਸੰਗਤਾਂ ਨਾਲ ਵਿਚਾਰਾਂ ਕਰਨ ਉਪਰੰਤ ਪਤਾ ਲਗਿਆ ਕਿ ਓਥੇ ਦੀਆਂ ਸੰਗਤਾਂ ਨੂੰ ਮਜ਼ਬੂਰ ਕਰਕੇ ਪਿਛਲੇ 2-3 ਸਾਲਾਂ ਤੋਂ ਵੋਟਾਂ ਪਾਉਣ ਲਈ ਵੈਨਕੂਵਰ ਲਿਆਂਦਾ ਜਾਂਦਾ ਹੈ । ਉਹ ਹੈਰਾਨ ਹਨ ਕਿ ਹਰ ਸਾਲ ਬੱਸਾਂ ਉਪਰ ਹਜ਼ਾਰਾਂ ਡਾਲਰ ਖਰਚ ਕੇ ਗੁਰਦੁਆਰੇ ਵਿਚ ਆਪਣੀ ਚੌਧਰ ਕਾਇਮ ਰਖਣ ਲਈ ਸੰਗਤਾਂ ਨੂੰ ਦੋ ਦੋ ਦਿਨ ਖਰਾਬ ਮੌਸਮ ਵਿਚ ਸਫਰ ਕਰਨ ਲਈ ਮਜਬੂਰ ਕਿਉਂ ਕੀਤਾ ਜਾਂਦਾ ਹੈ । ਸਵਾਲ ਹੈ ਕਿ ਇਤਨੇ ਪੈਸੇ ਇਹ ਕਿਥੋਂ ਇਕੱਠੇ ਕਰਦੇ ਹਨ ? ਗੁਰਦੁਆਰੇ ਦੇ ਕੰਮਾਂ ਲਈ ਤਾਂ ਹਰ ਸਾਲ ਨਵਾਂ ਕਰਜ਼ਾ ਲਿਆ ਜਾਂਦਾ ਹੈ, ਪਰ ਚੋਣਾਂ ਉਪਰ ਹਜ਼ਾਰਾਂ ਡਾਲਰ ਕਿਥੋਂ ਲਿਆ ਕੇ ਖਰਚ ਕੀਤੇ ਜਾਂਦੇ ਹਨ ?

ਇਕ ਸਿੰਘ ਨੇ ਇਹ ਵੀ ਦੱਸਿਆ ਕਿ ਮੈਂ ਤਾਂ ਪਿਛਲੇ ਸਾਲ ਮੈਂਬਰਸ਼ਿਪ ਦਾ ਫਾਰਮ ਭਰਿਆ ਸੀ ਪਰ ਇਸ ਸਾਲ ਫਿਰ ਮੈਨੂੰ ਮੈਂਬਰਸ਼ਿਪ ਦਾ ਕਾਰਡ ਆਪਣੇ ਆਪ ਹੀ ਮੇਲ ਰਾਹੀਂ ਆ ਗਿਆ ਹੈ । ਗੁਰੂ ਹੀ ਜਾਣੇ ਇਸ ਵਿਚ ਕੀ ਰਾਜ਼ ਹੈ ?

## ਅਕਾਲੀ ਦਲ (ਤਲਵੰਡੀ) ਵਖਰੀ ਗੌਰਮਿੰਟ ਬਣਾਉਣ ਦੇ ਹੱਕ ਵਿਚ

ਅੰਮ੍ਰਿਤਸਰ — ਅਕਾਲੀ ਦਲ (ਤਲਵੰਡੀ) ਦੀ ਇਕ ਮੀਟਿੰਗ ਵਿਚ ਦਲ ਦੇ ਪ੍ਰਧਾਨ ਸ੍ਰ ਜਗਦੇਵ ਸਿੰਘ ਤਲਵੰਡੀ ਵਲੋਂ ਸੁਝਾਏ ਗਏ ਇਕ ਵਖਰੀ ਗੌਰਮਿੰਟ ਬਣਾਉਣ ਦੇ ਮਤੇ ਦੇ ਹੱਕ ਵਿਚ ਰੈਜ਼ੋਲਿਊਸ਼ਨ ਪਾਸ ਕੀਤਾ ਗਿਆ। ਸਤੰਬਰ 1983 ਵਿਚ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚ ਕਿਹਾ ਸੀ ਕਿ ਅਕਾਲੀਆਂ ਨੂੰ ਪੰਜਾਬ ਵਿਚ ਇਕ ਵੱਖਰੀ ਸਰਕਾਰ ਬਣਾ ਲੈਣੀ ਚਾਹੀਦੀ ਹੈ।

ਮੀਟਿੰਗ ਵਿਚ ਅਕਾਲੀ ਦਲ ਦੇ ਪ੍ਰਧਾਨ ਸ੍ਰੀ ਹਰਚੰਦ ਸਿੰਘ ਲੌਂਗੋਵਾਲ ਤੋਂ ਇਹ ਮੰਗ ਕੀਤੀ ਗਈ ਕਿ ਉਹ ਸਿੱਖਾਂ ਨੂੰ ਇਕ ਸੱਦਾ ਦੇਣ ਕਿ 26 ਜਨਵਰੀ ਦਾ ਦਿਨ "ਕਾਲਾ ਦਿਨ" ਮਨਾਇਆ ਜਾਏ।

ਮੀਟਿੰਗ ਵਿਚ ਸ੍ਰੀ ਜਗਦੇਵ ਸਿੰਘ 'ਤਲਵੰਡੀ', ਸ੍ਰੀ ਸੁਖਜਿੰਦਰ ਸਿੰਘ ਅਤੇ ਸ੍ਰੀ ਭਰਪੂਰ ਸਿੰਘ ਬਲਵੀਰ ਦੀ ਰਹਾਈ ਦੀ ਵੀ ਮੰਗ ਕੀਤੀ ਗਈ ਜਿਨ੍ਹਾਂ ਨੂੰ ਪਿਛਲੇ ਮਹੀਨੇ ਗ੍ਰਿਫਤਾਰ ਕਰ ਲਿਆ ਗਿਆ ਸੀ।

ਕੁਝ 'ਫਿਰਕੂ' ਲੋਕਾਂ ਦੀ ਇਸ ਮੰਗ ਦਾ ਨਿਖੇਦਨ ਕਰਦੇ ਹੋਏ ਕਿ ਸ੍ਰੀ ਦਰਬਾਰ ਸਾਹਿਬ ਵਿਚ ਅਖੌਤੀ ਲੁਕੇ ਹੋਏ ਸਿੱਖ ਅੱਤਵਾਦੀਆਂ ਨੂੰ ਫੜਣ ਲਈ ਪੁਲਸ ਨੂੰ ਉਥੇ ਭੇਜਿਆ ਜਾਵੇ, ਇਹ ਚਣੌਤੀ ਦਿੱਤੀ ਗਈ ਕਿ ਅਜੇਹੀ ਕਿਸੇ ਵੀ ਕਾਰਵਾਈ ਨੂੰ ਜਿਸ ਨਾਲ ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਭੰਗ ਹੁੰਦੀ ਹੋਵੇ ਪੰਥ ਬਰਦਾਸ਼ਤ ਨਹੀਂ ਕਰੇ ਗਾ ਅਤੇ ਕੁਚਲ ਕੇ ਰੱਖ ਦੇਵੇਗਾ ਅਤੇ ਜੰਮੂ ਕਸ਼ਮੀਰ ਵਿਚ ਸ੍ਰੀ ਫਾਰੂਕ ਅਬਦੁੱਲਾ ਦੀ ਸਰਕਾਰ ਨੂੰ ਹਿਲਾਉਣ ਦੇ ਬੜੇ ਭੈੜੇ ਨਤੀਜੇ ਨਿਕਲਣ ਗੇ।

## ਭਿੰਡਰਾਂਵਾਲੇ ਦਾ ਪੈਰੋਕਾਰ ਗ੍ਰਿਫਤਾਰ

ਤਰਨਤਾਰਨ—ਪਿਡ ਬੁਘਾ ਦੇ ਸਰਪੰਚ ਜਥੇਦਾਰ ਹਰੀ ਸਿੰਘ ਬੁਘਾਂ ਨੂੰ ਤਰਨਤਾਰਨ ਦੀ ਸਿਟੀ ਪੁਲਸ ਨੇ ਗ੍ਰਿਫਤਾਰ ਕਰਦਿਆਂ ਤੇ ਜਥੇਦਾਰ ਹਰੀ ਸਿੰਘ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪੈਰੋਕਾਰ ਦਸੇ ਜਾਂਦੇ ਹਨ । ਪੁਲਸ ਨੇ ਉਨ੍ਹਾਂ ਦੇ ਖਿਲਾਫ ਤਿੰਨ ਕੇਸ ਬਣਾਏ ਹਨ ਜਿਨ੍ਹਾਂ ਵਿਚ ਇਕ ਤਾਜ਼ਾ ਹੋਈਆਂ ਪੰਚਾਇਤ ਸੰਮਤੀ ਦੀਆਂ ਚੋਣਾਂ ਵਿਚ ਗੋਲੀ ਚਲਾਏ ਜਾਣ ਦਾ ਦੋਸ਼ ਹੈ । ਰਸਤਾ ਰੋਕੋ ਅੰਦੋਲਨ ਦੌਰਾਨ ਵੀ ਪੁਲਸ ਉਹਨਾਂ ਨੂੰ ਗ੍ਰਿਫਤਾਰ ਕਰਨ ਗਈ ਸੀ ਅਗੋਂ ਹਰੀ ਸਿੰਘ ਵਲੋਂ ਗੋਲੀ ਚਲਾਉਣ ਦਾ ਕੇਸ ਵੀ ਹੈ । ਪੁਲਸ ਨੇ ਉਹਨਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿਤਾ ਹੈ ।

## ਤਿਹਾੜ ਜੇਲ੍ਹ - ਇਖਲਾਕੀ ਜੁਰਮਾਂ ਦਾ ਅੱਡਾ

ਨਵੀਂ ਦਿੱਲੀ — ਜੁਡੀਸ਼ੀਅਲ ਪੜਤਾਲ ਤੋਂ ਇਹ ਗਲ ਸਾਹਮਣੇ ਆਈ ਹੈ ਕਿ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਨਾਬਾਲਗ ਕੈਦੀਆਂ ਨਾਲ ਗੁਲਾਮਾਂ ਨਾਲੋਂ ਵੀ ਵਧ ਭੈੜਾ ਸਲੂਕ ਕੀਤਾ ਜਾਂਦਾ ਹੈ । ਉਹਨਾਂ ਨੂੰ ਘਟੀਆ ਖਾਣਾ ਦਿਤਾ ਜਾਂਦਾ ਹੈ।ਸਭ ਤੋਂ ਭੈੜੀ ਗੱਲ ਇਹ ਹੈ ਕਿ ਉਹਨਾਂ ਨੂੰ ਜਿਨਸੀ ਹਵਸ ਦਾ ਸ਼ਿਕਾਰ ਬਣਾਇਆ ਜਾਂਦਾ ਹੈ।

ਇਹ ਹੌਲਨਾਕ ਤਸਵੀਰ ਸੁਪਰੀਮ ਕੋਰਟ ਨੂੰ ਜ਼ਿਲਾ ਤੇ ਸੈਸ਼ਨ ਜੱਜ ਸ੍ਰੀ ਐਮ ਕੇ ਚਾਵਲਾ ਨੇ ਆਪਣੀ ਰੀਪੋਰਟ ਵਿਚ ਪੇਸ਼ ਕੀਤੀ ਹੈ । ਸਰਵ ਉੱਚ ਅਦਾਲਤ ਨੇ ਸੈਸ਼ਨ ਜੱਜ ਨੂੰ ਤਿਹਾੜ ਜੇਲ੍ਹ ਵਿਚ ਨਾਬਾਲਗ ਕੈਦੀਆਂ ਦੀ ਹਾਲਤ ਬਾਰੇ ਪੜਤਾਲ ਕਰਨ ਦਾ ਕੰਮ ਸੌਂਪਿਆ ਸੀ।

ਸੈਸ਼ਨ ਜੱਜ ਨੇ ਆਪਣੀ ਰੀਪੋਰਟ ਵਿਚ ਕਿਹਾ ਹੈ ਕਿ ਜਿਨ੍ਹਾਂ ਨਾਬਾਲਗ ਕੈਦੀਆ ਦਾ ਡਾਕਟਰੀ ਮੁਆਇਨਾ ਕੀਤਾ ਗਿਆ ਉਨ੍ਹਾਂ ਵਿਚੋਂ ਪੰਦਰਾਂ ਨੂੰ ਆਦੀ ਮੁਜਰਮ ਕੈਦੀਆਂ ਨੇ ਜਿਨਸੀ ਭੁਖ ਮਿਟਾਉਣ ਲਈ ਲਗਾਤਾਰ ਵਰਤਿਆ।

## ਅਮਰਜੀਤ ਭਿੰਡਰਾਂਵਾਲੇ ਦੀ ਵਿਰੋਧੀ

ਅੰਮ੍ਰਿਤਸਰ—ਸ੍ਰੀਮਤੀ ਅਮਰਜੀਤ ਕੌਣ ਹੈ ਜਿਸ ਬਾਰੇ ਸਰਕਾਰੀ ਜਸੂਸੀ ਸੰਸਥਾਵਾਂ ਦਾ ਬਾਰ-ਬਾਰ ਕਹਿਣਾ ਹੈ ਕਿ ਪੰਜਾਬ ਵਿਚ ਹੋ ਰਹੇ ਮੌਜੂਦਾ ਕਤਲਾਂ ਪਿਛੇ ਉਸਦਾ 'ਦਿਮਾਗ ਕੰਮ ਕਰਦਾ' ਹੈ । ਸ੍ਰੀਮਤੀ ਅਮਰਜੀਤ ਕੌਰ ਜੋ ਪਿਛਲੇ ਤਿੰਨ ਸਾਲਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਰਹਿ ਰਹੀ ਹੈ ਇਕ ਨਿਹੰਗ ਫੌਜਾ ਸਿੰਘ ਦੀ ਵਿਧਵਾ ਹੈ ਜੋ 13 ਅਪਰੈਲ 1978 ਨੂੰ ਨਿਰੰਕਾਰੀ ਅਕਾਲੀ ਫਸਾਦ ਜਿਸ ਵਿਚ 12 ਮੌਤਾਂ ਹੋਈਆਂ ਸਨ, ਵਿਚ ਮਾਰਿਆ ਗਿਆ ਸੀ । ਫੌਜਾ ਸਿੰਘ ਜੋ ਪੰਜਾਬ ਸਰਕਾਰ ਵਿਚ ਖੇਤੀਬਾੜੀ ਇੰਸਪੈਕਟਰ ਸੀ । ਜਦੋਂ ਇਹ ਝਗੜਾ ਹੋਇਆ ਉਹ ਨਿਹੰਗਾਂ ਦੇ ਇਕ ਗਰੁਪ ਦੀ ਅਗਵਾਈ ਕਰ ਰਿਹਾ ਸੀ ਜੋ ਸਥਾਨਕ ਰੇਲਵੇ ਸਟੇਡੀਅਮ ਵਿਚ ਹੋ ਰਹੇ ਨਿਰੰਕਾਰੀ ਸੰਮੇਲਨ ਦਾ ਵਿਰੋਧ ਕਰਨ ਗਿਆ ਸੀ । ਸ੍ਰੀਮਤੀ ਅਮਰਜੀਤ ਕੌਰ ਜਿਸਨੇ ਪੰਜਾਬੀ ਵਿਚ ਐਮ. ਏ. ਕੀਤੀ ਹੋਈ ਹੈ ਅੱਜ ਕੱਲ੍ਹ ਹਰਿਮੰਦਰ ਸਾਹਿਬ ਵਿਚੋਂ ਇਕ ਗਰਮ ਖਿਆਲੀ ਜਥੇਬੰਦੀ ਅਖੰਡ ਕੀਰਤਨੀ ਜਥੇ ਦਾ ਸੰਚਾਲਨ ਕਰ ਰਹੀ ਹੈ ।

ਉਹ ਆਪਣੇ ਸਾਥੀ ਮੈਂਬਰਾਂ ਨਾਲ ਤੇਜਾ ਸਿੰਘ ਸਮੁੰਦਰੀ ਹਾਲ ਨਾਲ ਲਗਦੀ ਗੁਰੂ ਰਾਮ ਦਾਸ ਸਰਾਂ ਵਿਚ ਰਹਿੰਦੀ ਹੈ । ਨਿਰੰਕਾਰੀ-ਅਕਾਲੀ ਫਸਾਦ ਸਮੇਂ ਉਹ ਅੰਮ੍ਰਿਤਸਰ ਦੇ ਸਰਕਾਰੀ ਸਕੂਲ ਵਿਚ ਅਧਿਆਪਕ ਸੀ । ਇਸ ਤੋਂ ਬਾਅਦ ਉਸ ਨੂੰ ਨੌਕਰੀਓਂ ਕੱਢ ਦਿੱਤਾ ਗਿਆ ਤੇ ਉਹ ਉਸ ਸਮੇਂ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਵਿਚ ਹੈ । ਅੱਜ ਕੱਲ੍ਹ ਉਹ ਗੁੱਸੇ ਵਾਲੀ ਔਰਤ ਹੈ । ਬਹੁਤਾ ਸਮਾਂ ਉਹ ਆਪਣੂ ਗਰੁੱਪ ਨਾਲ ਗੱਲਾਂ ਕਰਨ, ਪੂਜਾ ਕਰਨ ਜਾਂ ਹਰਿਮੰਦਰ ਸਾਹਿਬ ਵਿਚ ਸੇਵਾ ਕਰਨ ਵਿਚ ਬਿਤਾਉਂਦੀ ਹੈ । ਪਿਛੇ ਜਿਹੇ ਉਸ ਨੇ ਪਾਰਲੀਮੈਂਟ ਦੀ ਅਕਾਲੀ ਮੈਂਬਰ ਸ੍ਰੀਮਤੀ ਰਾਜਿੰਦਰ ਕੌਰ ਨੂੰ ਆਪਣੀ ਇੰਟਰਵਿਊ ਦਿਤੀ ਜੋ ਅੰਮ੍ਰਿਤਸਰ ਤੋਂ 'ਸੰਤ-ਸਿਪਾਹੀ' ਨਾਂ ਦਾ ਰਸਾਲਾ ਕੱਢਦੇ ਹਨ ।

ਸ੍ਰੀਮਤੀ ਅਮਰਜੀਤ ਕੌਰ ਨੇ ਆਪਣੀ ਇੰਟਰਵਿਊ ਵਿਚ ਕਿਹਾ ਕਿ ਉਹ ਨਿਰਦੋਸ਼ ਨਿਰੰਕਾਰੀਆਂ ਦੀਆਂ ਹਤਿਆਵਾਂ ਦੀ ਵਿਰੋਧੀ ਹੈ । ਪਰ ਉਸਨੇ 1978 ਦੇ ਫਸਾਦ ਵਾਲੇ ਦੋਸ਼ੀ ਨਿਰੰਕਾਰੀਆਂ ਦੇ ਕਤਲਾਂ ਨੂੰ ਜਾਇਜ਼ ਠਹਿਰਾਇਆ ।

ਸ੍ਰੀਮਤੀ ਅਮਰਜੀਤ ਕੌਰ ਦੇ ਸਹਿਯੋਗੀਆਂ ਦਾ ਕਹਿਣਾ ਹੈ ਕਿ ਉਹ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸਖਤ ਵਿਰੋਧੀ ਹੈ ਜਿਸ ਨੂੰ ਉਹ ਕਦੇ ਵੀ ਨਹੀਂ ਮਿਲੀ । ਪਰ ਉਹ ਉਹ ਤੇਜਾ ਸਿੰਘ ਸਮੁੰਦਰੀ ਹਾਲ ਅਕਾਲੀ ਮੁਖੀ ਸੰਤ ਹਰਦੇਵ ਸਿੰਘ ਲੌਂਗੋਵਾਲ ਨੂੰ ਆਮ ਮਿਲਣ ਜਾਂਦੀ ਹੈ ।


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone 321-6360

I am enclosing a ☐ cheque ☐ M.O. ☐ Draft as my Subscription for the year(s).......I may be sent the newspaper at the following adress :

Name........................................................
Address......................................................
City..........................................................
Province....................................................
Postal code.................................................
PHONE.

One Year ..........,................20 dollars
Two Year ...........................35 dollars
Three year .........................50 dollars
Life membership..................200 dollars
ASIA.................................80 dollars(a year)
U.S.A. ..............................25 dollars(a year)
Europe ..............................80 dollars(a year)
Africa ...............................80 dollars(a year)



ਮੁਫ਼ਤ ਐਸਟੀਮੇਟ

## ਸਾਈਲੀਇਲੈਕਟਰੌਨਿਕਸ (SYLIE ELECTRONICS)

ਸਪੈਸ਼ਲਿਸਟ :

- ਹਰ ਤਰ੍ਹਾਂ ਦੀਆਂ ਰੰਗਦਾਰ ਟੀ. ਵੀ. ਠੀਕ ਕਰਾਉਣ ਲਈ
- ਵੀਡੀਓ ਟੇਪਾਂ
- ਸਟੀਰੀਓ ਸਿਸਟਮ
- ਵੀਡੀਓ ਗੇਮਜ਼
- ਕੰਮ ਦੀ ਗਰੰਟੀ ਹੈ

ਸੈਮੀ ਮੁਹੰਮਦ

ਫ਼ੋਨ : 438-8509


(ਪੰਨਾ 4 ਦੀ ਬਾਕੀ)

### ਦਲੀਲਾਂ

ਹੋ ਸਕਦੇ ਉਨ੍ਹਾਂ ਦੀਆਂ ਦਲੀਲਾਂ ਚੰਗੀਆਂ ਨਾ ਲਗਦੀਆਂ ਹੋਣ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਹ ਸਿੱਖ ਜ਼ਜ਼ਬਿਆਂ ਨੂੰ ਅਪੀਲ ਕਰਦਾ ਹੈ । ਆਪਣੀਆਂ ਸਭ ਕਮੀਆਂ ਦੇ ਬਾਵਜੂਦ ਉਹ ਰਾਜਸੀ ਮਨੋਵਿਗਿਆਨ ਦਾ ਇਕ ਵੱਡਾ ਉਸਤਾਦ ਅਤੇ ਵਰਤਮਾਨ ਸਿੱਖ ਨੇਤਾਵਾਂ ਵਿਚ ਬਹੁਤ ਹੀ ਨਿਪੁੰਨ ਤੇ ਸਿਆਣਾ ਪ੍ਰਚਾਰਕ ਹੈ । ਇਹ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਕ ਅਜਿਹਾ ਵਿਅਕਤੀ, ਜਿਸ ਨੂੰ ਕਿਸੇ ਸਮੇਂ ਕੋਈ ਜਾਣਦਾ ਤੱਕ ਵੀ ਨਹੀਂ ਸੀ, ਅਜ ਬਹੁਤ ਹੀ ਕਹਿੰਦੇ ਕਹਾਉਂਦੇ ਸਿਆਣੇ, ਤੇ ਪੜ੍ਹੇ ਲਿਖੇ ਲੋਕ ਉਸ ਦੇ ਇਸ਼ਾਰੇ 'ਤੇ ਤੁਰਦੇ ਹਨ ।

### ਬਲਬੀਰ ਸਿੰਘ ਸੰਧੂ

"ਨੈਸ਼ਨਲ ਕੌਂਸਲ ਆਫ ਖਾਲਿਸਤਾਨ" ਦੇ ਨੇਤਾ ਬਲਬੀਰ ਸਿੰਘ ਸੰਧੂ ਨੇ, ਜਿਨ੍ਹਾਂ ਨੂੰ ਮੈਂ ਉਨ੍ਹਾਂ ਦੀ ਛੁਪਣਗਾਹ(ਦਰਬਾਰ ਸਾਹਿਬ ਕੰਪਲੈਕਸ ਵਿਚ ਨਹੀਂ) ਵਿਚ ਮਿਲਿਆ, ਦੱਸਿਆ ਕਿ "ਮੇਰਾ ਪੱਕਾ ਵਿਸ਼ਵਾਸ਼ ਹੈ ਕਿ ਮੋਰਚਾ ਸ਼ੁਰੂ ਤੋਂ ਹੀ ਅਸਫਲ ਹੈ ਕਿਉਂਕਿ ਉਸ ਦੇ ਸਾਹਮਣੇ ਉਦੇਸ਼ ਧੁੰਦਲਾ ਹੈ ਅਤੇ ਇਹ ਗੱਲ ਸਪਸ਼ਟ ਨਹੀਂ ਹੋਈ ਕਿ ਮੁਖ ਦੁਸ਼ਮਣ ਕੌਣ ਹੈ ।" ਉਨ੍ਹਾਂ ਕਿਹਾ ਕਿ ਜੇਕਰ ਮੋਰਚਾ ਹੋਰ ਲੰਮਾ ਹੋ ਗਿਆ ਤਾਂ ਇਸ ਨਾਲ ਸਿੱਖਾਂ ਦੇ ਹੌਂਸਲੇ ਡਿਗਣਗੇ ਅਤੇ ਉਹ "ਆਪਣੀ ਪੁਰਾਣੀ ਸਿਆਸੀ ਜਥੇਬੰਦੀ-ਅਕਾਲੀ ਦਲ" ਦੇ ਵਿਰੁਧ ਹੋ ਜਾਣਗੇ ।

### ਸਿੱਖਾਂ ਵਿਚ ਮਾਯੂਸੀ

ਉਨ੍ਹਾਂ ਕਿਹਾ ਕਿ ਸਿੱਖ ਅਕਾਲੀ ਲੀਡਰਸ਼ਿਪ ਤੋਂ ਮਾਯੂਸ ਹੋਣਾ ਸ਼ੁਰੂ ਹੋ ਗਏ ਹਨ ਅਤੇ ਉਹ ਆਪਣੀ ਮਾਯੂਸੀ ਦਾ ਪ੍ਰਗਟਾਵਾ "ਖਾਲਿਸਤਾਨ ਜ਼ਿੰਦਾਬਾਦ" ਦੇ ਨਾਅਰਿਆਂ ਰਾਹੀਂ ਕਰਦੇ ਹਨ । ਅਵੇਰੇ ਜਾਂ ਸਵੇਰੇ ਉਹ ਵੱਡੀ ਗਿਣਤੀ ਵਿਚ ਅਕਾਲੀ ਕੈਂਪ ਨੂੰ ਛੱਡ ਦੇਣਗੇ ਅਤੇ ਖਾਲਿਸਤਾਨ ਦੇ ਝੰਡੇ ਹੇਠ ਇਕੱਠੇ ਹੋ ਜਾਣਗੇ ਜੋ ਕਿ ਸਹਿਜ ਸਹਿਜੇ ਪਰ ਯਕੀਨਨ ਉਨ੍ਹਾਂ ਦੀਆਂ ਭਾਵਨਾਵਾਂ ਤੇ ਜ਼ਜ਼ਬਿਆਂ ਦਾ ਚਿੰਨ੍ਹ ਬਣਦਾ ਜਾ ਰਿਹਾ ਹੈ ।

### ਖਾਲਿਸਤਾਨ ਦੀ ਮੰਗ

"ਕੈਨੇਡਾ ਦਰਪਣ" ਦੇ ਵਿਸ਼ੇਸ਼ ਪੱਤਰਕਾਰ ਸ੍ਰੀ ਮਨਜੀਤ ਸਿੰਘ ਰੱਤੂ ਤੋਂ ਇਹ ਪੁਛੇ ਜਾਣ ਉਤੇ ਕਿ ਖਾਲਿਸਤਾਨ ਦੀ ਮੰਗ ਨੂੰ ਤੁਸੀਂ ਕਿਵੇਂ ਜਾਇਜ਼ ਠਹਿਰਾਉਂਦੇ ਹੋ, ਸ੍ਰ: ਸੰਧੂ ਨੇ ਕਿਹਾ ਕਿ ਸਿੱਖਾਂ ਦਾ ਕੇਸ ਫਲਸਤੀਨੀਆਂ ਤੋਂ ਵੱਖ ਨਹੀਂ । ਦੋਵਾਂ ਕੋਲ ਕਦੇ ਆਪਣਾ ਖੁਦ-ਮੁਖਤਿਆਰ ਰਾਜ ਹੁੰਦਾ ਸੀ ਅਤੇ ਰਾਜਸੀ ਵਿਦਿਆਨ ਤੇ ਕੌਮਾਂਤਰੀ ਕਾਨੂੰਨ ਦੇ ਮੰਨੇ ਪ੍ਰਮੰਨੇ ਸਿਧਾਂਤਾਂ ਅਨੁਸਾਰ ਦੋਵੇਂ ਆਪੋ ਆਪ ਵਿਚ ਕੌਮ ਦਾ ਦਰਜਾ ਰਖਦੇ ਹਨ । ਸਿੱਖ 1849 ਵਿਚ ਆਪਣਾ ਰਾਜ ਗਵਾ ਬੈਠੇ ਜਦੋਂ ਅੰਗਰੇਜ਼ਾਂ ਨੇ ਪੰਜਾਬ ਉਤੇ ਕਬਜ਼ਾ ਕਰ ਲਿਆ ਅਤੇ ਫਲਸਤੀਨੀਆਂ ਨੇ 1919 ਵਿਚ ਆਪਣਾ ਰਾਜ ਗਵਾ ਲਿਆ ।

### ਅਗਸਤ 1947

ਅਗਸਤ 1947 ਵਿਚ ਜਦੋਂ ਅੰਗਰੇਜ਼ ਭਾਰਤ ਨੂੰ ਛੱਡ ਗਏ ਤਾਂ ਉਹ ਸਿੱਖਾਂ ਨੂੰ "ਹਿੰਦੂ ਭਾਰਤ" ਦੇ ਰਹਿਮ ਉਤੇ ਛੱਡ ਗਏ । ਉਸ ਤੋਂ ਇਕ ਸਾਲ ਪਿਛੋਂ ਉਨ੍ਹਾਂ ਨੇ ਬਿਲਕੁਲ ਇਹੋ ਜਿਹੀ ਸਥਿਤੀ ਵਿਚ ਹੀ ਫਲਸਤੀਨੀਆਂ ਨੂੰ ਛੱਡ ਦਿੱਤਾ ਜਿਸ ਦਾ ਸਿੱਟਾ ਇਹ ਹੋਇਆ ਕਿ ਇਸਰਾਇਲ, ਲੈਬਨਾਨ ਤੇ ਜਾਰਡਨ ਵਰਗੇ ਨਵੇਂ ਰਾਜ ਹੋਂਦ ਵਿਚ ਆ ਗਏ ।

### ਸਵਾ ਲੱਖ ਖਾਲਸਾ

ਜਿਵੇਂ ਮੈਨੂੰ ਹੋਰਨਾਂ ਸੂਤਰਾਂ ਤੋਂ ਪਤਾ ਲੱਗਾ ਹੈ, ਸ੍ਰ: ਬਲਬੀਰ ਸਿੰਘ ਸੰਧੂ ਆਪਣੀ ਜਥੇਬੰਦੀ ਦਾ "ਸਵਾ ਲੱਖ ਖਾਲਸਾ" ਹੈ । ਭਾਵੇਂ ਉਹ ਆਮ ਲੋਕਾਂ ਦੀ ਬੋਲੀ ਵਿਚ ਗੱਲ ਕਰਦਾ ਹੈ ਪਰ ਉਹ ਹੈ ਬਹੁਤ ਸੰਖੇਪ ਤੇ ਉਸਦੀ ਗੱਲ ਵਿਚ ਵਜਨ ਹੁੰਦਾ ਹੈ । ਜਦੋਂ ਉਹ ਬੋਲਦਾ ਹੈ ਤਾਂ ਇਉਂ ਲਗਦਾ ਹੈ ਕਿ ਜਿਵੇਂ ਉਹ ਹਰੇਕ ਸਿੱਖ ਦੇ ਸੁਪਨਿਆਂ ਵਿਚ ਜਿਉਂਦਾ ਹੈ ।

### ਬਬਰ ਖਾਲਸਾ

ਇਕ ਹੋਰ ਜਥੇਬੰਦੀ "ਬਬਰ ਖਾਲਸਾ" ਨਾਲ ਵੀ ਮੇਰਾ ਵਾਹ ਪਿਆ ਹੈ ਜੋ ਹਿੰਸਕ ਵਾਰਦਾਤਾਂ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰਘ ਲੈਂਦੇ ਹਨ । ਇਨ੍ਹਾਂ ਵਿਚੋਂ 20 ਵਰ੍ਹਿਆਂ ਦੇ ਇਕ ਨੌਜਵਾਨ ਨੇ ਮੈਨੂੰ ਬੜੇ ਗੁੱਸੇ ਵਿਚ ਦਸਿਆ ਕਿ 14 ਮਹੀਨੇ ਮੋਰਚੇ ਨੂੰ ਚਲਦਿਆਂ ਹੋ ਗਏ ਹਨ ਪਰ ਇਸ ਨੇ ਕੁਝ ਵੀ ਨਹੀਂ ਦਿਤਾ । ਨੌਜਵਾਨ ਨੇ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਸਤਰਾਂ ਸੁਣਾ ਕੇ ਮੈਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਸੱਚੇ ਅਰਥਾਂ ਵਿਚ ਖਾਲਸਾ ਰਾਜ ਲਿਆਉਣ ਲਈ ਹਿੰਸਾ ਹੀ ਇਕੋ ਰਾਹ ਹੈ ।

ਇਹ ਪੁੱਛੇ ਜਾਣ ਉਤੇ ਕਿ ਕੀ ਲੋਕਾਂ ਨੂੰ ਮਾਰਨਾ ਮਾੜੀ ਗੱਲ ਨਹੀਂ, ਨੌਜਵਾਨ ਨੇ ਆਖਿਆ ਕਿ ਜੇ ਸੱਪ ਦੀ ਸਿਰੀ ਫੇਹ ਦਿਤੀ ਜਾਏ ਤਾਂ ਬਾਕੀ ਦੀ ਕੌਣ ਪ੍ਰਵਾਹ ਕਰਦਾ ਹੈ । ਉਸ ਨੂੰ ਕੋਈ ਨਹੀਂ ਪੁਛਦਾ । ਇਹ ਕਹਿ ਕੇ ਨੌਜਵਾਨਾਂ ਨੇ ਕਾਰਤੂਸਾਂ ਦੀ ਪੇਟੀ ਉਤੇ ਹੱਥ ਫੇਰਿਆ । ਉਸ ਦੇ ਇਕ ਸਾਥੀ ਨੇ ਕਿਰਪਾਨ ਉਤੇ ਜਾ ਹੱਥ ਰਖਿਆ । ਮੈਨੂੰ ਇਕ ਵਾਰ ਤਾਂ ਕੰਬਣੀ ਜਿਹੀ ਛਿੜ ਗਈ ।

ਮੈਂ ਉਨ੍ਹਾਂ ਨੌਜਵਾਨਾਂ ਤੋਂ ਜਾਣ ਦੀ ਇਜ਼ਾਜ਼ਤ ਮੰਗੀ, ਪਰ ਉਨ੍ਹਾਂ ਦੇ ਨੇਤਾ ਨੇ ਮੈਨੂੰ ਇਕ ਕਾਗਜ਼ ਦਾ ਟੋਕੜਾ ਵਿਖਾਇਆ । ਕਮਰੇ ਵਿਚ ਇਕ ਤਾਂ ਰੌਸ਼ਨੀ ਬੜੀ ਮੱਧਮ ਸੀ ਅਤੇ ਦੂਜਾ ਮੇਰੀ ਨਜ਼ਰ ਵੀ ਕਮਜ਼ੋਰ ਸੀ । ਮੈਂ ਸਿਰਫ ਕਾਗਜ਼ ਉਪਰਲੀ ਮੋਹਰ ਉਤੇ ਲਿਖੇ ਇਹ ਸ਼ਬਦ ਹੀ ਪੜ੍ਹ ਸਕਿਆ : "ਗੋਲੀ ਚਲਦੀ ਰਹੇਗੀ, ਦੁਸ਼ਮਣ ਸੋਧੇ ਜਾਣਗੇ ।" ਮੈਂ ਨੌਜਵਾਨਾਂ ਵੱਲ ਵੇਖਿਆ । ਉਨ੍ਹਾਂ ਨੂੰ ਪਤਾ ਲਗ ਗਿਆ ਕਿ ਮੈਨੂੰ ਗੱਲ ਵੀ ਪੂਰੀ ਸਮਝ ਨਹੀਂ ਆ ਸਕੀ ।

ਨੌਜਵਾਨ ਨੇ ਕਿਹਾ ਕਿ "ਕਿਰਪਾ ਕਰਕੇ ਬੈਠ ਜਾਓ । ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਹਰੇਕ ਐਕਸ਼ਨ ਤੋਂ ਪਿਛੋਂ ਅਸੀਂ ਐਕਸ਼ਨ ਵਾਲੀ ਥਾਂ 'ਤੇ ਇਹ ਕਾਗਜ਼ ਸੁਟਦੇ ਹਾਂ ਪਰ ਕਿਸੇ ਨਾ ਕਿਸੇ ਤਰ੍ਹਾਂ ਇਨ੍ਹਾਂ ਐਕਸ਼ਨਾਂ ਦਾ ਸਿਹਰਾ ਕੋਈ ਹੋਰ ਲੈ ਜਾਂਦਾ ਹੈ । ਮੈਂ ਉਸ ਵਿਅਕਤੀ ਦਾ ਨਾਂ ਨਹੀਂ ਲੈਣਾ ਚਾਹੁੰਦਾ । ਜੇ ਤੁਸੀਂ ਆਪਣੀਆਂ ਅੱਖਾਂ ਤੇ ਕੰਨ ਖੋਲ੍ਹ ਕੇ ਰੱਖੋ ਤਾਂ ਤੁਹਾਨੂੰ ਉਸ ਵਿਅਕਤੀ ਦਾ ਪਤਾ ਲਗ ਸਕਦਾ ਹੈ ।" ਮੈਂ ਨੌਜਵਾਨ ਵਲ ਬੇਭਰੋਸਗੀ ਜਿਹੀ ਨਾਲ ਵੇਖਿਆ ।

ਮਗਰੋਂ ਇਧਰ ਉਧਰ ਪੁੱਛਗਿਛ ਕਰਨ ਪਿਛੋਂ ਮੈਨੂੰ ਪਤਾ ਲਗਾ ਕਿ ਭਾਵੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਕਾਤਲਾਂ ਦੀ ਪ੍ਰਸੰਸਾ ਕਰਦੇ ਹਨ ਪਰ ਉਨ੍ਹਾਂ ਨੇ ਕਦੇ ਵੀ ਇਨ੍ਹਾਂ ਕਤਲਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਲਈ ।

ਇਸ਼ਕ ਦੇ ਵਿਚ ਕੰਮ ਕੀ ਹੈ ਹੋਸ਼ ਦਾ ।
ਇਸ਼ਕ ਰੰਗਿਆ ਦਿਲ ਨਹੀਂ ਕੁਝ ਸੋਚਦਾ ।

ਤਿਲਕਦਾ ਹੈ ਉਹ ਜ਼ਰੂਰੀ ਦੋਸਤੋ
ਪੈਰ ਜਿਹੜਾ ਬਹੁਤ ਹੀ ਹੈ ਬੋਚਦਾ ।

"ਜੇ ਪੀਵੈ ਪਤਿ ਲੱਥੀ ਜਾਏ ॥ ਸਭੁ ਹਰਾਮ ਜੇਤਾ ਕਿਛੁ ਖਾਇ ॥"

# ਸੰਤ ਹਰਚੰਦ ਸਿੰਘ ਲੌਂਗੋਵਾਲ

ਸੰਚਾਲਕ ਪੰਜਾਬ ਧਰਮ ਯੁੱਧ ਮੋਰਚਾ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ, ਪੰਜਾਬ ਵੱਲੋਂ

## ਖਾਲਸਾ ਦੀਵਾਨ ਸੁਸਾਇਟੀ 8000 ਰੌਸ ਸਟਰੀਟ ਵੈਨਕੂਵਰ ਬੀ. ਸੀ. ਕੈਨੇਡਾ ਦੇ ਸਮੂੰਹ ਮੈਂਬਰਾਂ ਨੂੰ ਪੁਰਜ਼ੋਰ

# ਅਪੀਲ



ਪਰਮ ਸਤਿਕਾਰ ਯੋਗ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਖਾਲਸਾ ਦੀਵਾਨ ਸੁਸਾਇਟੀ ਵਲੋਂ "ਧਰਮ ਯੁੱਧ" ਮੋਰਚੇ ਦੇ ਸ਼ਹੀਦਾਂ ਦੇ ਪਰਵਾਰਾਂ ਦੀ ਸਹਾਇਤਾ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖੋਲ੍ਹੇ ਗਏ ਸ਼ਹੀਦੀ ਫੰਡ ਵਿਚ ਖੁਲ੍ਹੇ ਦਿਲ ਨਾਲ ਭੇਜੀ ਹੋਈ ਮਾਇਆ ਲਗਾਤਾਰ ਪੁੱਜ ਰਹੀ ਹੈ। ਖਾਲਸਾ ਦੀਵਾਨ ਸੁਸਾਇਟੀ ਵਲੋਂ "ਧਰਮ ਯੁੱਧ" ਮੋਰਚੇ ਪ੍ਰਤੀ ਦਿਖਾਏ ਉਤਸ਼ਾਹ ਦਾ ਮੈਂ ਧੰਨਵਾਦੀ ਹਾਂ।

ਸ਼੍ਰੋਮਣੀ ਅਕਾਲੀ ਦਲ ਬੜੀ ਦ੍ਰਿੜਤਾ ਨਾਲ ਪੰਥ ਅਤੇ ਪੰਜਾਬ ਦੀਆਂ ਹੱਕੀ ਅਤੇ ਸੰਵਿਧਾਨਕ ਮੰਗਾਂ ਦੀ ਪੂਰਤੀ ਲਈ ਫੈਸਲਾਕੁਨ ਜੰਗ ਲੜ ਰਿਹਾ ਹੈ। ਭਾਵੇਂ ਕੇਂਦਰ ਸਰਕਾਰ ਹਰ ਤਰ੍ਹਾਂ ਦੇ ਜ਼ਬਰ ਅਤੇ ਦਸ਼ੱਦਦ ਕਰਕੇ, ਸਿੱਖ ਕੌਮ ਨੂੰ ਦੂਬੇਲ ਰੱਖਣ ਲਈ ਹਰ ਯਤਨ ਕਰ ਰਹੀ ਹੈ। ਸੈਂਕੜੇ ਸਿੰਘ ਸ਼ਹੀਦੀਆਂ ਪਾ ਚੁੱਕੇ ਹਨ, ਦੋ ਲੱਖ ਕਰੀਬ ਸਿੰਘ ਸਿੰਘਣੀਆਂ ਜੇਲ੍ਹ ਜਾ ਚੁੱਕੇ ਹਨ ਅਤੇ ਹਜ਼ਾਰਾਂ ਸਿੰਘ, ਸਿੰਘਣੀਆਂ ਜੇਲ੍ਹਾਂ ਵਿਚ ਬੰਦ ਹਨ। ਇਹ ਪਰੰਪਰਾ ਅਤੇ ਲੜੀ ਬਾਦਸੂਤਰ ਜਾਰੀ ਹੈ।

ਸਰਕਾਰ ਵਲੋਂ ਸਿੰਘਾਂ ਉਤੇ ਕੀਤੇ ਗਏ ਜ਼ੁਲਮਾਂ ਨੇ ਮੀਰ ਮੰਨੂੰ, ਜ਼ਕਰੀਆ ਖਾਨ ਅਤੇ ਨਾਦਰਸ਼ਾਹ ਵਰਗੇ ਜ਼ਾਲਮਾਂ ਦੀਆਂ ਰੂਹਾਂ ਨੂੰ ਕੰਬਣੀ ਛੇੜ ਦਿੱਤੀ ਹੈ। ਪਰ ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਸੰਸਾਰ ਦੇ ਕੋਨੇ ਕੋਨੇ ਵਿਚ ਵੱਸਦੇ ਕਰੋੜਾਂ ਸਿੰਘਾਂ ਦੇ ਸਹਿਯੋਗ ਨਾਲ, ਆਪਣੇ ਨਿਸ਼ਾਨੇ ਵੱਲ ਬੜੀ ਤੇਜ਼ੀ ਨਾਲ ਵਧ ਰਹੀ ਹੈ। "ਨਿਸਚੈ ਕਰ ਆਪਣੀ ਜੀਤ ਕਰੋਂ॥" ਦੇ ਮਹਾਂਵਾਕ ਅਨੁਸਾਰ, ਸ਼੍ਰੋਮਣੀ ਅਕਾਲੀ ਦਲ, ਅੰਤਮ ਜਿੱਤ ਤੱਕ "ਧਰਮ ਯੁੱਧ" ਜਾਰੀ ਰੱਖੇਗਾ। ਮੈਨੂੰ ਪੂਰਨ ਆਸ ਹੈ ਕਿ, ਆਪਣੀਆਂ ਪੁਰਾਤਨ ਗੌਰਵਸ਼ਾਲੀ ਰਵਾਇਤਾਂ ਅਨੁਸਾਰ ਕਨੇਡਾ ਦੇ ਸਿੰਘ ਸੰਘਰਸ਼ ਵਿਚ ਹਰ ਤਰ੍ਹਾਂ ਦਾ ਸਹਿਯੋਗ ਦਿੰਦੇ ਰਹਿਣਗੇ।

ਮੈਨੂੰ ਪਤਾ ਲੱਗਾ ਹੈ ਕਿ ਖਾਲਸਾ ਦੀਵਾਨ ਸੁਸਾਇਟੀ ਦੀਆਂ ਸਾਲ 1984 ਲਈ ਪ੍ਰਬੰਧਕੀ ਚੋਣਾਂ ਸਨਚਿਰਵਾਰ 3 ਦਸੰਬਰ 1983 ਨੂੰ ਹੋ ਰਹੀਆਂ ਹਨ। ਖਾਲਸਾ ਦੀਵਾਨ ਸੁਸਾਇਟੀ ਦੇਸ਼ ਭਗਤਾਂ ਦੀ ਇਕ ਮਹਾਨ ਯਾਦ ਹੈ। ਇਸ ਸੁਸਾਇਟੀ ਦੀ ਮਹੱਤਵ ਅਤੇ ਮਹਾਨਤਾ ਇਸ ਦੇ ਮੈਂਬਰਾਂ ਦੀ ਗਿਣਤੀ ਤੋਂ ਹੀ ਸਪੱਸ਼ਟ ਹੋ ਜਾਂਦੀ ਹੈ। ਖਾਲਸਾ ਦੀਵਾਨ ਸੁਸਾਇਟੀ ਦਾ ਪ੍ਰਬੰਧ ਇਹੋ ਜਿਹੇ ਨਾਜ਼ਕ ਸਮੇਂ ਜਦੋਂ ਕਿ ਸਿੱਖ ਕੌਮ "ਧਰਮ ਯੁੱਧ" ਦੇ ਸੰਘਰਸ਼ ਵਿਚ ਜੂਝ ਰਹੀ ਹੈ, ਪੰਥ ਦਰਦੀਆਂ ਦੇ ਹੱਥਾਂ ਵਿਚ ਹੋਣਾ ਬਹੁਤ ਹੀ ਜ਼ਰੂਰੀ ਹੈ। ਖਾਸ ਕਰਕੇ ਪਿਛਲੇ ਕੁਝ ਸਾਲਾਂ ਵਿਚ ਇਸ ਸੁਸਾਇਟੀ ਨੇ ਧਰਮ ਪ੍ਰਚਾਰ ਵਿਚ ਜੋ ਮਹੱਤਵ ਪੂਰਨ ਹਿਸਾ ਪਾਇਆ ਹੈ, ਉਸ ਨਾਲ ਸਿੱਖੀ ਸਰੂਪ ਨੂੰ ਵਧੇਰੇ ਮਾਣ ਮਿਲਿਆ ਹੈ। ਦਸਮੇਸ਼ ਪਿਤਾ ਦੇ ਕਹੇ ਹੋਏ "96 ਕਰੋੜ ਖਾਲਸਾ" ਵਾਲੇ ਸ਼ਬਦ ਯਾਦ ਆਏ ਹਨ।

ਅੱਜ ਖਾਲਸਾ ਦੀਵਾਨ ਸੁਸਾਇਟੀ ਦਾ ਨਾਮ ਸਾਰੇ ਹੀ ਸਿੱਖ ਜਗਤ ਵਿੱਚ ਬੜੇ ਮਾਣ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ ਇਹ ਸਭ ਕੁਝ ਪ੍ਰਬੰਧਕਾਂ ਦੇ ਸੁਚੱਜੇ ਪ੍ਰਬੰਧ ਅਤੇ ਦਸ਼ਮੇਸ਼ ਪਿਤਾ ਦੀ ਮੇਹਰ ਦਾ ਸਦਕਾ ਹੈ। ਇਸ ਸੁਸਾਇਟੀ ਵਲੋਂ ਕੀਤੇ ਗਏ ਕੰਮਾਂ ਦੀ ਸ਼ਲਾਘਾ ਜਿੰਨੀ ਵੀ ਕੀਤੀ ਜਾਵੇ ਥੋੜੀ ਹੈ। ਮੈਂ ਨਿਸਚੇ ਨਾਲ ਕਹਿ ਸਕਦਾ ਹਾਂ ਕਿ ਪਿਛਲੇ ਸਾਲਾਂ ਵਿਚ ਵੋਟਾਂ ਰਾਹੀਂ ਆਪ ਵਲੋਂ ਕੀਤੇ ਨਿਰਣਿਆਂ ਨੂੰ ਪ੍ਰਬੰਧਕਾਂ ਨੇ ਸਹੀ ਸਿੱਧ ਕਰਕੇ ਦਿਖਾ ਦਿਤਾ ਹੈ। ਆਪਣੀ ਵੈਨਕੂਵਰ ਦੀ ਫੇਰੀ ਸਮੇਂ ਸੁਸਾਇਟੀ ਦੇ ਪ੍ਰਬੰਧ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ ਸਾਂ।

### ਅਪੀਲ

ਸੋ ਮੈਂ ਪੁਰਜ਼ੋਰ ਸ਼ਬਦਾਂ ਵਿਚ ਖਾਲਸਾ ਦੀਵਾਨ ਸੁਸਾਇਟੀ ਦੇ ਸਮੂੰਹ ਮੈਂਬਰਾਂ ਨੂੰ ਅਪੀਲ ਕਰਦਾ ਹਾਂ ਕਿ ਵੋਟਾ ਪਾਉਣ ਸਮੇਂ ਆਪ ਨੇ ਇਸ ਗੱਲ ਵੱਲ ਜ਼ਰੂਰ ਧਿਆਨ ਦੇਣਾ ਕਿ ਕਿਤੇ ਸੁਸਾਇਟੀ ਦਾ ਪ੍ਰਬੰਧ ਉਨ੍ਹਾਂ ਹੱਥਾਂ ਵਿਚ ਨਾ ਚਲਾ ਜਾਵੇ ਜਿਸ ਨਾਲ ਸੁਸਾਇਟੀ ਵਲੋਂ ਚਲਾਈ ਜਾ ਰਹੀ ਧਰਮ ਪ੍ਰਚਾਰ ਦੀ ਲਹਿਰ ਅਤੇ ਹੋਰ ਅਨੇਕਾਂ ਉਨਤੀ ਦੇ ਕੰਮਾਂ ਦੀ ਰਫਤਾਰ ਮੱਧਮ ਪੈ ਜਾਵੇ।

ਸੋ ਮੈਂ ਆਸ ਕਰਦਾ ਹਾਂ ਕਿ ਸੰਗਤਾਂ ਉਨ੍ਹਾਂ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਕਾਮਯਾਬ ਕਰਨਗੀਆਂ ਜੋ ਪੰਥਕ ਪ੍ਰੋਗਰਾਮਾਂ ਨੂੰ ਸਫਲਤਾ ਪੂਰਵਕ ਨਿਭਾਉਣ ਲਈ ਤਨੋ, ਮਨੋ ਅਤੇ ਧਨੋ ਬਚਨਵੱਧ ਹਨ।

ਧੰਨਵਾਦ ਅਤੇ ਸਤਿਕਾਰ ਸਹਿਤ
ਗੁਰੂ ਪੰਥ ਦਾ ਦਾਸ
ਹਰਚੰਦ ਸਿੰਘ (ਸੰਤ) ਲੌਂਗੋਵਾਲ
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ

## ਸ੍ਰ. ਜਰਨੈਲ ਸਿੰਘ ਜੀ ਸੰਧੂ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਸਨਮਾਨਤ ਕਰ ਰਹੇ ਹਨ



ਉਪਰਲੀ ਤਸਵੀਰ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ ਜੀ ਸ: ਜਰਨੈਲ ਸਿੰਘ ਜੀ ਸੰਧੂ ਹੁਰਾਂ ਨੂੰ ਸਨਮਾਨਤ ਕਰ ਰਹੇ ਹਨ ਜੋ ਕਿ 27 ਅਕਤੂਬਰ, 1982 ਨੂੰ ਵੈਨਕੂਵਰ ਕੈਨੇਡਾ ਤੋਂ ਪਹਿਲੇ ਸ਼ਹੀਦੀ ਜਥੇ ਵਿਚ ਸ: ਤਾਲਬ ਸਿੰਘ ਸੰਧੂ ਸਰੀ ਨਿਵਾਸੀ(ਪ੍ਰਧਾਨ ਜ਼ਿਲਾ ਅਕਾਲੀ ਜਥਾ ਲੁਧਿਆਣਾ) ਦੀ ਪ੍ਰਧਾਨਗੀ ਹੇਠਾਂ ਤਿੰਨ ਹੋਰ ਸਾਥੀਆਂ ਸਮੇਤ, ਧਰਮ ਯੁੱਧ ਮੋਰਚੇ ਵਿਚ ਗ੍ਰਿਫਤਾਰੀ ਦੇਣ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਪੁਜੇ। ਆਪ ਅੱਜ ਵੀ ਪੰਜਾਬ ਵਿਚ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਜੀ ਦੇ ਹੁਕਮ ਅਨੁਸਾਰ ਜੇਲ ਯਾਤਰਾ ਕਰਨ ਲਈ ਤਿਆਰ ਹਨ।

ਸ: ਜਰਨੈਲ ਸਿੰਘ ਸੰਧੂ ਜੀ ਦੇ ਸਪੁੱਤਰ ਸ: ਅਮਰਜੀਤ ਸਿੰਘ ਸੰਧੂ ਇਸ ਸਮੇਂ 3 ਦਸੰਬਰ, 1983 ਨੂੰ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀਆਂ ਸਾਲ 1984 ਦੀਆਂ ਚੋਣਾਂ ਵਿਚ ਬਤੌਰ ਸਕੱਤਰ ਦੀ ਸੇਵਾ ਦੇ ਚੋਣ ਵਿਚ ਹਿੱਸਾ ਲੈ ਰਹੇ ਹਨ। ਯਾਦ ਰਹੇ ਕਿ ਸ: ਅਮਰਜੀਤ ਸਿੰਘ ਸੰਧੂ ਨਵੰਬਰ 1982 ਨੂੰ ਨਿਊ-ਯਾਰਕ ਯੂ. ਐਨ. ਓ. ਵਿਚ ਮੈਮੋਰੈਂਡਮ ਦੇਣ ਲਈ ਹੋਰ ਸਿੰਘਾਂ ਨਾਲ ਪੁਜੇ ਤਾਂ ਕਿ ਧਰਮ ਯੁੱਧ ਮੋਰਚੇ ਦੀ ਅਸਲੀਅਤ ਨੂੰ ਇੰਟਰਨੈਸ਼ਨਲ ਪੱਧਰ ਉਪਰ ਪ੍ਰਚਾਰਿਆ ਜਾ ਸਕੇ।

ਸਮੂੰਹ ਸੰਗਤਾਂ ਨੂੰ ਬੇਨਤੀ ਹੈ ਕਿ ਧਰਮ ਯੁੱਧ ਮੋਰਚੇ ਦੀ ਸਫਲਤਾ ਲਈ ਠੋਸ ਉਪਰਾਲੇ ਕਰਨ ਲਈ ਭਾਈ ਜਰਨੈਲ ਸਿੰਘ ਭੰਡਾਲ ਪ੍ਰਧਾਨ ਦੀ ਸੇਵਾ ਅਤੇ ਭਾਈ ਅਮਰਜੀਤ ਸਿੰਘ ਸੰਧੂ ਸਕੱਤਰ ਦੀ ਸਾਰੀ ਸਲੇਟ ਨੂੰ ਵੋਟਾਂ ਪਾ ਕੇ ਕਾਮਯਾਬ ਕਰਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੀ ਅਪੀਲ ਉਪਰ ਫੁੱਲ ਚੜ੍ਹਾਓ।

ਦੇਗ ਤੇਗ ਫਤਹਿ

ੴ ਵਾਹਿਗੁਰੂ ਜੀ ਕੀ ਫਤਹਿ ॥

ਪੰਥ ਕੀ ਜੀਤ

ਦੇਹ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੋ ॥
ਨ ਡਰੋ ਅਰਿ ਸੋ ਜਬ ਜਾਇ ਲਰੋ, ਨਿਸਚੈ ਕਰ ਆਪਨੀ ਜੀਤ ਕਰੋ ॥

ਆਉ ਭਰਾਵੋ, ਖਾਲਸਾ ਦੀਵਾਨ ਸੁਸਾਇਟੀ, 8000 ਰੌਸ ਸਟਰੀਟ, ਵੈਨਕੂਵਰ ਦੀ ਸਾਲ 1984 ਦੀ ਪ੍ਰਬੰਧਕ ਕਮੇਟੀ ਲਈ ਨਿਰਪੱਖ ਸੇਵਾਦਾਰਾਂ ਨੂੰ ਵੋਟਾਂ ਪਾ ਕੇ ਕੌਮ ਦੀ ਚੜ੍ਹਦੀ ਕਲਾ ਏਕਤਾ ਨਾਲ ਸੇਵਾ ਕਰਨ ਅਤੇ ਕਰਵਾਉਣ ਲਈ ਉਪਰਾਲਾ ਕਰੀਏ ।


Amarjit S. Sandhu ਅਮਰਜੀਤ ਸਿੰਘ ਸੰਧੂ
Secreatary - ਸਕੱਤਰ
590-3608


Jarnail S. Bhandal ਜਰਨੈਲ ਸਿੰਘ ਭੰਡਾਲ
President - ਪ੍ਰਧਾਨ
255-5941


Gurdip S. Gill "Singhpuri"
ਗੁਰਦੀਪ ਸਿੰਘ ਗਿੱਲ "ਸਿੰਘਪੁਰੀ"
Vice-President - ਮੀਤ-ਪ੍ਰਧਾਨ
325-0744

ੴ ਵਾਹਿਗੁਰੂ ਜੀ ਕੀ ਫਤਹਿ ॥

ਸਮੂਹ ਸੰਗਤਾਂ ਦੀ ਪ੍ਰੇਰਨਾ ਅਤੇ ਉਤਸ਼ਾਹ ਸਦਕਾ ਧੜੇਬੰਦੀਆਂ ਤੋਂ ਉਪਰ ਉਠ ਕੇ, ਕੈਨੇਡਾ ਵਿਚ ਸਿਖ ਧਰਮ ਦੇ ਪ੍ਰਚਾਰ ਦੀ ਲਹਿਰ ਨੂੰ ਤੇਜ਼ ਕਰਨ, ਕੌਮ ਵਿਚ ਸਦਭਾਵਨਾ ਅਤੇ ਏਕਤਾ ਨਾਲ ਗੁਰੂ ਘਰ ਦੀ ਸੇਵਾ ਕਰਨ ਅਤੇ ਸਾਰੇ ਜਗਤ ਵਿਚ ਖਾਲਸਾ ਜੀ ਦੇ ਬੋਲਬਾਲੇ ਉਚੇ ਕਰਨ ਦੀਆਂ ਸਧਰਾਂ ਅਤੇ ਰੀਝਾਂ ਲੈ ਕੇ ਸੰਗਤਾਂ ਦੇ ਸਾਂਝੇ ਉਮੀਦਵਾਰ ਸੇਵਾ ਲਈ ਹਾਜ਼ਰ ਹਨ ।

ਹਰਿ ਮੇਰੀ ਪ੍ਰੀਤਿ, ਰੀਤਿ ਹੈ ਹਰਿ ਮੇਰੀ, ਹਰਿ ਮੇਰੀ ਕਥਾ ਕਹਾਨੀ ਜੀ ॥
ਗੁਰ ਪ੍ਰਸਾਦਿ ਮੇਰਾ ਮਨੁ ਭੀਜੈ, ਏਹਾ ਸੇਵ ਬਨੀ ਜੀਉ ॥

ਭਾਈ ਜਰਨੈਲ ਸਿੰਘ ਭੰਡਾਲ ਪ੍ਰਧਾਨ ਅਤੇ ਭਾਈ ਅਮਰਜੀਤ ਸਿੰਘ ਸੰਧੂ ਸਕੱਤਰ ਜੀ ਦੀ ਸਲੇਟ ਨੂੰ ਵੋਟਾਂ ਪਾ ਕੇ ਕਾਮਯਾਬ ਬਨਾਉਣ ਲਈ ਅਪੀਲ ਹੈ :—


Gurnam S. Uppal ਗੁਰਨਾਮ ਸਿੰਘ ਉਪਲ
Rec. Secretary-ਰੀਕਾਰਡਿੰਗ ਸਕੱਤਰ
590-1956


Vikram S. Gill ਵਿਕਰਮ ਸਿੰਘ ਗਿੱਲ
Rec. Secretary ਰੀਕਾਰਡਿੰਗ ਸਕੱਤਰ
872-0729

| | |
|---|---|
| Jarnail Singh Bhandal ਜਰਨੈਲ ਸਿੰਘ ਭੰਡਾਲ<br>President - ਪ੍ਰਧਾਨ | X |
| Gurdip Singh Gill "Singhpuri" ਗੁਰਦੀਪ ਸਿੰਘ ਗਿੱਲ "ਸਿੰਘਪੁਰੀ"<br>Vice-President - ਮੀਤ-ਪ੍ਰਧਾਨ | X |
| Amarjit Singh Sandhu ਅਮਰਜੀਤ ਸਿੰਘ ਸੰਧੂ<br>Secretary - ਸਕੱਤਰ | X |
| Gurnam Singh Uppal - ਗੁਰਨਾਮ ਸਿੰਘ ਉਪਲ<br>Rec. Secreatary - ਰੀਕਾਰਡਿੰਗ ਸਕੱਤਰ | X |
| Vikram Singh Gill - ਵਿਕਰਮ ਸਿੰਘ ਗਿੱਲ<br>Rec. Secretary - ਰੀਕਾਰਡਿੰਗ ਸਕੱਤਰ | X |
| Sarwan Singh Randhawa ਸਰਵਨ ਸਿੰਘ ਰੰਧਾਵਾ<br>Treasurer - ਖਜ਼ਾਨਚੀ | X |
| Kirpal Singh Gill ਕ੍ਰਿਪਾਲ ਸਿੰਘ ਗਿੱਲ<br>Asst. Treasurer - ਮੀਤ-ਖਜ਼ਾਨਚੀ | X |
| Parmjit Singh Mann ਪਰਮਜੀਤ ਸਿੰਘ ਮਾਨ<br>Member - ਮੈਂਬਰ | X |
| Lakhvinder Singh Mroke ਲਖਵਿੰਦਰ ਸਿੰਘ ਮਰੋਕ<br>Member - ਮੈਂਬਰ | X |
| Gurnam Singh Moore ਗੁਰਨਾਮ ਸਿੰਘ ਮੋਰ<br>Member - ਮੈਂਬਰ | X |
| Bhag Singh Sandhu ਭਾਗ ਸਿੰਘ ਸੰਧੂ<br>Member - ਮੈਂਬਰ | X |


Sarwan S. Randhawa ਸਰਵਨ ਸਿੰਘ ਰੰਧਾਵਾ
Treasurer - ਖਜ਼ਾਨਚੀ 873-9036


Kirpal S. Gill ਕ੍ਰਿਪਾਲ ਸਿੰਘ ਗਿੱਲ
Asst. Treasurer ਮੀਤ ਖਜ਼ਾਨਚੀ
327-2973


Parmjit S. Mann ਪਰਮਜੀਤ ਸਿੰਘ ਮਾਨ
Member - ਮੈਂਬਰ
324-6805


Lakhvinder S. Mroke ਲਖਵਿੰਦਰ ਸਿੰਘ ਮਰੋਕ
Member - ਮੈਂਬਰ 271-6286

ਵੋਟ ਪਾਉਣ ਦਾ ਪਤਾ :—
ਸ੍ਰੀ ਗੁਰੂ ਅਮਰਦਾਸ ਨਿਵਾਸ
1071 ਸਾਊਥ ਈਸਟ ਮਰੀਨ ਡਰਾਈਵ ਵੈਨਕੂਵਰ ਬੀ. ਸੀ.
(ਗੁਰਦੁਆਰਾ ਸਾਹਿਬ ਦੇ ਸਾਹਮਣੇ)

ਵੋਟ ਪਾਉਣ ਦਾ ਸਮਾਂ :—
3 ਦਸੰਬਰ, 1983 ਦਿਨ ਸ਼ਨਿਚਰਵਾਰ ਨੂੰ ਸਵੇਰ ਦੇ
7 ਵਜੇ ਤੋਂ ਸ਼ਾਮ ਦੇ 7 ਵਜੇ ਤੱਕ

ਅਤੀ ਜ਼ਰੂਰੀ ਬੇਨਤੀ :— ਕ੍ਰਿਪਾ ਕਰਕੇ ਉਪਰ ਦਿੱਤੇ ਅਨੁਸਾਰ, ਵੋਟ ਪਾਉਣ ਸਮੇਂ, ਉਪਰ ਦਿੱਤੇ ਹਰ ਇਕ ਉਮੀਦਵਾਰ ਦੇ ਨਾਵਾਂ ਦੇ ਸਾਹਮਣੇ ☒ ਨਿਸ਼ਾਨ ਲਗਾਉਣ ਦੀ ਕ੍ਰਿਪਾ ਕਰਨੀ ਜੀ । ਵੋਟ ਪਾਉਣ ਆਉਣ ਸਮੇਂ ਆਪਣਾ ਮੈਂਬਰਸ਼ਿਪ ਦਾ ਕਾਰਡ ਅਤੇ ਉਸ ਉਪਰ ਦਿੱਤੀ ਆਪਣੀ ਆਡੈਂਟੀਫੀਕੇਸ਼ਨ ਨਾਲ ਜ਼ਰੂਰ ਲੈ ਕੇ ਆਉਣੀ ਜੀ ।


Gurnam S. Moore ਗੁਰਨਾਮ ਸਿੰਘ ਮੋਰ
Member - ਮੈਂਬਰ
433-4175


Bhag S. Sandhu ਭਾਗ ਸਿੰਘ ਸੰਧੂ
Member - ਮੈਂਬਰ
324-2510

# ਆਪਣੇ ਲੋਕ

ਅਜਮੇਰ ਰੋਡੇ, ਵੈਨਕੂਵਰ

"ਮੈਂ ਤੁਹਾਡੇ ਨਾਲ ਵਿਆਹੀਆਂ ਤਾਂ ਇਥੇ ਈ ਰਹਿਣੈ ਉਥੇ ਜਾਕੇ ਮੈਂ ਕਿਵੇਂ ਬੈਠੀ ਰਹੂੰ ਭਲਾ! ਉਨ੍ਹਾਂ ਨਾਲੋਂ ਪਹਿਲਾਂ ਹੁਣ ਤਾਂ ਮੈਂ ਤੁਹਾਡੀ ਹਾਂ, ਤੁਹਾਡੇ ਮੁੰਡੇ ਦੀ ਮਾਂ।"

"ਫੇਰ ਉਨ੍ਹਾਂ ਨੂੰ ਸੇਕ ਕਿਵੇਂ ਲੱਗੂ ਮੇਰਿਆਂ ਸੌਹਰਿਆਂ ਨੂੰ? ਮੈਂ ਤਾਂ ਵੱਟ ਕੱਢ ਦੂੰ ਇੱਕ ਦੂਵਾਲਿਓਂ ਸਾਰਿਆਂ ਦੇ ..."

"ਉਨ੍ਹਾਂ ਦੇ ਤਾਂ ਕਾਹਦੇ ਨਿਕਲਣੇ ਐ ਵੱਟ ਤਾਂ ਮੇਰੇ ਨਿਕਲਣਗੇ ਜਾਂ ਮੇਰੇ ਪੁੱਤ ਦੇ।", ਕਹਿੰਦਿਆਂ ਸੀਤਲ ਨੇ ਆਪਣੇ ਚਾਰ ਕੁ ਸਾਲ ਦੇ ਸ਼ਿੰਦੇ ਨੂੰ ਆਪਣੇ ਨਾਲ ਘੁੱਟ ਲਿਆ ਜਿਸਨੂੰ ਉਹ ਲਾਡ ਨਾਲ ਜੈਕ ਵੀ ਕਹਿੰਦੇ ਸਨ।

"ਪੁੱਤ ਤੇਰਾ ਨੀ ਮੇਰਾ ਐ, ਆਈ ਵੱਡੀ ਪੁੱਤ ਆਲੀ, ਜੈਕ ਤਾਂ ਮੇਰਾ ਸ਼ੇਰ ਬੱਗਾ ਐ ਤੈਨੂੰ ਈ ਦਫਾ ਕਰਨੈ, ਇਹ ਤਾਂ ਐਥੇ ਰਹੂਗਾ ਸਾਡੇ ਕੋਲ ... ਤੈਨੂੰ ਪਤਾ ਨੀਂ ਇਹ ਨਿੱਕਾ ਲਾਖਾ ਐ — ਇਹ ਮੈਂ ਆਂ ਮੈਂ ਵੇਖ ਇਹਦੀਆਂ ਅੱਖਾਂ ਤੇ ਨੱਕ ...!"

ਸੀਤਲ ਜਰਾ ਕੁ ਚੁੱਪ ਹੋ ਗਈ, ਫਿਰ ਹੌਲੀ ਜਿਹੀ ਬੋਲੀ. "ਫਰ ਤਾਂ ਮੈਂ ਤੁਹਾਡੀ ਵੀ ਮਾਂ ਹਾਂ।"

"ਤੇਰਾ ਡਮਾਕ ਤਾਂ ਟਕਾਣੇ ਐ?" ਲਾਖਾ ਗੁੱਸੇ ਨਾਲ ਬੋਲਿਆ।

"ਡਮਾਕ ਦਾ ਤਾਂ ਪਤਾ ਨੀ ... ਇਹ ਲਾਖਾ ਤਾਂ ਮੇਰੇ ਪੇਟ ਵਿਚ ਈ ਰਿਹੈ ਨੌਂ ਮਹੀਨੇ ਤੇ ਪਿਛੋਂ ਦੁੱਧ ਵੀ ਮੇਰਾ ਈ ਚੁੰਘਦਾ ਰਿਹੈ।"

ਲਾਖਾ ਰਾਹ ਵਿਚ ਬਲਦਾ ਬਲਦਾ ਈ ਰਹਿ ਗਿਆ। ਉਸਨੂੰ ਅਚਾਨਕ ਤੇਰਵੀਂ ਜਮਾਤ ਦੀ ਸਾਇੰਸ ਯਾਦ ਆ ਗਈ। ਇੱਕ ਦਿਨ ਪ੍ਰੋਫੈਸਰ ਨੇ ਤਸਵੀਰਾਂ ਵਿਖਾਕੇ ਦਸਿਆ ਸੀ ਕਿ ਕਿਵੇਂ ਬੱਚਾ ਅੱਧੇ ਮਾਂ ਦੇ ਅਤੇ ਅੱਧੇ ਪਿਓ ਦੇ ਤੱਤਾਂ ਤੋਂ ਮਿਲਕੇ ਬਣਦਾ ਹੈ — ਬੰਦਾ ਆਪਣੇ ਬੱਚੇ ਦੇ ਰੂਪ ਵਿੱਚ ਸੱਚੀਂ ਮੁੱਚੀਂ ਦੁਬਾਰਾ ਜਨਮ ਲੈਂਦਾ ਹੈ — ਉਦੋਂ ਪ੍ਰੋਫੈਸਰ ਦੀਆਂ ਇਹ ਗੱਲਾਂ ਤੇ "ਹਸੌਣੀਆਂ ਜਿਹੀਆਂ" ਤਸਵੀਰਾਂ ਉਸਦੇ ਮਨ ਤੇ ਉਕਰੀਆਂ ਗਈਆਂ ਸਨ ਪਰ ਸਮੇਂ ਨਾਲ ਧੁੰਧਲਾ ਗਈਆਂ ਸਨ। ਪਰ ਹੁਣ ਜਦੋਂ ਉਸਦੀ ਵਹੁਟੀ ਨੇ ਅਚਾਨਕ ਉਹੋ ਗੱਲ ਦੁਹਰਾ ਦਿੱਤੀ ਤਾਂ ਉਹ ਛਿੱਥਾ ਜਿਹਾ ਹੋਕੇ ਸੋਚੀਂ ਪੈ ਗਿਆ। ਲਾਖੇ ਨੂੰ ਲੱਗਾ ਜਿਵੇਂ ਸੀਤਲ ਸੱਚੀਂ ਉਸ ਦੀ ਵਹੁਟੀ ਵੀ ਹੋਵੇ ਤੇ ਮਾਂ ਵੀ, ਤੇ ਉਹ ਉਸਦੇ ਪੇਟ ਵਿੱਚ ਨੌਂ ਮਹੀਨੇ ਰਿਹਾ ਹੋਵੇ ਤੇ ਉਸਦਾ ਦੁੱਧ ਵੀ ... ਦੁੱਧ ਦਾ ਖਿਆਲ ਆਉਂਦੇ ਹੀ ਉਸਨੂੰ ਕਚਿਆਣ ਜਿਹੀ ਆਈ ... ਮਨੁੱਖੀ ਰਿਸ਼ਤੇ, ਮਾਂ ਵਹੁਟੀ, ਪੁੱਤ, ਪਿਓ ...ਸਭ ਟੁੱਟਦੇ ਭਜਦੇ ਜਾਪੇ ...ਸਾਰਾ ਸਰੀਰ ਪਸੀਨਾ ਪਸੀਨਾ ਹੋ ਗਿਆ। ਫੇਰ ਉਸਨੂੰ ਇੱਕ ਦਮ ਖਿਆਲ ਆਇਆ ਜਿਵੇਂ ਸੀਤਲ ਨੇ ਉਸਨੂੰ ਬੁਰੀ ਤਰ੍ਹਾਂ ਹਰਾ ਦਿੱਤਾ ਹੋਵੇ। ਮਰਦ ਹੋਕੇ ਤੀਵੀਂ ਤੋਂ ਹਾਰ? ਉਸਦਾ ਜੀ ਕੀਤਾ ਕਿ ਉਹ ਸੀਤਲ ਨੂੰ ਕੋਈ ਭਾਰੀ ਜਹੀ ਗਾਲ ਕੱਢਕੇ ਫੇਰ ਆਪਣਾ ਰੋਅਬ ਕਾਇਮ ਰਖੇ। ਪਰ ਬਿਨਾ ਕਿਸ ਗੱਲ ਦੇ ਗਾਲ ਕੱਢਣੀ ਉਸਨੂੰ ਔਖੀ ਜਾਪੀ। ਸੀਤਲ ਨੂੰ ਕਹਿਣ ਲਈ ਉਸ ਕੋਲ ਹੋਰ ਕੋਈ ਗੱਲ ਨਾ ਰਹੀ ਤੇ ਉਹ ਆਪਣੇ ਕਿਸੇ ਫਰੈਂਡ ਕੋਲ ਜਾਣ ਲਈ ਚੁੱਪ ਚਾਪ ਬੂਟ ਪਾਉਣ ਲੱਗ ਪਿਆ।

"ਜਾਣ ਤੋਂ ਪਹਿਲਾ ਘੁੱਟ ਦੁੱਧ ਦਾ ਤਾਂ ਪੀ ਜਾਂਦੇ।" ਸੀਤਲ ਨੇ ਕਿਹਾ, ਲਾਖੇ ਨੂੰ ਜਾਪਿਆ ਜਿਵੇਂ ਸੀਤਲ ਨੇ ਉਸਨੂੰ 'ਦੁੱਧ ਪੀਣ ਲਈ ਕਹਿਕੇ' ਵਿਅੰਗ ਕੀਤਾ ਹੋਵੇ।

"ਤੇਰੀ ਮਾਂ ...", ਲਾਖੇ ਨੇ ਗਾਲ ਕੱਢਣ ਦੀ ਕੋਸ਼ਿਸ਼ ਕੀਤੀ ਪਰ ਮਾਂ ਦਾ ਸ਼ਬਦ ਆਉਂਦੇ ਹੀ ਉਸਦੀ ਜ਼ੁਬਾਨ ਰੁਕ ਗਈ ... ਤੇ ਉਹ ਚੁੱਪ ਚਾਪ ਛੇਤੀ ਦੇਣੇ ਬਹਿਓਂ ਬਾਹਰ ਨਿਕਲ ਗਿਆ।

ਲਾਖਾ ਹਰ ਰੋਜ਼ ਵਾਂਗ ਅੱਜ ਵੀ ਆਪਣੀ ਵਹੁਟੀ ਨਾਲ ਲੋਹਾ ਲਾਖਾ ਹੋ ਰਿਹਾ ਸੀ।

"ਮੇਰੇ ਕੋਲ ਨਾ ਐਦੂੰ ਮੁੜਕੇ ਨਾਂ ਲਈ, ਆਵਦੇ ਮਾਪਿਆਂ ਮੂਪਿਆਂ ਦਾ ਮੈਨੂੰ ਕੱਖ ਪ੍ਰਵਾਹ ਨੀ ਕਿਸੇ ਸਾਲੇ ਦੀ..."

"ਕਿਉਂ, ਥੋਡਾ ਕੀ ਵਿਗਾੜਤਾ ਮੇਰੇ ਮਾਪਿਆਂ ਨੇ? ਏਹੋ ਬਈ ਆਪਣਾ ਵਿਆਹ ਕਰਤਾ ਮੈਨੂੰ ਇੰਡੀਆ ਤੋਂ ਮੰਗਾਕੇ?"

"ਸਾਲੀ 'ਆਪਣੇ ਵਿਆਹ' ਦੀ ਜਿਵੇਂ ਕੁਸ਼ ਪਤਾ ਈ ਨੀ ਹੁੰਦਾ! ਮੇਰੀ ਕੁੱਤੇ ਜਿੰਨੀ ਇੱਜ਼ਤ ਨੀ ਕੀਤੀ ਤੇਰੇ ਭਾਈ ਵਿਆਹ 'ਚ ਉਨ੍ਹਾਂ ਪਤਿਔਰਿਆਂ ਨੇ ....", ਦੰਦ ਕਰੀਚਦਾ ਲਾਖਾ ਬੋਲਿਆ।

"ਲੈ ਥੁਆਨੂੰ ਕਿੰਨੀ ਵਾਰ ਤਾਂ ਪੁਛਿਐ ਉਨ੍ਹਾਂ ਨੇ ਬੰਦਿਆਂ ਆਂਙੂ?"

"ਮੈਂ ਉਨ੍ਹਾਂ ਦਾ ਜੁਆਈ ਆਂ ਜੁਆਈ! ਉਨ੍ਹਾਂ ਦੀ ਧੀ ਦਾ ਖਸਮ!! ਉਹ ਸਮਝਦੇ ਕੀ ਐ ਮੈਨੂੰ?" ਲਾਖਾ ਹੋਰ ਤਮਕਿਆ।

"ਤੁਸੀਂ ਵੀ ਸੱਚੀਂ ਹੱਦ ਕਰ ਦਿੰਦੇ ਐਂ ਬੋਲਣ ਲੱਗੇ, ਕਾਲਜ ਵਿੱਚ ਤੇਰਾਂ ਸਾਲ ਲਾਕੇ ਐਵੇਂ ਈ ਗਾਲਤੇ।"

"ਕਾਲਜ ਕੂਲਜ ਦਾ ਤਾਂ ਮੈਨੂੰ ਪਤਾ ਨੀ ਉਨ੍ਹਾਂ ਦੇ ਤਾਂ ਕੇਰਾਂ ਘੀਸਵਲ ਕੱਢਦੂੰ, ਤੂੰ ਇਹ ਨਾ ਸਮਝੀਂ ਮੈਂ ਐਵੇਂ ਬਕਵਾਸ ਮਾਰਦਾਂ ... ਜਦੋਂ ਉਨ੍ਹਾ ਦੀ ਲਾਡਰਾਣੀ ਨੂੰ ਮੋੜਕੇ ਘਰੇ ਬਿਠਾ ਤਾ ਇੰਡੀਆ, ਫੇਰ ਲੱਗੂ ਪਤਾ ਕਿਵੇਂ ਵਰਤੀਦਾ ਜੁਆਈਆਂ ਨਾਲ, ਵੱਜੇ ਨਾ ਅੱਣ ਮਿੰਨਤਾਂ ਕਰਦੇ ਪੈਰੀਂ ਹੱਥ ਲਾਉਣ ਜੁਆਈ ਦੇ ਤਾਂ ਕਹਿ ਦੇਵੀਂ ਕੁੱਤਾ ਭੌਂਕਦਾ ਸੀ .... ਤੂੰ ਤਿਆਰੀ ਕਰਲਾ ਆਵਦੀ ਅਗਲੇ ਮਹੀਨੇ ਦੀ ਫੇਰ ਆਖਾਂਗੀ ਦਸਿਆ ਨੀ.

## ਮੇਰਾ ਮਹਿਬੂਬ ਲੇਖਕ ਗਿਆਨੀ ਕੇਸਰ ਸਿੰਘ

### ਗ਼ਜ਼ਲ

**ਕਸ਼ਮੀਰਾ ਸਿੰਘ ਚਮਨ, ਕੈਲਗਰੀ**

ਹੈ ਇਨਸਾਨੀਅਤ ਦੀ ਜਿੰਦ ਤੇ ਹੈ ਜਾਨ ਕੇਸਰ ਸਿੰਘ ।
ਤਾਹੀਓਂ ਪਾ ਰਿਹਾ ਹਰ ਬਸ਼ਰ ਤੋਂ ਸਨਮਾਨ ਕੇਸਰ ਸਿੰਘ ।
ਇਕੋ ਪਿਤਾ ਦੀ ਸੰਤਾਨ ਸਮਝੇ ਕੁਲ ਸ੍ਰਿਸ਼ਟੀ ਨੂੰ,
ਮਨੁੱਖਤਾ ਦੇ ਸਰੰਦੇ ਦੀ ਹੈ ਮਿੱਠੀ ਤਾਨ ਕੇਸਰ ਸਿੰਘ ।
ਗਿਆਨੀ ਜੀ ਕੋਈ ਆਖੇ, ਕੋਈ ਆਖੇ ਇਹ ਸ਼ਾਇਰ ਹੈ,
ਇਹ ਨਾਵਲਕਾਰ ਚੋਟੀ ਦਾ, ਬੜਾ ਵਿਦਵਾਨ ਕੇਸਰ ਸਿੰਘ ।
ਇਹ ਕੀਰਤਨੀਆ ਗ੍ਰੰਥੀ ਏ, ਇਹ ਟੀਚਰ ਏ ਇਹ ਲੇਖਕ ਏ,
ਅਨੇਕਾਂ ਗੁਣਾਂ ਦਾ ਮਾਲਿਕ, ਗੁਣਾਂ ਦੀ ਖਾਨ ਕੇਸਰ ਸਿੰਘ ।
ਆਈ. ਐਨ. ਏ. 'ਚ ਭਰਤੀ ਹੋ ਕੇ ਬਣਿਆ ਦੇਸ਼ ਦਾ ਸੇਵਕ,
ਆਜ਼ਾਦੀ ਦੇ ਅਖਾੜੇ ਦਾ ਮਹਾਂ ਭਲਵਾਨ ਕੇਸਰ ਸਿੰਘ ।
ਸੈਲਾਨੀ ਏ ਸੈਨਾਨੀ ਏ, ਲਾਸਾਨੀ ਏ ਤੇ ਦਾਨੀ ਏ,
ਜੋ ਕਰਦਾ ਆ ਰਿਹਾ ਹੈ ਵਿਦਿਆ ਦਾ ਦਾਨ ਕੇਸਰ ਸਿੰਘ ।
ਉਮਰ ਪੱਖੋਂ ਇਹ ਬੇਸ਼ੱਕ ਵਿਰਧ ਹੈ ਆਖੇ ਪਈ ਦੁਨੀਆਂ,
ਮੇਰੀ ਨਜ਼ਰੇ ਇਹ ਹਿੰਮਤੀ ਹੈ ਬੜਾ ਬਲਵਾਨ ਕੇਸਰ ਸਿੰਘ ।
ਖਿੜੇ ਮੱਥੇ ਜੋ ਸਹਿਕਦਾ ਹੈ ਦੁਖ ਤਕਲੀਫ ਤੇ ਝੱਖੜ,
ਤੂਫਾਨਾਂ ਲਈ ਹੈ ਬਣ ਸਕਦੇ ਮਹਾਂ ਤੂਫਾਨ ਕੇਸਰ ਸਿੰਘ ।
ਇਸ ਦੇ ਨਾਵਲਾਂ ਨੂੰ ਪੜ੍ਹ ਕੇ ਲੈ ਰਹੇ ਡਿਗਰੀਆਂ ਵਿਦਵਾਨ,
ਬਣਿਆ ਹੈ ਅਨੇਕਾਂ ਵਾਸਤੇ ਵਰਦਾਨ ਕੇਸਰ ਸਿੰਘ ।
ਬਦੀਆ ਨਾਲ ਟੱਕਰ ਲੈਣ ਦੀ ਆਦਮ ਹੈ ਇਸ ਤਾਈਂ,
ਸਖੀ ਦਿਲ ਦਾ, ਸੱਜਣ ਸੂਰਮਾ ਸੁਲਤਾਨ ਕੇਸਰ ਸਿੰਘ ।
ਹਿੰਦੀਆਂ ਨੇ ਵਤਨ ਦੇ ਆਸ਼ਕਾਂ ਨੂੰ ਭੁਲ ਜਾਣਾ ਸੀ,
ਸਾਹਿਤਕ ਤੌਰ ਤੇ ਹੁੰਦਾ ਨਾ ਜੇ ਕੁਰਬਾਨ ਕੇਸਰ ਸਿੰਘ ।
ਸਿਰੜੀ, ਮਿਹਨਤੀ, ਸਿਦਕੀ, ਸਵੈ ਵਿਸ਼ਵਾਸ਼ ਦਾ ਪਾਤਰ,
ਨਵੇਂ ਲੇਖਕ ਤੇ ਕਵੀਆਂ ਦਾ ਹੈ ਮਿਹਰਬਾਨ ਕੇਸਰ ਸਿੰਘ ।
ਇਹ ਜਜ਼ਬਾ ਦੇਸ਼ ਭਗਤੀ ਦਾ ਪਿਆ ਵੰਡਦਾ ਹੈ ਲੋਕਾਂ ਨੂੰ
ਮਿਟਾਉਂਦਾ ਆ ਰਿਹੈ ਇਤਹਾਸਕੀ ਅਗਿਆਨ ਕੇਸਰ ਸਿੰਘ ।
ਮੈਂ ਕਰਦਾ ਹਾਂ ਬੜਾ ਸਤਿਕਾਰ ਇਸ ਮਹਿਬੂਬ ਲੇਖਕ ਦਾ
ਤਾਹੀਓਂ ਹੈ ਮਿਰੀ ਇਸ ਗਜ਼ਲ ਦਾ ਉਨਵਾਨ ਕੇਸਰ ਸਿੰਘ ।
ਇਸ ਦੀ ਲਿਖਤ ਦਾ ਹਰ ਲਫਜ਼ ਵੰਡੇ ਪਿਆਰ ਦੀ ਖੁਸ਼ਬੋ,
'ਚਮਨ' ਸਮਝੇ ਸਦਾ ਇਨਸਾਨ ਨੂੰ ਇਨਸਾਨ ਕੇਸਰ ਸਿੰਘ ।
ਮਲਾਇਆ, ਯੂ. ਕੇ. ਅਮਰੀਕਾ ਇਹਦੀ ਹਨ ਖੋਜ ਦੇ ਕੇਂਦਰ,
ਘੁੰਮਿਆ ਹਿੰਦ ਬਰਮਾ ਸਿਆਮ ਤੇ ਜਾਪਾਨ ਕੇਸਰ ਸਿੰਘ ।
ਰਿਹਾਇਸ਼ ਗਾਹ ਬਣਾ ਕੇ ਆਪਣੀ ਪੱਕੀ ਕੈਨੇਡਾ 'ਚ
ਹੈ ਕਰਦਾ ਆ ਰਿਹਾ ਵੀਹ ਸਾਲ ਤੋਂ ਗੁਜਰਾਨ ਕੇਸਰ ਸਿੰਘ ।

### ਗ਼ਜ਼ਲ

**ਸੁਰਜੀਤ ਰਾਮਪੁਰੀ**

ਕੁਝ ਕਠਨ ਹੈ, ਮੁਸ਼ਕਿਲ ਹੈ, ਤੇ ਔਖੀ ਵੀ ਬੜੀ ਹੈ ।
ਹੈ ਮੌਤ ਜਾਂ ਉਡੀਕ ਜਾਂ ਦੁਬਿਧਾ ਦੀ ਘੜੀ ਹੈ ।
ਚਰਖਾ ਵੀ ਪੁਰਾਣਾ ਹੈ ਤੇ ਪੂਣੀ ਵੀ ਹੈ ਛੋਟੀ,
ਟੁੱਟਦੀ ਹੀ ਨਹੀਂ ਤੰਦ ਜੋ ਸਿਦਕਾਂ ਨੇ ਫੜੀ ਹੈ ।
ਛੱਲਾਂ ਨੇ ਕਿਤੇ ਗ਼ਮ ਦੀਆਂ ਕਿਤੇ ਹਿਜਰ ਦੀ ਦਲਦਲ,
ਇਕ ਜਾਨ ਨੂੰ ਜੋ ਸੈਂਕੜੇ ਦੁੱਖਾਂ 'ਚ ਖੜੀ ਹੈ ।
ਗੱਲ ਹੋਰ ਜੇ ਪਹੁੰਚੇ ਨਾ ਸੁਗੰਧੀ ਤਿਰੇ ਘਰ ਤੱਕ,
ਜਿੰਦ ਆਪਣੀ ਸੰਦਲ ਹੈ ਤੇ ਧੁਖ ਧੁਖ ਕੇ ਸੜੀ ਹੈ ।
ਸਮਝੇ ਕੋਈ ਨੀਂਦਰ, ਕੋਈ ਸ਼ਾਇਰ, ਕੋਈ ਮਾਲੀ,
ਕੁਝ ਖਾਬ ਨੇ ਕੁਝ ਗੀਤ ਨੇ, ਫੁੱਲਾਂ ਦੀ ਝੜੀ ਹੈ ।
ਫਿਸਲੀ ਹੈ ਸਦਾ ਬਰਫ ਤੇ ਆਕਾਸ਼ ਦੀ ਚਾਂਦੀ,
ਕਿਸਨੇ ਕਦੀ ਖੁਸ਼ਬੋ ਜਾਂ ਤਿਰੀ ਯਾਦ ਫੜੀ ਹੈ ।

ਮਿੰਨੀ ਕਹਾਣੀ




● ਗੁਰਦੀਪ ਸਿੰਘ ਪੁਰੀ

ਉਸ ਦਿਨ ਮਾਂ ਨਾਲ ਜਦੋਂ ਮਾਮੂਲੀ ਗੱਲੋਂ ਉਹਦਾ ਝਗੜਾ ਹੋ ਗਿਆ ਤਾਂ ਉਹ ਬਿਨਾਂ ਨਾਸ਼ਤਾ ਕੀਤੇ ਡਿਊਟੀ 'ਤੇ ਜਾਣ ਲਈ ਬੱਸ ਅੱਡੇ ਨੂੰ ਤੁਰ ਪਿਆ . ਘਰੋਂ ਨਿਕਲਦਿਆਂ ਮਾਂ ਦੇ ਇਹ ਬੋਲ, ਉਹਦੇ ਖੰਜਰ ਵਾਂਗ ਚੁੱਭੇ, 'ਤੇਰੇ ਆਸਰੇ ਤਾਂ ਮੈਂ ਤੇਰੇ ਅੜਬ 'ਤੇ ਵੈਲੀ ਪਿਉ ਨਾਲ ਸਾਰੀ ਵਰਗੀ ਉਮਰ ਗਾਲ ਤੀ, ਕਿ ਚਲ ਪੁੱਤ ਜੀਉਂਦਾ ਰਹੇ 'ਤੇ ਚੰਦਰਿਆ ਤੂੰ ਵੀ... '...ਮਾਂ ਦੇ ਬਾਕੀ ਬੋਲ ਜਿਵੇਂ ਹੰਝੂਆਂ ਵਿੱਚ ਭਿੱਜ ਕੇ ਰਹਿ ਗਏ ਹੋਣ . ਉਹ ਬੁੱਕ-ਬੁੱਕ ਰੋਣ ਲੱਗ ਪਈ .

ਘਰ ਤੋਂ ਬੱਸ ਤਕ ਦਾ ਸਫ਼ਰ ਤਹਿ ਕਰਦੇ-ਕਰਦੇ ਉਹਨੂੰ ਬਾਰ-ਬਾਰ ਇਹੀ ਖ਼ਿਆਲ ਆਉਂਦਾ ਰਿਹਾ ਕਿ ਉਹ ਆਪਣੀ ਮਾਂ ਦੇ ਕਹੇ ਬੋਲਾਂ ਨੂੰ ਨਹੀਂ ਬਲਕਿ ਮਾਂ ਦੇ ਸਿਰਜੇ ਇੱਕ-ਇੱਕ ਅਰਮਾਨ ਨੂੰ ਪੈਰਾਂ ਦੀਆਂ ਤਲੀਆਂ ਥੱਲੇ ਲਿਤਾੜਦਾ ਅੱਗੇ ਵਧਦਾ ਜਾ ਰਿਹਾ ਹੈ, ਪਰ ਉਹ ਖਾਮੋਸ਼ ਚਲਦਾ ਗਿਆ ! ਚਲਦਾ ਗਿਆ !!

ਬੱਸ ਅੱਡੇ 'ਤੇ ਪਹੁੰਚ ਕੇ ਜਦ ਉਹ ਆਪਣੀ ਬੱਸ ਵੱਲ ਅਗਾਂਹ ਵਧਿਆ ਤਾਂ ਮਾਂ ਹੱਥ ਵਿੱਚ ਰੋਟੀ ਵਾਲਾ ਡੱਬਾ ਲੈ ਕੇ ਉਹਦੀ ਬੱਸ ਦੇ ਅੱਗੇ ਖੜ੍ਹੀ ਸੀ . ਉਹਨੂੰ ਵੇਖਦਿਆਂ ਹੀ ਮਾਂ ਨੇ ਰੋਟੀ ਵਾਲਾ ਡੱਬਾ ਉਹਦੇ ਵੱਲ ਵਧਾਇਆ . ਮਾਂ ਦੇ ਖ਼ਾਮੋਸ਼ ਬੁੱਲ੍ਹ ਜਿਵੇਂ ਅੱਖਾਂ ਨੂੰ ਲੱਗ ਗਏ ਹੋਣ . ਨਾ ਗਿਣੇ ਜਾਣ ਵਾਲੇ ਕਈ ਅੱਥਰੂ ਝਟ ਹੀ ਉਹਦੀ ਮਾਂ ਦੀਆਂ ਪਲਕਾਂ ਦਾ ਸਾਥ ਛੱਡ ਗਏ . ਮਾਂ ਨੂੰ ਇੰਜ ਵੇਖ ਕੇ ਉਹਤੋਂ ਇੱਕ ਪੈਰ ਵੀ ਅਗਾਂਹ ਨਾ ਪੁੱਟਿਆ ਗਿਆ 'ਤੇ ਅਗਲੇ ਹੀ ਪਲ ਉਹਦਾ ਆਪਾ ਉਹਦੀ ਮਾਂ ਦੇ ਚਰਨੀਂ ਸੀ . ■

## ਭਾਰਤੀ ਨੂੰ 15 ਸਾਲ ਕੈਦ

ਹਰਾਰੇ—ਭਾਰਤੀ ਮੂਲ ਦੇ ਇਕ ਟਰੇਨੀ ਬੈਂਕ ਅਫਸਰ ਨੂੰ ਜ਼ਿੰਬਾਬਵੇ ਦੀ ਬੈਂਕ ਵਿਚੋਂ ਢਾਈ ਲੱਖ ਡਾਲਰ ਚੋਰੀ ਕਰਨ ਦੇ ਦੋਸ਼ ਵਿਚ 15 ਸਾਲ ਕੈਦ ਸਖਤ ਦੀ ਸਜ਼ਾ ਦਿਤੀ ਗਈ ।

22 ਸਾਲਾ ਦਾ ਅਰੁਣ ਸ਼ਰਮਾ 1979 ਵਿਚ ਜ਼ਿੰਬਾਬਵੇ ਆਇਆ ਸੀ, ਉਸ ਨੇ ਅਦਾਲਤ ਵਿਚ ਆਪਣਾ ਜੁਰਮ ਮੰਨ ਲਿਆ, ਬੈਂਕ ਨੇ ਉਸ ਕੋਲੋਂ 1 ਲਖ 95 ਹਜ਼ਾਰ ਡਾਲਰ ਬਰਾਮਦ ਕਰ ਲਏ ।

ਸੋਵੀਅਤ ਫਿਲਮ ਕਾਮਿਆਂ ਦਾ ਇਕ ਵੱਡਾ ਸਾਰਾ ਗਰੁਪ ਭਾਰਤ ਵਿਚ 'ਪਿਆਰ ਦੀ ਕਹਾਣੀ' ਫਿਲਮ ਦੀ ਸੂਟਿੰਗ ਕਰੇਗਾ. ਇਹ ਫਿਲਮ ਉਜ਼ਬੇਕਫਿਲਮ (ਸੋਵੀਅਤ ਯੂਨੀਅਨ) ਤੇ ਈਗਲ ਫਿਲਮਜ਼ (ਭਾਰਤ) ਦੀ ਇਕ ਸਾਂਝੀ ਪੇਸ਼ਕਸ਼ ਹੋਵੇਗੀ.

ਲੋਕਪ੍ਰਿਅ ਸੋਵੀਅਤ ਫਿਲਮ ਨਿਰਦੇਸ਼ਕ ਲਤੀਫ ਫੈਜ਼ੀਏਵ ਨੇ, ਜਿਹੜਾ ਇਸ ਫਿਲਮ ਦਾ ਇਕ ਪਟਕਥਾ-ਲੇਖਕ ਤੇ ਨਿਰਦੇਸ਼ਕ ਹੈ, ਕਿਹਾ 'ਸਾਡੀ ਨਵੀਂ ਫਿਲਮ ਚਰਵਾਹੇ ਮਿਰਜ਼ਾ ਤੇ ਸੋਹਣੀ ਵਿਚਕਾਰ ਪ੍ਰੇਮ ਦੀ ਭਾਰਤੀ ਰੋਮਾਂਟਿਕ ਕਹਾਣੀ ਦਾ ਇਕ ਹੋਰ ਰੂਪਾਂਤਰ ਹੈ. ਪਟਕਥਾ ਦਾ ਸਹਿ-ਲਖਕ ਯੂ. ਇਮਰਬੇਕੋਵ, ਸਾਡਾ ਸਹਿਕਰਮੀ ਭਾਰਤੀ ਨਿਰ-ਦੇਸ਼ਕ ਉਮੇਸ਼ ਮਹਿਰਾ ਅਤੇ ਖੁਦ ਮੈਂ ਇਹ ਦਰਸਾਉਣ ਦੀ ਕੋਸ਼ਿਸ਼ ਕਰਾਂਗੇ ਕਿ ਪਹਿਲੇ ਮਾਸੂਮ ਪਿਆਰ ਨੂੰ ਕਾਇਮ ਰਖਣਾ ਕਿੰਨਾ ਮਹੱਤਵ-ਪੂਰਨ ਹੈ. ਸਾਡੇ ਮੁਖਪਾਤਰ (ਜਿਨ੍ਹਾਂ ਦਾ ਰੋਲ ਭਾਰਤੀ ਅਦਾਕਾਰ ਸੰਨੀ ਤੇ ਪੂਨਮ ਅਦਾ ਕਰ ਰਹੇ ਹਨ) ਅਨੇਕਾਂ ਮੁਸੀਬਤਾਂ ਝਲਦੇ ਹਨ ਜਿਹੜੀਆਂ ਉਹਨਾਂ ਦੇ ਪਿਆਰ ਨੂੰ ਹੋਰ ਵੀ ਮਜ਼ਬੂਤ ਬਣਾ ਦੇਂਦੀਆਂ ਹਨ...

## ਵਧ ਰਹੀ ਹਿੰਸਾ ਲਈ ਧਾਰਮਿਕ ਆਗੂ ਜ਼ੁਮੇਵਾਰ —ਸੈਮੀਨਾਰ ਦੀ ਰਾਇ

ਨਵੀਂ ਦਿੱਲੀ—ਕਈ ਬੁਧੀਜੀਵੀਆਂ, ਧਾਰਮਿਕ ਆਗੂਆਂ ਸੋਸ਼ਲ ਵਰਕਰਾਂ ਤੇ ਸਿਆਸਤਦਾਨਾਂ ਨੇ ਕਿਹਾ ਕਿ ਧਾਰਮਿਕ ਆਗੂਆਂ ਦਾ ਰਾਜਨੀਤੀ ਵਿਚ ਆਉਣਾ ਦੇਸ ਵਿਚ ਵਰਤਮਾਨ ਹਿੰਸਾ ਦੀ ਭਾਵਨਾ ਲਈ ਬਹੁਤਾ ਜ਼ਿੰਮੇਵਾਰ ਹੈ । ਇਥੇ ਕੌਮੀ ਏਕਤਾ-ਹਿਤੀ-ਕੌਂਸਲ ਕਾਨਫਰੰਸ ਵਿਚ ਬੋਲਦਿਆਂ ਉਹਨਾਂ ਕਿਹਾ ਕਿ ਧਰਮ ਨੂੰ ਰਾਜਨੀਤੀ ਨਾਲ ਰਲਗੱਡ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਦੇਸ ਦੇ ਆਰਥਕ, ਸੋਸ਼ਲ ਤੇ ਸਭਿਆਚਾਰਕ ਵਿਕਾਸ ਦੇ ਹਿਤਾਂ ਵਿਚ ਨਹੀਂ ।

ਕਾਨਫਰੰਸ, ਜਿਸਦੀ ਪ੍ਰਧਾਨਗੀ ਰਾਜ ਸਭਾ ਦੇ ਡਿਪਟੀ ਸਪੀਕਰ ਨੇ ਕੀਤੀ, ਵਿਚ ਕਈ ਪਾਰਲੀਮੈਂਟ ਮੈਂਬਰਾਂ ਸਮੇਤ ਵੱਡੀ ਗਿਣਤੀ ਵਿਚ ਲੋਕ ਸ਼ਾਮਲ ਹੋਏ । ਕਾਨਫਰੰਸ ਉਘੇ ਅਜ਼ਾਦੀ ਘੁਲਾਟੀਏ ਰਾਮ ਚੰਦਰ ਵਿਕਲ ਦੀ 68ਵੀਂ ਵਰ੍ਹੇ ਗੰਢ ਦੇ ਸਬੰਧ ਵਿਚ ਜਥੇਬੰਦ ਕੀਤੀ ਗਈ ।

## ਯਾਸਰ ਵਿਰੋਧੀਆਂ ਦੇ ਘੇਰੇ 'ਚ ?

ਦੋਹਾ—6 ਖਾੜੀ ਦੇਸ਼ਾਂ ਦੀਆਂ ਸਰਕਾਰਾਂ ਮੁਤਾਬਕ ਫਲਸਤੀਨ ਮੁਕਤੀ ਮੋਰਚੇ ਦੇ ਚੇਅਰਮੈਨ ਯਾਸਰ ਅਰਾਫਤ ਉਤੇ ਦਬਾਅ ਘਟਾਉਣ ਲਈ ਸੀਰੀਆਈ ਪ੍ਰਧਾਨ ਨੂੰ ਮਨਾਉਣ ਵਾਸਤੇ ਇਕ ਉਚ ਪਧਰੀ ਵਫਦ ਸੀਰੀਆ ਭੇਜਿਆ ਹੈ । ਵਿਰੋਧੀ ਧੜਿਆਂ ਵਿਚ ਹੁਣ ਤਕ 650 ਮਰ ਜਾਂ ਜ਼ਖਮੀ ਹੋਣ ਦੀਆਂ ਰੀਪੋਰਟਾਂ ਹਨ ।

## ਮਾਓ ਦੇ ਨਾਲ ਮਾਓ ਵਰਦੀ ਵੀ ਗਈ

ਬੀਜਿੰਗ—ਪੁਰਾਣੀ ਮਾਓ ਵਰਦੀ ਚੀਨੀ ਲੋਕਾਂ ਦੇ ਮਨੋਂ ਲਹਿੰਦੀ ਜਾ ਰਹੀ ਹੈ । ਏਥੋਂ ਤੱਕ ਕਿ ਚੀਨ ਦੀ ਕਮਿਉਨਿਸਟ ਪਾਰਟੀ ਦੇ ਆਗੂ ਮਿ: ਯਾਓ ਬੈਂਗ ਵੀ ਜਦੋਂ ਟੈਲੀਵੀਯਨ ਉਤੇ ਆਉਂਦੇ ਹਨ ਤਾਂ ਉਹਨਾਂ ਪੱਛਮੀ ਤਰਜ਼ ਦਾ ਸੂਟ ਪਾਇਆ ਹੋਇਆ ਸੀ ।

ਬਹੁਤ ਸਾਰੇ ਪਾਰਟੀ ਆਗੂਆਂ ਨੇ ਖੁਲ੍ਹੇ ਆਮ ਪੱਛਮੀ ਫੈਸ਼ਨ ਅਪਨਾ ਲਿਆ ਹੈ ਅਤੇ ਉਹ ਮਾਓ ਵੇਲ਼ੇ ਦੀ ਨੀਲੀ ਵਰਦੀ ਛਡ ਰਹੇ ਹਨ ।

## ਛਾਉਣੀ ਲਈ ਜ਼ਮੀਨ ਚਾਲ੍ਹੀ ਹਜ਼ਾਰ ਲੋਕਾਂ ਦਾ ਕੀ ਬਣੇਗਾ ?

ਹੁਸ਼ਿਆਰਪੁਰ—ਹੁਸ਼ਿਆਰਪੁਰ ਵਿਚ ਫੌਜੀ ਛਾਉਣੀ ਬਣਾਏ ਜਾਣ ਸਬੰਧੀ ਸਰਕਾਰ ਨੇ 7000 ਏਕੜ ਜ਼ਮੀਨ ਨੂੰ ਮਨਜ਼ੂਰੀ ਦੇ ਦਿਤੀ ਹੈ ਅਤੇ ਇਸ ਛਾਉਣੀ ਲਈ ਖਿਡੌਈ ਤੋਂ ਲੈ ਕੇ ਚੱਕ ਸਾਧੂ ਤੱਕ 15 ਪਿੰਡਾਂ ਦੀ 40000 ਦੇ ਕਰੀਬ ਆਬਾਦੀ ਉਜਾੜੀ ਜਾਣੀ ਹੈ, ਇਹਨਾਂ ਲੋਕਾਂ ਨੂੰ ਕਿਥੇ ਵਸਾਇਆ ਜਾਣਾ ਹੈ ਇਸ ਬਾਰੇ ਅਜੇ ਸਰਕਾਰ ਨੇ ਆਪਣੀ ਕਿਸੇ ਸਕੀਮ ਦਾ ਐਲਾਨ ਨਹੀਂ ਕੀਤਾ ਜਿਸ ਕਰਕੇ ਜ਼ਮੀਨ ਮਨਜ਼ੂਰ ਹੋਣ ਦੀ ਖਬਰ ਦੇ ਨਾਲ ਹੀ ਇਨ੍ਹਾਂ ਪਿੰਡਾਂ ਦੇ ਲੋਕਾਂ ਵਿਚ ਬੇਚੈਨੀ ਪੈਦਾ ਹੋ ਗਈ ਹੈ ।

ਛਾਉਣੀ ਲਈ ਜਿਸ ਜ਼ਮੀਨ ਦੀ ਮਨਜ਼ੂਰੀ ਦਿਤੀ ਗਈ ਹੈ ਉਹ ਸਾਰੀ ਚੋਆਂ ਰਹਿਤ ਹੈ ਅਤੇ ਇਹ ਕੋਈ ਏਰੀਆ ਵੀ ਨਹੀਂ ਹੈ। ਹੁਸ਼ਿਆਰਪੁਰ ਵਿਚ ਇਹ ਛਾਉਣੀ ਬਣਨ ਨਾਲ ਇਸ ਸ਼ਹਿਰ ਦੀ ਆਰਥਿਕਤਾ ਅਤੇ ਲੋਕਾਂ ਦੇ ਜੀਵਨ ਉਤੇ ਚੰਗਾ ਅਸਰ ਪਵੇਗਾ । ਇਸ ਛਾਉਣੀ ਵਿਚ ਤੀਹ ਹਜ਼ਾਰ ਦੇ ਕਰੀਬ ਫੌਜੀ ਹੋਣਗੇ ।

ਨਾ ਦਿਲ ਦਾ ਸ਼ੀਸ਼ਾ ਤੋੜ 'ਕਮਲ' ਅਣਬਣ ਕਰਕੇ
ਉਮਰਾਂ ਬੀਤੂ ਜੋੜਦਿਆਂ ਫਿਰ ਕਣਕਣ ਕਰਕੇ ।

# ਸਾ ਹਿ ਤ ਦ ਰ ਪ ਣ

## ਮੁਲਾਕਾਤ :
## ਸ. ਸ. ਅਮੋਲ ਨਾਲ

ਗੁਰਚਰਨ ਰਾਮਪੁਰੀ

(ਪਿਛਲੇ ਦਿਨੀਂ ਸ. ਸ. ਅਮੋਲ ਵੈਨਕੂਵਰ ਆਏ ਸਨ, ਉਹ ਬਜ਼ੁਰਗ ਵਿਦਵਾਨ ਹਨ । ਅਸੀਂ ਰਾਮਪੁਰੀ ਜੀ ਦਾ ਇਸ ਮੁਲਾਕਾਤ ਭੇਜਣ ਲਈ ਧੰਨਵਾਦੀ ਹਾਂ ।—ਸੰਪਾਦਕ)

ਰਾਮਪੁਰੀ :- ਅਮੋਲ ਜੀ, ਇਸ ਦੇਸ ਵਿਚ ਮੈਂ ਤੁਹਾਨੂੰ ਜੀਅ ਆਇਆਂ ਆਖਦਾ ਹਾਂ । ਕੁਝ ਸਵਾਲ ਮੇਰੇ ਮਨ ਵਿਚ ਤੁਹਾਡੇ ਜੀਵਨ ਬਾਰੇ ਤੇ ਤੁਹਾਡੀ ਲੇਖਣੀ ਬਾਰੇ ਆਏ ਨੇ, ਸੋ ਆਸ ਹੈ ਕਿ ਤੁਸੀਂ ਸਾਡੇ ਲੋਕਾਂ ਨੂੰ ਕੁਝ ਵਾਕਫੀ ਦੇਵੋਗੇ ?

ਅਮੋਲ ਜੀ :- ਜੀਅ ਆਇਆਂ ਆਖਣ ਲਈ ਧੰਨਵਾਦ । ਵਾਕਫੀਅਤ ਲਈ ਹਾਜ਼ਰ ਹਾਂ ।

ਰਾਮਪੁਰੀ :- ਤੁਹਾਡਾ ਜਨਮ ਕਦੋਂ ਤੇ ਕਿਥੇ ਹੋਇਆ ?

ਅਮੋਲ ਜੀ :- ਮੈਂ ਲਾਹੌਰ ਦਾ ਜੰਮਪਲ ਹਾਂ । ਪਰ ਤੀਜੀ ਜਮਾਤ ਤੱਕ ਮੈਂ ਮਲੇਸ਼ੀਆ ਵਿਚ ਸਾਂ । ਜਨਮ ਦਾ ਸੰਨ 1908 ਹੈ ।

ਰਾਮਪੁਰੀ :- ਤੁਸੀਂ ਆਪਣੀ ਵਿਦਿਆ ਬਾਰੇ ਦੱਸ ਸਕੋਗੇ ?

ਅਮੋਲ ਜੀ :- ਵਿਦਿਆ ਬਾਰੇ ਜਿਵੇਂ ਮੈਂ ਹੁਣੇ ਕਿਹਾ ਤੀਜੀ ਜਮਾਤ ਤੱਕ ਮੈਂ ਮਲੇਸ਼ੀਆ ਵਿਚ ਪੜ੍ਹਿਆ । ਉਸ ਤੋਂ ਪਿਛੋਂ ਪੰਜਾਬ ਵਿਚ ਆ ਕਹੇ ਪਹਿਲਾਂ ਗਿਆਨੀ ਪਾਸ ਕੀਤੀ, ਅੱਠਵੀ ਜਮਾਤ ਵਿਚ ਪੜ੍ਹਦਿਆਂ । ਫਿਰ ਬੀ. ਏ.(ਅਗਰੇਜ਼ੀ) ਕੀਤੀ ਤੇ ਕੰਮ ਵਿਚ ਪੈ ਗਿਆ । ਉੰਝ ਮੈਂ ਐਮ. ਏ. ਪੰਜਾਬੀ ਫੇਰ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਕੀਤੀ ।

ਰਾਮਪੁਰੀ :- ਐਮ. ਏ. ਕਦੋਂ ਕੀਤੀ ?

ਅਮੋਲ ਜੀ :- ਸੰਨ 1952 ਵਿਚ ਕੀਤੀ । ਗਿਆਨੀ 1924 ਵਿਚ ਕੀਤੀ ਸੀ

ਰਾਮਪੁਰੀ :- ਮਲੇਸ਼ੀਆ ਵਿਚੋਂ ਵਾਪਸ ਕਦੋਂ ਆਏ ?

ਅਮੋਲ ਜੀ :- 1918 ਵਿਚ । ਜਦੋਂ ਦਸ ਸਾਲਾ ਦਾ ਸਾਂ ।

ਰਾਮਪੁਰੀ :- ਰੁਜ਼ਗਾਰ ਲਈ ਤੁਸੀਂ ਸਾਰੀ ਉਮਰ ਕੀ ਕਰਦੇ ਰਹੇ ਹੋ ?

ਅਮੋਲ ਜੀ :- ਰੁਜ਼ਗਾਰ ਲਈ ਪਹਿਲਾਂ ਤਾਂ ਮਾਸਟਰ ਬਣਿਆ । ਗਿਆਨੀ ਤੇ ਦਸਵੀਂ ਕਰਕੇ ਮਾਝੇ ਵਿਚ ਇਕ ਪਿੰਡ ਹੈ ਅੰਮ੍ਰਿਤਸਰ ਜ਼ਿਲੇ ਵਿਚ ਉਸ ਵੇਲੇ ਉਸਨੂੰ ਡੇਰਾ ਸਾਹਿਬ ਕਹਿੰਦੇ ਸਨ, ਹੁਣ ਸ਼ਾਇਦ ਪਿੰਡ ਦਾ ਨਾਂ ਬਦਲ ਗਿਆ ਹੋਵੇ, ਮਿਡਲ ਸਕੂਲ ਵਿਚ ਮਾਸਟਰ ਲੱਗਾ ਸਾਂ । ਪਰ ਛੇਤੀ ਹੀ ਛੱਡਕੇ J.A.V. ਟਰੇਨਿੰਗ ਲੈ ਲਈ । ਖਾਲਸਾ ਕਾਲਜ ਅੰਮ੍ਰਿਤਸਰ ਵਿਚ ਤੇ ਫਿਰ ਬੀ. ਏ. ਕਰ ਲਈ ।

ਰਾਮਪੁਰੀ :- ਇਹ ਕਿਹੜੇ ਸਾਲ ਦੀ ਗੱਲ ਹੈ ?

ਅਮੋਲ ਜੀ :- ਇਹ ਗੱਲਾਂ 1929 ਦੀਆਂ ਹਨ ।

ਰਾਮਪੁਰੀ :- ਤੁਸੀਂ ਕਾਫੀ ਕਿਤਾਬਾਂ ਲਿਖੀਆਂ ਨੇ । ਮੋਟੇ ਤੌਰ ਤੇ ਮੈਨੂੰ ਚੇਤਾ ਹੈ ਕਿ ਤੁਸੀਂ 80 ਦੇ ਕਰੀਬ ਕਿਤਾਬਾਂ ਲਿਖੀਆਂ ਨੇ । ਉਹ ਵੱਖਰੇ ਵੱਖਰੇ ਵਿਸ਼ਿਆਂ ਤੇ, ਜਿਵੇਂ ਸਾਹਿਤ ਬਾਰੇ, ਧਰਮ ਬਾਰੇ, ਜ਼ਿੰਦਗੀ ਬਾਰੇ, ਸਮਾਜ ਬਾਰੇ । ਤੁਸੀਂ ਉਹਨਾਂ ਬਾਰੇ ਵਿਸ਼ੇ ਵੰਡ ਦਸ ਸਕੋਗੇ । ਕਿ ਕਦੋਂ ਕਿਵੇਂ ਲਿਖਿਆ ਜਾਂ ਨਜ਼ਮਾਂ ਵੀ ਲਿਖੀਆਂ । ਜਾਂ ਵਾਰਤਕ ਵੀ ਲਿਖੀ ।

ਅਮੋਲ ਜੀ :- ਤੁਹਾਡੇ ਮਜ਼ਮੂਨ ਤੇ ਸਵਾਲ ਸਿੱਧਾ ਜਵਾਬ ਦੇਣ ਤੋਂ ਪਹਿਲਾਂ ਮੈਂ ਪਹਿਲੇ ਸਵਾਲ ਵੱਲ ਆਉਣ ਦੀ ਖਿਮਾਂ ਮੰਗਦਾ ਹਾਂ । ਕਿੱਤੇ ਦੇ ਸਬੰਧ ਵਿਚ ਕਿਉਂਕਿ ਇਨ੍ਹਾਂ ਦੋਵਾਂ ਗੱਲਾਂ ਦਾ ਸਬੰਧ ਬੜਾ । ਕਿੱਤੇ ਦੇ ਸਬੰਧ ਵਿਚ ਮੈਂ ਟੀਚਰ ਰਿਹਾਂ—ਉਨ੍ਹਾ ਦਿਨਾਂ ਵਿਚ ਹੀ ਮੈਂ ਆਪਣਾ ਵੱਖਰਾ ਇਨਸਟੀਟੀਉਸ਼ਨ ਖੋਲ੍ਹ ਲਿਆ ਸੀ—ਗੁਰੂ ਰਾਮਦਾਸ ਕਾਲਜ । ਉਹਦੇ ਵਿਚ ਗਿਆਨੀ ਪੜ੍ਹਾਉਣੀ ਸ਼ੁਰੂ ਕਰ ਦਿੱਤੀ ਸੀ । ਉਹ ਕਰਦਿਆਂ ਕਰਦਿਆਂ ਮੈਂ ਐਮ. ਏ. ਪੰਜਾਬੀ ਕਰ ਲਈ ਸੀ ਤੇ ਮੈਨੂੰ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਪ੍ਰੋਫੈਸਰ ਲੈ ਲਿਆ ਗਿਆ ਤੇ ਹੈਡ ਆਫ ਦੀ ਡਿਪਾਰਮੈਂਟ ਬਣਾਇਆ ਗਿਆ । ਇਹ ਗੱਲ 1952 ਦੀ ਹੈ ।

ਰਾਮਪੁਰੀ :- ਜਿਹੜਾ ਕਾਲਜ ਤੁਸੀਂ ਚਲਾਇਆ ਸੀ ?

ਅਮੋਲ ਜੀ :- ਉਹ 1929 ਵਿਚ ਤੋਰਿਆ ਸੀ । ਉਹਦੇ ਵਿਚ By Post ਪੜ੍ਹਾਉਣ ਦਾ ਪ੍ਰਬੰਧ ਹੋ ਗਿਆ ਸੀ । ਖਾਲਸਾ ਕਾਲਜ ਵਾਲਿਆਂ ਇਸ ਤਰ੍ਹਾਂ ਚਲਾਉਣ ਦੀ ਆਗਿਆ ਦੇ ਦਿਤੀ ਸੀ । ਇਹ ਕਾਲਜ 1964 ਤਕ ਚਲਾਕੇ ਮੈਂ ਬੰਦ ਕਰ ਦਿਤਾ । ਕੰਮ ਦਾ ਬੋਝ ਹੋਣ ਕਰਕੇ । ਉਸ ਤੋਂ ਪਿਛੋਂ ਮੈਂ ਖਾਲਸਾ ਕਾਲਜ ਤਰਨਤਾਰਨ ਦਾ ਪ੍ਰਿੰਸੀਪਲ ਬਣਕੇ ਚਲਾ ਗਿਆ । ਤੇ ਫੇਰ ਗੁਰਮਤ ਕਾਲਜ ਪਟਿਆਲਾ ਦਾ ਪ੍ਰਿੰਸੀਪਲ ਬਣ ਗਿਆ ਤੇ ਉਥੋਂ ਹੀ ਰੀਟਾਇਰ ਹੋਇਆ ।

ਰਾਮਪੁਰੀ :- ਗੁਰਮਤ ਕਾਲਜ ਪਟਿਆਲਾ ਵਿਚ ਕਿੰਨੀ ਦੇਰ ਰਹੇ ?

ਅਮੋਲ ਜੀ :- ਉਥੇ ਮੈਂ ਦੋ ਸਾਲ ਰਿਹਾ ।

ਰਾਮਪੁਰੀ :- ਹੁਣ ਆਪਾਂ ਲਿਖਤਾਂ ਵੱਲ ਆਈਏ । ਮੋਟੇ ਤੌਰ ਤੇ ਤੁਹਾਡੀਆਂ ਲਿਖਤਾਂ ਦੀ ਵਿਸ਼ੇਵੰਡ ਕੀ ਹੈ ?

ਅਮੋਲ ਜੀ :- ਕੋਸ਼ਿਸ਼ ਮੇਰੀ ਇਹ ਰਹੀ ਹੈ ਕਿ ਮੈਂ ਵਾਰਤਕ ਲਿਖਦਿਆਂ ਹੋਇਆਂ ਵਾਕਫੀਅਤ, ਜਾਣਕਾਰੀ ਜਾਂ ਗਿਆਨ ਵਿਚ ਵਾਧਾ ਕਰਨ । ਮੇਰੀ ਨਿਗਾਹ ਵਿਚ ਵਾਰਤਕ ਇਹੋ ਕੁਝ ਹੈ । ਏਸ ਲਈ ਮੈਂ ਵੱਖੋ ਵੱਖਰੇ ਵਿਸ਼ਿਆਂ ਉਤੇ ਹੀ ਲਿਖਦਾ ਰਿਹਾ ਹਾਂ । ਪਰ ਪ੍ਰੋਫੈਸਰੀ ਨੇ ਮੈਨੂੰ Criticism ਲਿਖਣ ਉਤੇ ਵੀ ਮਜਬੂਰ ਕਰ ਦਿਤਾ । ਤੇ ਮੇਰਾ Criticism ਵੀ ਏਸੇ ਤਰ੍ਹਾਂ ਹੀ ਚਲਦਾ । ਕਿਤਾਬਾਂ ਮੈਂ ਬਹੁਤ ਸਾਰੇ ਵਿਸ਼ਿਆਂ ਤੇ ਲਿਖੀਆਂ ਨੇ ਜਿਵੇਂ ਸੋਸ਼ਿਆਲੋਜੀ ਵੀ ਹੈ । ਜਿਨਾਂ ਵਿਚ ਸਫਰਨਾਮੇ ਵੀ ਹੈਨ ਤੇ ਬਾਲਗ ਵਿਦਿਆ ਬਾਰੇ ਵੀ । ਇਨ੍ਹਾਂ ਵਿਚੋਂ ਕਈਆਂ ਤੇ ਮੈਨੂੰ ਬੜੇ ਬੜੇ ਇਨਾਮ ਵੀ ਮਿਲੇ ਨੇ । ਸੋਸ਼ਿਆਲੋਜੀ ਵਾਲੀ ਕਿਤਾਬ ਨੂੰ ਪੰਜਾਬੀ ਯੂਨੀਵਰਸਿਟੀ ਨੇ ਵੀ ਇਨਾਮ ਦਿਤਾ । ਤੇ ਹੁਣ ਪੰਜਾਬ ਸਰਕਾਰ ਨੇ ਸ਼੍ਰੋਮਣੀ ਸਾਹਿਤਕਾਰ ਦਾ ਇਨਾਮ ਵੀ ਦਿਤਾ ।

ਰਾਮਪੁਰੀ :- ਪਹਿਲੀ ਕਿਤਾਬ ਤੁਹਾਡਾ ਨਾਵਲ ਸੀ ਜਾਂ ਕੋਈ ਹੋਰ ?

ਅਮੋਲ ਜੀ :- ਮੇਰੀ ਪਹਿਲੀ ਕਿਤਾਬਾ ਨਿਬੰਧਾਂ ਦੀ ਸੀ । ਅਗਰੇਜ਼ੀ ਦੇ ਨਿਬੰਧਾਂ ਤੇ ਆਧਾਰਤ ਮੈਂ ਓਸੇ ਤਰ੍ਹਾਂ ਦੇ ਲੇਖ ਲਿਖੇ ਜਿਹੜੇ ਮੈਂ ਜੇ. ਏ. ਵੀ. ਵਿਚ ਪੜ੍ਹੇ



ਮਦਨ ਗੋਪਾਲ ਸਿੰਘ, ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ, ਐਸ. ਐਸ. ਅਮੋਲ ਵੈਨਕੂਵਰ ਵਿਚ

ਸਨ । 1930 ਵਿਚ ਪਹਿਲੀ ਕਿਤਾਬ 'ਲੇਖ ਪਟਾਰੀ' ਛਪੀ ਸੀ । ਉਹ ਪੂਰੀ ਪੰਜਾਬੀ ਵਿਚ ਸੀ । ਜਿਵੇਂ 'ਹਟੋ ਪਰ੍ਹਾਂ ਸਾਨੂੰ ਸੌਣ ਦਿਓ' ਤੇ ਜਾਂ ਜਿਵੇਂ 'ਬੀਮਾਰ ਦਾ ਮੰਜਾ ਕਿ ਰਾਜ-ਤਖਤ' । ਇਸ ਤਰ੍ਹਾਂ ਦੇ ਲੇਖ ਹਨ । ਇਨ੍ਹਾਂ ਵਿਚ ਪੂਰੀ ਪੰਜਾਬ ਦੀ ਜ਼ਿੰਦਗੀ ਹੈ । ਆਦਮੀ ਤਜਰਬੇ 'ਚੋਂ ਹੀ ਲਿਖਦਾ ਹੈ ।

ਰਾਮਪੁਰੀ :- ਤੁਸੀਂ ਧਰਮ ਬਾਰੇ ਵੀ ਕਾਫੀ ਲਿਖਿਆ ?

ਅਮੋਲ ਜੀ :- ਮੈਂ ਧਰਮ ਬਾਰੇ ਵੀ ਲਿਖਦਾ ਰਿਹਾਂ । ਇਹ ਮੇਰਾ ਝੁਕਾਅ ਪੜ੍ਹਨ ਸਮੇਂ ਤੋਂ ਹੀ ਹੈ । ਸ਼ਾਇਦ ਮਾਂ ਬਾਪ ਤੋਂ ਹੈ । ਮੇਰੇ ਪਿਤਾ ਜੀ ਨੇ ਵੀ ਧਾਰਮਿਕ ਕਿਤਾਬਾਂ ਲਿਖੀਆਂ । ਉਹ ਪਹਿਲੇ ਸਖਸ਼ ਹਨ ਜਿਨ੍ਹਾਂ ਨੇ ਸਿੱਖ ਇਤਿਹਾਸ ਉਤੇ ਪੰਜਾਬੀ ਕਵਿਤਾ ਵਿਚ ਗੁਰੂ ਸਾਹਿਬਾਨ ਦਾ ਜੀਵਨ ਲਿਖਿਆ ।

ਰਾਮਪੁਰੀ :- ਉਨ੍ਹਾਂ ਦਾ ਕੀ ਨਾਂ ਸੀ ?

ਅਮੋਲ ਜੀ :- ਉਨ੍ਹਾਂ ਦਾ ਨਾਂ ਗਿਆਨੀ ਜੋਧ ਸਿੰਘ ਸੀ ।

ਰਾਮਪੁਰੀ :- ਉਨ੍ਹਾਂ ਕੋਈ ਹੋਰ ਵੀ ਕਿਤਾਬਾਂ ਲਿਖੀਆਂ ?

ਅਮੋਲ ਜੀ :- ਹਾਂ ਜੀ ਉਨ੍ਹਾਂ ਦੀਆਂ ਤਿੰਨ ਕਿਤਾਬਾਂ ਨੇ । 'ਕਲਗੀਧਰ ਹੁਲਾਸ' 'ਖੜਗਧਾਰੀ ਹੁਲਾਸ', ਆਦਿ । ਉਨ੍ਹਾਂ ਨੇ ਵਾਰਤਕ ਵੀ ਲਿਖੀ । ਸਾਖੀ ਪਰਵਾਨ ਵੀ ਉਨ੍ਹਾਂ ਲਿਖਿਆ ਜਿਸਦੀ ਵੀਹਵੀਂ ਪੱਚੀਵੀਂ ਐਡੀਸ਼ਨ ਚਲ ਰਹੀ ਹੈ । ਸਾਰ ਕੀਦਾਬਜੀ ਦਾ ਟੀਕਾ ਉਨ੍ਹਾਂ ਨੇ ਸਭ ਤੋਂ ਪਹਿਲਾਂ ਪੰਜਾਬੀ ਵਿਚ ਕੀਤਾ । ਉਨ੍ਹਾਂ ਦੇ ਹੋਰ ਗ੍ਰੰਥ ਵੀ ਹਨ ।

ਰਾਮਪੁਰੀ :- ਇਸਦਾ ਮਤਲਬ ਹੈ ਲਿਖਣ ਵਾਲੀ ਗੱਲ ਤੁਹਾਡੇ ਖੂਨ ਵਿਚ ਹੈ ।

ਅਮੋਲ ਜੀ :- ਹਾਂ ਵਿਰਸੇ ਵਿਚ ਹੈ ।

ਰਾਮਪੁਰੀ :- ਉਹ ਵਿਰਸਾ ਤੁਸੀਂ ਅੱਗੇ ਵੀ ਤੋਰਿਆ । ਮੈਨੂੰ ਚੇਤਾ ਤੁਹਾਡੇ ਸਪੁੱਤਰ ਆਤਮਜੀਤ ਹੋਰੀਂ ਨਾਟਕਾਰ ਨੇ । ਆਪ ਉਹ ਪ੍ਰੋਫੈਸਰ ਵੀ ਨੇ । ਤੇ ਕਿੱਤੇ ਵਾਲੀ ਗੱਲ ਵੀ ਉਨ੍ਹਾਂ ਵਿਰਸੇ ਵਿਚੋਂ ਲਈ ਹੈ ।

ਅਮੋਲ ਜੀ :- ਵਿਰਸੇ ਵਿਚੋਂ ਲਈ ਜਾਂ ਡੀਵੈਲਿਪ ਕਰ ਲਈ । ਬਾਕੀ ਬੱਚੇ ਵੀ-ਜਿਵੇਂ ਵੱਡਾ ਲੜਕਾ ਮਦਨ ਗੋਪਾਲ ਸਿੰਘ ਭਾਵੇਂ ਅੰਗਰੇਜ਼ੀ ਦੀ ਐਮ. ਏ. ਹੈ ਪਰ ਪੰਜਾਬੀ ਵਿਚ ਕਵਿਤਾ ਲਿਖਦਾ ਰਿਹੈ । ਤੇ ਕਹਾਣੀਆਂ ਲਿਖਦਾ । ਭਾਵੇਂ ਛਪਾਈਆਂ ਘੱਟ ਨੇ । ਉਹ ਇੰਗਲੈਂਡ ਵਿਚ ਹੈ ਪਿਛਲੇ ਵੀਹ ਪੱਚੀ ਸਾਲ ਤੋਂ । ਤੇ ਏਸੇ ਤਰ੍ਹਾਂ ਸਭ ਤੋਂ ਛੋਟਾ ਹੈ । ਉਹ ਡਾਕਟਰ ਹੈ । ਉਹ ਵੀ ਲਿਖਦਾ । ਉਸਦਾ ਨਾਂ ਗੁਰਚਰਨ ਸਿੰਘ ਹੈ । ਉਸਦੀ ਲਾਈਨ ਹੋਰ ਹੈ । ਉਹ ਡਾਕਟਰ ਹੈ । ਉਹ ਮੈਡੀਕਲ ਡਾਕਟਰ ਹੈ । ਵੈਟਰਨਰੀ ਸਾਈਡ ਤੇ ਹੈ । ਉਹ ਵੀ ਕਹਾਣੀਆਂ ਤੇ ਲੇਖ ਲਿਖ ਲੈਂਦਾ । ਭਾਵੇਂ ਆਪਣੀ ਲਾਈਨ ਤੇ ਹੀ ਲਿਖਦਾ ਹੈ । ਉਸਦੇ ਲੇਖ ਛਪਦੇ ਵੀ ਰਹੇ ਨੇ । ਉਸਨੂੰ ਸ਼ੌਕ ਹੈ ।

ਰਾਮਪੁਰੀ :- ਮਦਨ ਗੋਪਾਲ ਹੋਰੀਂ ਤਾਂ ਤੁਹਾਡੇ ਨਾਲ ਹੀ ਆਏ ਨੇ । ਇਨ੍ਹਾਂ ਨੂੰ ਮੇਰਾ ਖਿਆਲ ਹੈ ਅਸੀਂ ਬੇਨਤੀ ਕਰਾਂਗੇ ਕਿ ਆਪਣੀਆਂ ਨਜ਼ਮਾਂ ਲਿਖ ਕੇ ਕੋਲ ਹੀ ਨਾ ਰੱਖਿਆ ਕਰਨ, ਕੁਝ ਲੋਕਾਂ ਤੱਕ ਵੀ ਪਹੁੰਚਾਣ ।

ਅਮੋਲ ਜੀ :- ਬੁਹਤ ਅੱਛਾ ਜੀ ।

ਰਾਮਪੁਰੀ :- ਮੇਰਾ ਖਿਆਲ ਹੈ ਕਿ ਤੁਸੀਂ ਇਕ ਰਸਾਲਾ ਵੀ ਕੱਢਿਆ ਸੀ ਜੋ ਸ਼ਾਇਦ ਪੰਜਾਬੀ ਵਿਚ ਆਲੋਚਨਾ ਦਾ ਪਹਿਲਾ ਰਸਾਲਾ ਸੀ ।

ਅਮੋਲ ਜੀ :- ਇਹ ਗੱਲ ਤੁਹਾਡੀ ਬਿਲਕੁਲ ਠੀਕ ਹੈ । ਉਸ ਤੋਂ ਪਹਿਲਾਂ ਕਿਤਾਬਾਂ ਸਨ—ਲੇਕਿਨ ਰਸਾਲਾ ਪੰਜਾਬ ਵਿਚ ਐਸਾ ਕੋਈ ਨਹੀਂ ਸੀ । ਉਹ ਮੈਂ ਤੋਰਿਆ ਹੀ ਏਸੇ ਲਈ ਸੀ । ਮੇਰਾ ਸ਼ੌਕ ਹੀ ਇਹ ਰਿਹਾ ਕਿ ਪੰਜਾਬੀ ਵਿਚ ਕੋਈ ਨਵੀਂ ਗੱਲ ਕਰੋ ਜਿਹੜੀ ਅੱਗੇ ਪੰਜਾਬੀ ਵਿਚ ਨਹੀਂ ਹੋਈ ਹੋਈ ਤਾਂ ਕਿ ਪੰਜਾਬੀ ਸਿਰ ਉਲਾਂਭਾ ਨਾ ਰਹੇ । ਬਈ ਪੰਜਾਬੀ ਬੋਲੀ ਵਿਚ ਫਲਾਣੀ ਚੀਜ਼ ਨਹੀਂ । ਉਨ੍ਹਾਂ ਦਿਨਾਂ ਵਿਚ ਮੈਂ ਇਹ ਆਲੋਚਨਾ ਤੇ ਲਿਖਣਾ ਸ਼ੁਰੂ ਕੀਤਾ ।

ਰਾਮਪੁਰੀ :- ਇਹ ਜਿਹੜਾ ਰਸਾਲਾ "ਲਿਖਾਰੀ" ਤੁਸੀਂ ਕੱਢਿਆ ਕਿਹੜੇ ਸੰਨ ਵਿਚ ਕੱਢਿਆ ਸੀ ?

ਅਮੋਲ ਜੀ :- ਇਹ ਸੰਨ 1934 ਦੀ ਗੱਲ ਹੈ ।

ਰਾਮਪੁਰੀ :- ਇਸ ਤੋਂ ਬਿਨਾਂ ਤੁਸੀਂ ਹੋਰ ਪਰਚਿਆਂ ਨੂੰ ਵੀ ਐਡਿਟ ਕੀਤੀ ?

ਅਮੋਲ ਜੀ :- ਜੀ ਹਾਂ । "ਲਿਖਾਰੀ'ੳ ਤੋਂ ਪਿਛੋਂ 'ਖਾਲਸਾ ਸਮਾਚਾਰ' ਜਿਹੜਾ ਭਾਈ ਵੀਰ ਸਿੰਘ ਦਾ ਪਰਚਾਹੈ ਉਸਦਾ ਵੀ ਐਡੀਟਰ ਰਿਹਾਂ ਤਿੰਨ ਚਾਰ ਸਾਲ । 1972-76 ਤੱਕ । ਰੀਟਾਇਰ ਹੋਣ ਤੋਂ ਪਿਛੋਂ "ਗੁਰਮਤ ਪ੍ਰਕਾਸ਼" ਦਾ ਵੀ ਐਡੀਟਰ ਰਿਹਾਂ । 1976 ਤੋਂ 1983 ਤੱਕ । ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧਾਰਮਿਕ ਪਰਚਾ ਹੈ । ਏਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਨੇ ਸਭ ਤੋਂ ਪਹਿਲਾਂ ਇਕ 'ਸਿਖ ਇਤਿਹਾਸ ਪੱਤਰ' ਤੋਰਿਆ ਸੀ । 1951-52 ਵਿਚ । ਉਸਦਾ ਵੀ ਪਹਿਲਾ ਐਡੀਟਰ ਮੈਂ ਹੀ ਸਾਂ ਜਿਸਦਾ ਕੰਮ ਮੈਂ ਜਲੰਧਰ ਜਾਣ ਕਰਕੇ ਛੱਡ ਦਿੱਤਾ ਸੀ ।

ਰਾਮਪੁਰੀ :- ਏਸੇ ਤਰ੍ਹਾਂ ਤੁਸੀਂ ਪੂਰਬੀ ਪੰਜਾਬ ਵਿਚ ਪਹਿਲਾ ਗਿਆਨੀ ਕਾਲਜ ਵੀ ਖੋਹਲਿਆ ?

ਅਮੋਲ ਜੀ :- ਜੀ ਹਾਂ । ਪੂਰਬੀ ਨਹੀਂ ਤੁਸੀਂ ਪੱਛਮੀ ਪੰਜਾਬ ਨੂੰ ਵੀ ਨਾਲ ਹੀ ਰਲਾ ਲਵੋ ।

ਰਾਮਪੁਰੀ :- ਮੈਂ ਇਸ ਲਈ ਕਿਹਾ ਕਿ ਤੁਸੀਂ ਹੀ ਮੈਨੂੰ ਸ਼ਾਇਦ ਦੱਸਿਠਾ ਸੀ ਕਿ ਗੁਜਰਾਂਵਾਲੇ ਕੋਈ ਮਾੜਾ ਮੋਟਾ ਇਤਜਾਮ ਸੀ । ਪਰ ਏਸ ਪਾਸੇ ਕਿਸੇ ਬਹੁਤਾ ਧਿਆਨ ਨਹੀਂ ਸੀ ਦਿੱਤਾ । ਜਿਵੇਂ ਤੁਸੀਂ ਕਿਹਾ ਹੈ ਕਿ ਕੋਸ਼ਿਸ਼ ਤੁਸੀਂ ਹਮੇਸ਼ਾ ਇਹ ਕੀਤੀ ਹੈ ਕਿ ਜਿਹੜੀ ਗੱਲ ਨਹੀਂ ਹੈ, ਉਸ ਪਾਸੇ ਨਵੀਂ ਗੱਲ ਤੋਰੀ ਜਾਵੇ ਤੁਸੀਂ ਸਾਰੇ ਕੰਮ ਮੋਢੀ ਹੋ ਕੇ ਕੀਤੇ ਹਨ । ਪਿਛੋਂ ਲੋਕ ਤੁਹਾਡੀਆਂ ਪੈੜਾਂ ਤੇ ਹੀ ਤੁਰੇ ਹਨ । ਉਸ ਕਾਲਜ ਬਾਰੇ ਕੁਝ ਦੱਸੋਗੇ ?

ਅਮੋਲ ਜੀ :- ਕਾਲਜ ਮੈਂ ਆਪਣੇ ਸਿਰ ਤੇ ਤੋਰਿਆ ਸੀ । ਉਸ ਵੇਲੇ ਗਿਆਨੀ ਪੜ੍ਹਨ ਵਾਲੇ ਵਿਦਿਆਰਥੀ ਬੜੇ ਸਨ ਅੰਮ੍ਰਿਤਸਰ ਵਿਚ । ਉਨ੍ਹਾਂ ਦੀ ਮੰਗ ਸੀ । ਉਸ ਵੇਲੇ ਹੋਰ ਪ੍ਰਬੰਧ ਕੋਈ ਨਹੀਂ ਸੀ । ਉਸਦੇ ਵਿਚ ਮੈਨੂੰ ਖੁਸ਼ੀ ਹੈ ਕਿ ਕਈ ਲੋਕਾਂ ਨੂੰ ਮੈਂ ਸਾਹਿਤ ਵੱਲ ਪਰੇਰ ਸਕਿਆ । ਉਹ ਐਲਾਨੀਆਂ ਕਹਿੰਦੇ ਨੇ ਕਈਆਂ ਨੇ ਆਪਣੀਆਂ ਕਿਤਾਬਾਂ ਦੀਆਂ ਭੂਮਿਕਾਂ ਵਿਚ ਵੀ ਲਿਖਿਆ । ਉਨ੍ਹਾਂ ਵਿਚ ਸੁਜਾਨ ਸਿੰਘ ਕਹਾਣੀਕਾਰ ਨੇ, ਉਨ੍ਹਾਂ ਨੂੰ ਸਭ ਤੋਂ ਪਹਿਲਾਂ ਮੈਂ 'ਲਿਖਾਰੀ' ਵਿਚ ਛਾਪਿਆ, ਕਈਆਂ ਨੇ ਉਸਨੂੰ ਛਪਣ ਤੋਂ ਨਾਂਹ ਕਰ ਦਿਤੀ ਸੀ । ਗੁਰਚਰਨ ਸਿੰਘ ਜਸੂਜਾ, ਜੋ ਨਾਟਕ ਲਿਖਦੇ ਨੇ, ਉਹ ਵੀ ਮੇਰਾ ਵਿਦਿਆਰਥੀ ਹੈ । ਜਦੋਂ ਅਸੀਂ ਨਾਟਕ ਕਰਦੇ ਸਾਂ, ਇਹ ਨਾਟਕਾਂ ਦੀ ਗੱਲ ਵੀ ਮੈਂ ਹੀ ਤੋਰੀ ਸੀ, ਉਸ ਵਿਚ ਅਸੀਂ ਜਸੂਜਾ ਨੂੰ ਪਾਰਟ ਦਿੰਦੂ ਰਹੇ ਹਾਂ । ਉਦੋਂ ਉਹਨੇ 'ਬੁਲ੍ਹੇ ਸ਼ਾਹ ਨਾਟਕ ਲਿਖਿਆ ਵੀ ਸੀ, ਜੋ ਅਸੀਂ ਖੇਡਿਆ ਸੀ । ਮਗਰੋਂ ਜਿਹੜੇ ਡਰਾਮੇ ਦਾ ਉਸਨੂੰ ਆਲ ਇੰਡੀਆ ਰੇਡੀਓ ਦਾ ਇਨਾਮ ਮਿਲਿਆ, ਉਹ ਵੀ ਮੈਂ ਮੁਕਾਬਲੇ ਵਿਚ ਭਿਜਵਾਇਆ । ਉਸ ਵੇਲੇ ਉਹ ਮੇਰੇ ਕੋਲ ਐਮ. ਏ. ਕਰਦਾ ਸੀ । ਪਹਿਲਾਂ ਗਿਆਨੀ ਵੀ ਉਸਨੇ ਮੇਰੇ ਕੋਲੋਂ ਕੀਤੀ । ਫਿਰ ਮੇਰੇ ਕੋਲ ਮੁਲਾਜ਼ਮ ਵੀ ਰਿਹਾ । ਏਸੇ ਤਰ੍ਹਾਂ ਬਲਦੇਵ ਚੰਦਰ ਬੇਕਲ—'ਗੁਰੂ ਨਾਨਕ ਨਾਮ ਜਹਾਜ਼ ਹੈ' ਫਿਲਮ ਬਣਾਉਣ ਵਾਲਾ ਵੀ ਮੇਰਾ ਵਿਦਿਆਰਥੀ ਹੈ । ਇਹ ਧਨੀ ਰਾਮ ਚਾਤ੍ਰਿਕ ਦਾ ਭਣੇਵਾਂ ਸੀ । ਕਵਿਤਾ ਦਾ ਸਟੂਡੈਂਟ ਮੈਂ ਨਹੀਂ ਕਹਿੰਦਾ ਪਰ ਗਿਆਨੀ ਵਿਚ ਉਹ ਮੇਰੇ ਕੋਲ ਪੜ੍ਹਿਆ

ਰਾਮਪੁਰੀ :- ਉੰਝ ਉਹ ਕਵਿਤਾ ਲਿਖਦੇ ਸਨ । ਮੈਂ ਉਸਦੇ ਬਹੁਤ ਖੂਬਸੂਰਤ ਗੀਤ ਪੜ੍ਹੇ ਹਨ—ਬਹੁਤ ਦੇਰ ਪਹਿਲੇ ।

ਅਮੋਲ ਜੀ :- ਉਸਦੇ ਚਾਰ ਪੰਜ ਸਗ੍ਰਹਿ ਛਪੇ ਹਨ । 'ਬੇਕਲ ਲਹਿਰਾਂ' ਆਦਿ । ਭਾਈ ਨਾਨਕ ਸਿੰਘ ਨਾਵਲਿਸਟ ਮੇਰੇ ਕੋਲ ਪੜ੍ਹਿਆ - 1931 - ਵਿਚ- ਉਦੋਂ ਉਸਨੇ 'ਚਿੱਟਾ ਲਹੂ' ਵੀ ਲਿਖਿਆ । ਮੈਂ ਬੇਨਤੀ ਕਰਕੇ ਉਸਦੀ ਭੂਮਿਕਾ ਪ੍ਰੋ: ਤੇਜਾ ਸਿੰਘ ਤੋਂ ਲਿਖਵਾਈ । ਉਹ ਉਸਦਾ ਮਾਸਟਰਪੀਸ ਗਿਣਿਆ ਜਾਂਦਾ ਹੈ । ਮੈਂ ਉਹ ਸਾਰਾ ਨਾਵਲ ਪ੍ਰੋ: ਤੇਜਾ ਸਿੰਘ ਨੂੰ ਪੜ੍ਹ ਕੇ ਸੁਣਾਇਆ । ਲਫਜ਼, ਬਲਫਜ਼ ਸੁਣਾਇਆ । ਉਹ ਪੜ੍ਹੇ ਬਿਨਾਂ ਭੂਮਿਕਾ ਨਹੀਂ ਸਨ ਲਿਖਦੇ ।

ਰਾਮਪੁਰੀ :- ਕੁਝ ਹੋਰ ਵੀ ਲੇਖਕ ਮੇਰੇ ਚੇਤੇ ਆਉਂਦੇ ਹਨ ਜਿਵੇਂ ਕਿ ਗਿ: ਕੇਸਰ ਸਿੰਘ .....

ਅਮੋਲ ਜੀ :- ਕੇਸਰ ਸਿੰਘ, ਜੋ ਕੈਨੇਡਾ ਵਿਚ ਹਨ, ਉਹ ਵੀ ਮੇਰੇ ਵਿਦਿਆਰਥੀ ਰਹੇ ਹਨ । ਗਿਆਨੀ ਅਬਾਦੁੱਲਾ ਵੀ ਸਨ ।

ਰਾਮਪੁਰੀ :- ਇਹ ਉਹ ਗਿਆਨੀ ਅਬਾਦੁੱਲਾ ਹਨ ਜੋ ਹੁਣ ਵੀ ਪਾਕਿਸਤਾਨ ਵਿਚ ਪਾਠ ਕਰਦੇ ਹਨ । ਲਾਹੌਰ ਵਿਚ ਉਹ ਪੰਜਾਬੀ ਦੇ ਮੁਦੱਈ ਲੋਕਾਂ ਵਿਚੋਂ ਹੈ । ਸਿੱਖ ਧਰਮ ਬਾਰੇ ਵੀ ਤੁਸੀਂ ਕਾਫੀ ਪੁਸਤਕਾਂ ਲਿਖੀਆਂ ਨੇ ।

ਅਮੋਲ ਜੀ :- ਕਾਫੀ ਤਾਂ ਨਹੀਂ ਕਹਿਣਾ ਚਾਹੀਦਾ । ਸਭ ਤੋਂ ਵਧ ਪ੍ਰਚਲਤ ਕਿਤਾਬ ਸਿੱਖੀ ਤੇ 'ਨਵਾਂ ਚਾਨਣ' ਸੀ । ਇਹ ਮੈਂ ਸੰਨ 1940 ਦੇ ਲਾਗੇ ਲਿਖੀ ਹੈ । ਇਸ ਦੀਆਂ ਤਿੰਨ ਚਾਰ ਐਡੀਸ਼ਨਾਂ ਛਪੀਆਂ ਨੇ । ਹੁਣ ਇਹ ਅੰਗਰੇਜ਼ੀ ਵਿਚ ਤਰਜਮਾ ਹੋ ਕੇ ਸਿੱਖ ਮਿਸ਼ਨਰੀ ਸੁਸਾਇਟੀ, ਲੰਡਨ ਛਾਪ ਰਹੀ ਹੈ ਇਸ ਨੂੰ । ਏਸੇ ਤਰ੍ਹਾਂ ਮੇਰੇ ਟੀਕੇ ਹਨ । 'ਬਾਈ ਵਾਰਾਂ' ਗੁਰੂ ਗ੍ਰੰਥ ਸਾਹਿਬ ਵਿਚੋਂ, ਉਨ੍ਹਾਂ ਦਾ ਟੀਕਾ ਹੈ । 'ਆਸਾ ਦੀ ਵਾਰ' 'ਕੀਰਤਨ ਸੋਹਿਲਾ' ਦਾ ਟੀਕਾ ਵੀ ਹੈ 'ਜਪੁਜੀ ਸਾਹਿਬ' ਦਾ ਟੀਕਾ ਛਾਪਿਆ ਸੀ । ਜੋ 1947 ਵਿਚ ਸੜ ਗਿਆ ਸੀ ਅੱਗਾਂ ਲੱਗਣ ਸਮੇਂ । ਮੁੜਕੇ ਛਪ ਨਹੀਂ ਸਕਿਆ । ਛਪੀ ਹੋਈ ਸੜ ਗਈ ।

ਰਾਮਪੁਰੀ :- ਤੁਸੀਂ ਲੇਖਕ ਸੰਸਥਾਵਾਂ ਨਾਲ ਵੀ ਸਬੰਧਤ ਰਹੇ ਹੋ ? ਕੁਝ ਵਿਸਥਾਰ ਦਿਓ ।

ਅਮੋਲ ਜੀ :- ਮੇਰੀ ਕੋਸ਼ਿਸ਼ ਸਦਾ ਪੰਜਾਬੀ ਲਈ ਰਹੀ ਹੈ । ਇਸ ਲਈ ਮੈਂ ਆਪ ਵੀ ਸੰਸਥਾਵਾਂ ਬਣਾਈਆਂ । 1937-38 ਵਿਚ ਨਾਟਕ ਸਭਾ ਬਣਾਈ ਤੇ ਡਾ: ਹਰਚਰਨ ਸਿੰਘ ਦਾ ਪਹਿਲਾ ਨਾਟਕ ਅਸਾਂ ਅੰਮ੍ਰਿਤਸਰ ਖੇਡਿਆ ਸੀ । ਉਸ ਨਾਟਕ ਵਿਚ ਮੈਂ ਆਪ ਵੀ ਪਾਰਟ ਕੀਤਾ ਸੀ । ਨਾਟਕਾਂ ਵਿਚ ਐਕਟਰੀ ਵੀ ਕੀਤੀ ਤੇ ਡਾਇਰੈਕਟਰੀ ਵੀ ਕੀਤੀ । ਮੈਂ ਆਪਣੇ ਨਾਟਕ 'ਸਮੇਂ ਦੇ ਤਿੰਨ ਰੰਗ' ਵਿਚ ਵੀ ਪਾਰਟ ਕੀਤਾ । ਉਹ ਨਾਟਕ ਦੀ ਇਕ ਲਹਿਰ ਸੀ । ਕੇਂਦਰੀ ਪੰਜਾਬੀ ਲੇਖਕ ਸਭਾ ਜਦੋਂ 1952 ਦੇ ਲਾਗੇ ਬਣੀ ਸੀ ਤਾਂ ਮੈਂ ਉਸਦਾ ਫਾਊਂਡਰ ਮੈਂਬਰ ਸਾਂ । ਏਸੇ ਤਰ੍ਹਾਂ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦਾ ਵੀ ਫਾਊਂਡਰ ਮੈਂਬਰ ਹਾਂ । ਲੋਕ ਲਿਖਾਰੀ ਸਭਾ ਅੰਮ੍ਰਿਤਸਰ ਦਾ ਸਰਪ੍ਰਸਤ ਹਾਂ ।

ਰਾਮਪੁਰੀ :- ਪੰਜਾਬੀ ਅਲੋਚਨਾ ਵਿਚ ਜਿਹੜੀ ਅੱਜ ਕੱਲ੍ਹ ਬੋਲੀ ਲਿਖੀ ਜਾਂਦੀ ਹੈ ਉਸ ਬਾਰੇ ਤੇ ਉਸਦੀ ਸਾਰਥਕਤਾ ਬਾਰੇ ਤੁਹਾਡੇ ਕੀ ਵਿਚਾਰ ਹਨ ?

ਅਮੋਲ ਜੀ :- ਜਿਥੋਂ ਤਕੱ ਸਾਰਥਕਤਾ ਦਾ ਸਬੰਧ ਹੈ, ਉਹ ਆਮ ਲੋਕਾਂ ਦੇ ਸਮਝ ਨਹੀਂ ਆ ਸਕਦੀ । ਆਲੋਚਨਾ ਵਾਸਤੇ ਮਜਬੂਰੀ ਹੈ । ਸਾਡੇ ਵਿਦਵਾਨਾਂ ਨੇ ਟੈਕਨੀਕਲ ਸ਼ਬਦ ਸੰਸਕ੍ਰਿਤ ਨੂੰ ਵਿਗਾੜ ਕੇ ਲਿਆਂਦੇ ਹਨ । ਉਹ ਸੌਖੇ ਵੀ ਲਿਆਂਦੇ ਜਾ ਸਕਦੇ ਹਨ । ਪਰ ਇਹ ਤਤਸਮ ਰੂਪ ਵਿਚ ਹੀ ਲੈ ਲਏ ਗਏ ਹਨ । Criticism ਕਿਉਂਕਿ ਐਮ. ਏ. ਵਾਲਿਆਂ ਨੇ ਤੇ ਵਿਦਵਾਨਾਂ ਨੇ ਹੀ ਪੜ੍ਹਨਾ ਪੜ੍ਹਾਉਣਾ ਹੁੰਦਾ ਹੈ, ਓਥੇ ਤਾਂ ਚਲ ਰਹੀ ਹੈ । ਆਮ ਸਾਧਾਰਨ ਪਾਠਕ ਫਾਇਦਾ ਨਹੀਂ ਉਠਾ ਸਕਦਾ । ਪਾਠਕ ਚਾਹੁੰਦੇ ਹਨ ਕਿ ਸਾਦਾ ਤੇ ਸਾਧਾਰਨ ਬੋਲੀ ਵਿਚ ਹੋਵੇ ।

(ਬਾਕੀ ਪੰਨਾ ੧੧ ਤੇ)




JIM PATTISON
ON MAIN
SERVICE AFTER SALE

Pontiac Buick GMC TRUCKS

1984 ਦੀਆਂ ਨਵੀਆਂ ਕੈਡਲਿਕ ਖਰੀਦੋ
ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ੀਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੋਨ ਕਰੋ

PARLAD GILL



BUS. 879-4233 3434 MAIN ST. VANCOUVER, B.C. RES. 435-1834

# ਧਾਰਮਿਕ ਦਰਪਣ

## ਧਰਮੀ ਰਾਜਨੀਤੀ

ਹਰਦਿਆਲ ਸਿੰਘ ਜੌਹਲ

ਸਿੱਖ ਧਰਮ ਵਿਚ 'ਧਰਮ ਅਤੇ ਰਾਜਨੀਤੀ' ਇਕੱਠੀ ਹੈ। ਇਸ ਦਾ ਭਾਵ ਇਹ ਨਹੀਂ ਕਿ ਰਾਜਨੀਤੀ ਦੀ ਖਾਤਰ ਧਰਮ ਕੁਰਬਾਨ ਕਰ ਦਿਤਾ ਜਾਵੇ (ਜਿਵੇਂ ਕਿ ਜ਼ਿਆਦਾ ਸਮਝਿਆ ਅਤੇ ਕੀਤਾ ਜਾਂਦਾ ਹੈ) ਸਗੋਂ ਰਾਜਨੀਤੀ ਨੂੰ ਧਰਮ ਅਨੁਸਾਰ ਚਲਾਇਆ ਜਾਵੇ। ਝੂਠ ਬੋਲ ਕੇ ਲੋਕਾਂ ਨੂੰ ਧੋਖਾ ਦੇ ਕੇ,ਆਪਦੇ ਖਿਆਲਾਂ ਦਾ ਪ੍ਰਚਾਰ ਕਰਨਾਂ ਅਤੇ ਆਪਣਾ ਸਵਾਰਥ ਪੂਰਾ ਕਰਨਾ ਬਹੁਤ ਹੀ ਘਟੀਆ ਕਿਸਮ ਦੀ ਰਾਜਨੀਤੀ ਹੈ। ਸਿੱਖ ਧਰਮ ਇਸ ਤਰ੍ਹਾਂ ਦੀ ਰਾਜਨੀਤੀ ਵਿਚ ਵਿਸ਼ਵਾਸ਼ ਨਹੀਂ ਰਖਦਾ ਕਿ ਆਪਦਾ ਮਾੜਾ ਵੀ ਚੰਗਾ ਹੈ ਅਤੇ ਦੂਸਰੇ ਦਾ ਚੰਗਾ ਵੀ ਮਾੜਾ। ਧਰਮ ਦੀ ਚੜ੍ਹਦੀ ਕਲਾ ਲਈ ਸਿਆਸਤ ਦੇ ਮੈਦਾਨ ਵਿਚ ਆਉਣਾ ਫਰਜ਼ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਦੀ ਆਤਮ ਕਥਾ ਲਿਖਦੇ ਲਿਖਿਆ ਹੈ:-

ਅਕਾਲ ਪੁਰਖ ਬਾਚ (ਚੌਪਈ)

"ਮੈਂ ਅਪਨਾ ਸੁਤ ਤੁਹਿ ਨਿਵਾਜਾ।। ਪੰਥ ਪ੍ਰਚੁਰ ਕਰਬੇ ਕਉ ਸਾਜਾ।।
ਜਾਹ ਤਹਾ ਤੈ ਧਰਮੁ ਚਲਾਇ।।ਕਬੁਧਿ ਕਰਨ ਤੇ ਲੋਕ ਹਟਾਇ।।੨੯।।"

ਧਰਮ ਦੀ ਚੜ੍ਹਦੀ ਕਲ੍ਹਾ ਕਰਨੀ ਹੈ,ਭੈੜੇ ਕੰਮਾਂ ਤੋਂ ਲੋਕਾਂ ਨੂੰ ਹਟਾਉਣਾ ਹੈ। ਭੈੜੇ ਕੰਮ ਰਿਸ਼ਤੇ ਵਿਚ ਆਪਦੇ ਵੀ ਕਰ ਸਕਦੇ ਹਨ ਤਾਂ ਉਨ੍ਹਾਂ ਨੂੰ ਹਟਾਉਣਾ ਹੈ। ਵਾਹਿਗੁਰੂ ਜੀ ਤੋਂ ਬਰ ਮੰਗਣਾ ਹੈ :- "ਸ਼ਸਤ੍ਰਨ ਸੇ ਅਤਿ ਹੀ ਰਣ ਭੀਤਰ,ਜੂਝ ਮਰੋ ਤਉ ਸਾਚ ਪਤੀਜੈ।।ਸੰਤ ਸਹਾਇ ਸਦਾ ਜਗ ਮਾਇ, ਕ੍ਰਿਪਾ ਕਰ ਸਯਾਮ ਇਹੈ ਬਰ ਦੀਜੈ।।"

ਧਰਮ ਦੀ ਸਰਪਰਸਤੀ ਹੇਠਾਂ ਕੀਤੇ ਰਾਜ ਪ੍ਰਬੰਧ ਨੂੰ ਹੀ ਧਰਮੀ ਰਾਜਨੀਤੀ ਕਿਹਾ ਜਾ ਸਕਦਾ ਹੈ। ਹੁਣ ਵਿਚਾਰ ਹੈ ਕਿ ਧਰਮ ਨਾਲ ਕਿਸ ਤਰ੍ਹਾਂ ਪ੍ਰਬੰਧ ਚਲੇ:-

ਰਹਿਤ ਨਾਮਿਆਂ ਵਿਚ ਸਾਫ ਸਾਫ ਲਿਖਿਆ ਹੈ:—

"ਖਲਕ ਖਾਲਿਕ ਕੀ ਜਾਨ ਕੈ, ਖਲਕ ਦੁਖਾਵੈ ਨਾਹਿ।
ਖਲਕ ਦੁਖੇ ਜੇ ਨੰਦ ਜੀ, ਖਾਲਿਕ ਕੋਪੈ ਤਾਹਿ ॥
ਜਗਤ ਮਾਂਹਿ,ਹੈ ਪੰਥ ਸੁ ਜੇਤੇ। ਕਰੈ ਨਿੰਦ ਲਹਿ ਕਬਹੁੰ ਤੇਤੇ।
ਵੱਡੀ ਲੇ ਕਰ ਨਿਆਇ ਨ ਕਰੀਏ। ਝੂਠੀ ਸਾਖਾ ਕਬਹੁੰ ਨ ਭਰੀਏ।
ਧਨ ਕੀਰਤਿ,ਸੁਖ ਰਾਜ ਵਡਾਈ। ਯੁਵਤੀਂ ਸੁਤ,ਵਿਦਿਆ ਬਹੁ ਭਾਈ।
ਏ ਸਭ ਦਾਤ ਗੁਰੂ ਕੀ ਜਾਨੈ। ਤਾਂ ਤੇ ਨਹਿ ਅਭਿਮਾਨਹਿ ਠਾਨੈ।"

ਇਸ ਤਰ੍ਹਾਂ ਦੇ ਚਲਨ ਚਲਣ ਨੂੰ ਹੀ ਧਰਮੀ ਰਾਜਨੀਤੀ ਕਿਹਾ ਜਾ ਸਕੇਗਾ। ਅਜਕਲ੍ਹ ਰਾਜਨੀਤੀ ਦੇ ਖਿਡਾਰੀਆਂ ਨੇ ਰਾਜਨੀਤੀ ਨੂੰ ਬਹੁਤ ਬਦਨਾਮ ਕਰ ਦਿਤਾ ਹੈ। ਹਾਲਾਤ ਐਸੇ ਪੈਦਾ ਕੀਤੇ ਜਾ ਚੁਕੇ ਹਨ ਕਿ ਰਾਜਨੀਤੀ ਦੇ ਮੈਦਾਨ ਵਿਚ ਉਹ ਹੀ ਲੋਕ ਆਉਂਦੇ ਹਨ ਜਾਂ ਆਉਣ ਦਿਤੇ ਜਾਂਦੇ ਹਨ ਜਿਨ੍ਹਾਂ ਦਾ ਨਿਸ਼ਾਨਾ ਸੁਆਰਥ ਹੁੰਦਾ ਹੈ, ਸੇਵਾ ਨਹੀਂ। ਰਾਜਨੀਤੀ ਦੇ ਰਸਤੇ ਲੋਕਾਂ ਦੇ ਛੋਟੇ ਇਕੱਠ ਤੋਂ ਲੈ ਕੇ ਵੱਡੇ ਇਕੱਠ ਅਤੇ ਦੇਸ਼ਾਂ ਦੀ ਰਾਜਸੀ ਤਾਕਤ ਹਾਸਲ ਕੀਤੀ ਜਾਂਦੀ ਹੈ ਅਤੇ ਫੇਰ ਉਸ ਤਾਕਤ ਨਾਲ ਆਪਦੀ ਚੌਧਰ , ਧਨ,ਆਪਦਾ ਅਸਰ ਰਸੂਖ,ਇਜ਼ਤ ਅਤੇ ਹੋਰ ਤਰ੍ਹਾਂ ਦਾ ਆਪਦਾ ਅਤੇ ਆਪਦੀ ਪਾਰਟੀ ਦੇ ਬੰਦਿਆਂ ਦਾ ਸੁਆਰਥ ਪੂਰਾ ਕੀਤਾ ਜਾ ਸਕਦਾ ਹੈ। ਪਰ ਇਸ ਤਰ੍ਹਾਂ ਦੀ ਤਾਕਤ ਹਾਸਲ ਕਰਨ ਲਈ ਬਹੁਤ ਜੱਦੋ-ਜਹਿਦ ਕਰਨੀ ਪੈਂਦੀ ਹੈ। ਆਪਾਂ ਲੀਡਰਾਂ ਨੂੰ ਦੇਖਦੇ ਹੀ ਹਾਂ ਕਿ ਕਿਸ ਤਰ੍ਹਾਂ ਪੈਂਤੜੇ ਬਦਲਦੇ ਹਨ ਰੋਜ਼ਾਨਾਂ, ਹੇਰਾ ਫੇਰੀਆਂ ਝੂਠ ਬੇਈਮਾਨੀ ਦੇ ਨਿਤ ਨਵੇਂ ਦਾਉ ਪੇਚ ਖੁਲ੍ਹੇ ਤੌਰ ਤੇ ਵਰਤੇ ਜਾਂਦੇ ਹਨ। ਹਾਲਾਤ ਇਹ ਹਨ ਕਿ ਇਨ੍ਹਾਂ ਕੰਮਾਂ ਨੂੰ ਅਜ ਕਲ੍ਹ ਮਾੜਾ ਵੀ ਨਹੀਂ ਸਮਝਿਆ ਜਾਂਦਾ।

ਸਚਾਈ, ਧਰਮ, ਦੇਸ਼ ਪਿਆਰ ਅਤੇ ਸੇਵਾ ਭਾਵ ਤਾਂ ਰਾਜਨੀਤੀ ਤੋਂ ਬਹੁਤ ਪਰੇ ਰਹਿੰਦਾ ਜਾ ਰਿਹਾ ਹੈ। ਜੇ ਕਰ ਕੁਝ ਲੋਕ ਆਪਣੇ ਸੁਆਰਥ ਤੋਂ ਉਪਰ ਉਠਕੇ ਅਗੇ ਆ ਕੇ ਕੰਮ ਕਰਦੇ ਵੀ ਹਨ ਤਾਂ ਉਨ੍ਹਾਂ ਨੂੰ ਆਪਣਾ ਧੜਾ ਪਿਆਰਾ ਹੁੰਦਾ ਹੈ। ਲੋਕ ਭਲਾਈ ਅਤੇ ਧਰਮ ਨੂੰ ਛੱਡ ਕੇ ਧੜੇ ਨਾਲ ਪਿਆਰ ਕਰਨ ਵਾਲਿਆਂ ਨੂੰ ਵਧੇਰੇ ਸਤਿਕਾਰ ਮਿਲਦਾ ਹੈ ਅਜ ਦੀ ਰਾਜਨੀਤੀ ਵਿਚ। ਜੇ ਕਰ ਕੋਈ ਵੀਰ ਆਪ ਜ਼ਮੀਰ ਦੀ ਆਵਾਜ ਦੇ ਮਗਰ ਲਗ ਕੇ ਸਚਾਈ ਕਹਿੰਦਾ ਹੈ ਜਾਂ ਸਦ ੀ ਵਾਲੇ ਕੰਮ ਕਰਦਾ ਹੈ ਤਾਂ ਉਸਨੂੰ ਪਾਰਟੀ ਜ਼ਬਤ ਤੋੜਨ ਦੇ ਦੋਸ਼ ਵਿਚ ਛੰਨ ਦਿਤਾ ਜਾਂਦਾ ਹੈ। ਇਸ ਤਰ੍ਹਾਂ ਦੇ ਹਾਲਾਤਾਂ ਵਿਚ ਭਲੇ ਮਾਣਸ ਅਤੇ ਬੇਗਰਜ਼ ਸਚੇ ਬੰਦੇ ਲਾਂਭੇ ਹੋ ਜਾਂਦੇ ਹਨ ਜਾਂ ਲਾਂਭੇ ਕਰ ਦਿਤੇ ਜਾਂਦੇ ਹਨ ਅਤੇ ਰਾਜਸੀ ਮੈਦਾਨ ਵਿਚ ਫੇਰ ਘਟੀਆ ਕਿਸਮ ਦੇ ਸੁਆਰਥੀ ਲੋਕਾਂ ਦਾ ਜੱਫਾ ਵਧੇਰੇ ਪੱਕਾ ਹੋ ਜਾਂਦਾ ਹੈ। ਨਤੀਜਾ ਸਾਹਮਣੇ ਹੈ,ਦੁਨੀਆਂ ਵਾਹੋ ਦਾਹੀ ਆਪਦੀ ਬਰਬਾਦੀ ਤਬਾਹੀ ਵਲ ਜਾ ਰਹੀ ਹੈ ਇਹ ਮਸਲਾ ਕਿਸੇ ਇਕ ਛੋਟੀ ਇਕਾਈ ਦਹਾਈ ਦਾ ਨਹੀਂ ਸਗੋਂ ਦੁਨੀਆਂ ਦੇ ਸਾਂਝੇ ਮਸਲੇ ਇਸ ਤਰ੍ਹਾਂ ਦੇ ਬਣ ਚੁਕੇ ਹਨ ਕਿ ਇਮਾਨਦਾਰੀ ਬਿਨਾਂ ਕੋਈ ਹੱਲ ਨਹੀਂ ਨਿਕਲ ਸਕਦਾ ਅਤੇ ਇਮਾਨਦਾਰੀ ਅਜ ਦੀ ਰਾਜਨੀਤੀ ਵਿਚੋਂ ਖਤਮ ਹੈ, ਨਤੀਜਾ ਤਬਾਹੀ ਸਾਹਮਣੇ ਹੈ।

ਇਸ ਅਧੋਗਤੀ ਵਿਚ ਦੁਨੀਆਂ ਲਈ ਠੀਕ ਇਕ ਹੀ ਰਸਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫਲਾਸਫੀ ਨੂੰ ਅਪਣਾਇਆ ਜਾਵੇ। ਹੇਠ ਲਿਖੇ ਸ਼ਬਦਾਂ ਤੋਂ ਦੁਨੀਆਂ ਦੀ ਹਾਲਤ ਸਾਫ ਦਿਖਾਈ ਦੇ ਰਹੀ ਹੈ ਕਿ ਸਚੇ ਗੁਰੂ ਤੋਂ ਬਿਨਾਂ, ਠੀਕ ਰਸਤੇ ਤੋਂ ਬਿਨਾਂ ਕੋਈ ਰਾਹ ਨਹੀਂ ਹੈ।

ਵਾਰ ੧,ਪਉੜੀ ੧੯

ਭਈ ਗਿਲਾਨਿ ਜਗਤ ਵਿਚਿ, ਚਾਰਿ ਵਰਨ ਆਸ੍ਰਮ ਉਪਾਏ। ਦਸ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ। ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ। ਬ੍ਰਹਮਣਿ ਬ੍ਰਹ ਪਰਕਾਰਿ ਕਰਿ ਸਾਸਤ੍ਰ ਵੇਦ ਪੁਰਾਣਿ ਲੜਾਏ। ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ। ਤੰਤ ਮੰਤ ਰਸਾਇਣਾ, ਕਰਾਮਾਤਿ ਕਾਲਖਿ ਲਪਟਾਏ। ਇਕਸਿ ਤੇ ਬਹੁ ਰੂਪਿ ਕਰਿ, ਰੂਪ ਕਰੂਪੀ ਘਣੇ ਦਿਖਾਏ। ਕਲਿਜੁਗਿ ਅੰਦਰਿ ਭਰਮਿ ਭੁਲਾਏ।।੧੯।।

ਵਾਰ ੧ ਪਉੜੀ ੩੦

ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ਗੁਸਾਈ। ਰਾਜੇ ਪਾਪ ਕਮਾਵਦੇ,ਉਲਟੀ ਵਾੜ ਖੇਤਕਉ ਖਾਈ। ਪਰਜਾ ਅੰਧੀ ਗਿਆਨ ਬਿਨੁ, ਕੂੜ ਕੁਸਤਿ ਮੁਖਹੁ ਆਲਾਈ। ਚੇਲੇ ਸਾਜ ਵਜਾਇਦੇ,ਨਚਨਿ ਗੁਰੂ ਬਹੁਤੁ ਬਿਧਿ ਭਾਈ। ਸੇਵਕ ਬੈਠਨਿ ਘਰਾ ਵਿਚਿ, ਗੁਰ ਉਠਿ ਘਰੀ ਤਿਨਾੜੇ ਜਾਈ। ਕਾਜੀ ਹੋਏ ਰਿਸਵਤੀ,ਵਢੀ ਲੈ ਕੇ ਹਕ ਗਵਾਈ। ਇਸਤ੍ਰੀ ਪੁਰਖੈ ਦਾਮ ਹਿਤੁ, ਭਾਵੈ ਆਇ ਕਿਥਾਊ ਜਾਈ। ਵਰਤਿਆ ਪਾਪ ਸਭਸ ਜਗ ਮਾਂਹੀ।।੩੦।।

ਵਾਰ ੧ ਪਉੜੀ ੨੧

ਚਾਰਿ ਵਰਨ ਚਾਰਿ ਮਜਹਬਾ ਜਗ ਵਿਚਿ ਹਿੰਦੂ ਮੁਸਲਮਾਣੇ।। ਖੁਦੀ ਬਖੀਲਿ ਤਕਬਰੀ ਖਿਚੋਤਾਣ ਕਰੇਨਿ ਧਿਙਾਣੇ। ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ। ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ। ਰਾਮ ਰਹੀਮ ਕਹਾਇਦੇ,ਇਕੁ ਨਾਮੁ ਦੁਇ ਰਾਹ ਭੁਲਾਣੇ। ਬੇਦ ਕਤੇਬ ਭੁਲਾਇ ਕੈ, ਮੋਹੇ ਲਾਲਚ ਦੁਨੀ ਸੈਤਾਣੇ। ਸਚੁ ਕਿਨਾਰੇ ਰਹਿ ਗਇਆ, ਖਹਿ ਮਰਦੇ ਬਾਹਮਣ ਮਉਲਾਣੇ। ਸਿਰੋ ਨ ਮਿਟੇ ਆਵਣ ਜਾਣੇ।।੨੧।।

ਵਾਰ ੧ ਪਉੜੀ ੨੦

ਬਹੁ ਵਾਟੀ ਜਗਿ ਚਲੀਆ, ਤਬ ਹੀ ਭਏ ਮੁਹੰਮਦਿ ਯਾਰਾ। ਕਉਮਿ ਬਹਤਰਿ ਸੰਗਿ ਕਰਿ ,ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।। ਰੋਜੇ ਈਦ ਨਿਮਾਜਿ ਕਰਿ, ਕਰਮੀ ਬੰਦਿ ਕੀਆ ਸੰਸਾਰਾ। ਪੀਰ ਪੈਕੰਬਰ ਅਉਲੀਏ, ਗਉਸ ਕੁਤਬ ਬਹੁ ਭੇਖ ਸਵਾਰਾ। ਠਾਕੁਰ ਦੁਆਰੇ ਢਾਹਿ ਕੈ, ਤਿਹਿ ਠਉੜੀ ਮਾਸੀਤ ਉਸਾਰਾ। ਮਾਰਨਿ ਗਊ ਗਰੀਬ ਨੋ , ਧਰਤੀ ਉਪਰਿ ਪਾਪੁ ਬਿਥਾਰਾ। ਕਾਫਰ ਮੁਲਹਦ ਇਰਮਨੀ, ਰੂਮੀ ਜੰਗੀ ਦੁਸਮਨਿ ਦਾਰਾ। ਪਾਪੇ ਦਾ ਵਰਤਿਆ ਵਰਤਾਰਾ।।੨੦।।

ਵਾਰ ੧, ਪਉੜੀ ੨੨

ਚਾਰੇ ਜਾਗੇ ਚਹੁ ਜੁਗੀ,ਪੰਚਾਇਣੁ ਪ੍ਰਭੁ ਆਪੇ ਹੋਆ। ਆਪੇ ਪਟੀ ਕਲਮਿ ਆਪਿ, ਆਪੇ ਲਿਖਣਿ ਹਾਰਾ ਹੋਆ। ਬਾਝੁ ਗੁਰੂ ਅੰਧੇਰੁ ਹੈ, ਖਹਿ ਖਹਿ ਮਰਦੇ ਬਹੁ ਬਿਧਿ ਲੋਆ। ਵਰਤਿਆ ਪਾਪੁ ਜਗਤ੍ਰ ਤੇ ਧਉਲ ਉਡੀਣਾ ਨਿਸਿਦਿਨਿ ਰੋਆ। ਬਾਝੁ ਦਇਆ ਬਲਹੀਣ ਹੋਇ ਨਿਘਰ ਚਲੋ ਰਸਾਤਲਿ ਟੋਆ। ਖੜਾ ਇਕਤੇ ਪੈਰ ਤੇ,ਪਾਪ ਸੰਗਿ ਬਹੁ ਭਾਰਾ ਹੋਆ। ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚਿ ਕੋਆ। ਧਰਮ ਧਉਲ ਪੁਕਾਰੇ, ਤਲੈ ਖੜੋਆ।।੨੨।।

ਵਾਰ ੧,ਪਉੜੀ ੧੭

ਜੁਗ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ। ਉਠੇ ਗਿਲਾਨਿ ਜਗਤਿ ਵਿਚਿ, ਵਰਤੇ ਪਾਪ ਭ੍ਰਿਸਟਿ ਸੰਸਾਰਾ। ਵਰਨਾਵਰਨ ਨ ਭਾਵਨੀ,ਖਹਿ ਖਹਿ ਜਲਨ ਬਾਂਸ ਅੰਗਿਆਰਾ। ਨਿੰਦਿਆ ਚਲੇ ਵੇਦ ਕੀ, ਸਮਝਨਿ ਨਹਿ ਅਗਿਆਨਿ ਗੁਬਾਰਾ। ਬੇਦ ਗਿਰੰਥ ਗੁਰ ਹਟਿ ਹੈ, ਜਿਸੁ ਲਗਿ ਭਵਜਲ ਪਾਰਿ ਉਤਾਰਾ। ਸਤਿਗੁਰ ਬਾਝੁ ਨ ਬੁਝੀਐ, ਜਿਚਰੁ ਧਰੇ ਨ ਪ੍ਰਭੁ ਅਵਤਾਰਾ। ਗੁਰ ਪਰਮੇਸਰੁ ਇਕੁ ਹੈ, ਸਚਾ ਸਾਹੁ ਜਗਤੁ ਵਣਜਾਰਾ। ਚੜੇ ਸੂਰ ਮਿਟਿ ਜਾਇ ਅੰਧਾਰਾ।।੧੭।।

(ਵਾਰਾਂ ਭਾ: ਗੁਰਦਾਸ ਜੀ)

ਸਵਈਏ ਮਹਲੇ ਤੀਜੇ ਕੇ ੩ (੧੩੯੫-੯੬)

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ।। ਸੰਨਿਆਸੀ ਤਪਸੀਅਹ, ਮੁਖਹੁ ਏ ਪੰਡਿਤ ਮਿਠੇ।।ਬਰਸੁ ਏਕ ਹਉ ਫਿਰਿਓ , ਕਿਨੈ ਨਹੁ ਪਰਚਉ ਲਾਯਉ।। ਕਹਤਿਅਹ ਕਹਤੀ ਸੁਣੀ , ਰਹਤ ਕੋ ਖੁਸੀ ਨ ਆਯਉ।। ਹਰਿਨਾਮੁ ਛੋਡਿ ਦੂਜੈ ਲਗੇ, ਤਿਨ ਕੇ ਗੁਣ ਹਉ ਕਿਆ ਕਹਉ।। ਗੁਰ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ।।੨।।੨੦।।

ਸਲੋਕ ਮ: ੧ (ਵਾਰ ਮਾਝ ਕੀ)(੧੪੫)

ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ।। ਕੂੜੁ ਅਮਾਵਸ, ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।। ਹਉ ਭਾਲਿ ਵਿਕੁੰਨੀ ਹੋਈ।। ਆਧੇਰੈ ਰਾਹੁ ਨ ਕੋਈ।। ਵਿਚਿ ਹਉਮੈ ਕਰਿ ਦੁਖੁ ਰੋਈ।। ਕਹੁ ਨਾਨਕ ਕਿਨਿ ਬਿਧਿ ਗਤਿ ਹੋਈ।।੧।।੧੬।।

ਅਸੂਲ ਤੋਂ ਬਿਨਾਂ ਕਦੇ ਵੀ ਚਲਿਆ ਨਹੀਂ ਜਾ ਸਕਦਾ। "ਲੀਹਾਂ ਅੰਦਰ ਚਲਣਾ, ਜਿਉਂ ਗਾਡੀ ਰਾਹੁ।। ਹੁਕਮਿ ਰਜਾਈਂ ਚਲਣਾ ਸਾਧ ਸੰਗਤਿ ਨਿਵਾਹੁ।।" ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਤੋਂ ਸਾਫ ਜ਼ਾਹਰ ਹੈ ਕਿ ਧਰਮ ਅਤੇ ਸਚ ਦੇ ਪ੍ਰਚਾਰ ਲਈ ਧਰਮੀ ਅਤੇ ਸੂਚੇ ਬੰਦੇ ਹੋਣੇ ਜ਼ਰੂਰੀ ਹਨ, ਜੋ ਆਪ ਕੁਮਾਈ ਕਰ ਕੇ ਦਿਖਾਉਣ ਨਾ ਕਿ ਕੇਵਲ ਗੱਲਾਂ ਬਾਤਾਂ ਹੀ ਕਰਨ। ਗੁਰੂ ਨਾਨਕ ਦੇਵ ਜੀ "ਜਪੁ ਜੀ ਸਾਹਿਬ" ਵਿਚ ਲਿਖਦੇ ਹਨ:—

"ਪੰਚੇ ਸੋਹਹਿ ਦਰਿ ਰਾਜਾਨੁ।।"

ਭਾਵ ਰਾਜ ਦਰਬਾਰ ਦੇ ਕੰਮਾਂ ਵਿਚ ਕੇਵਲ ਸੰਤ (ਧਰਮੀ) ਲੋਕ ਹੀ ਸੋਹਣੇ ਲਗਦੇ ਹਨ। ਇਹ ਹੈ ਗੁਰੂ ਨਾਨਕ ਦੇਵ ਜੀ ਦੀ ਸਾਫ ਅਤੇ ਸਪਸ਼ਟ ਧਰਮੀ ਰਾਜਨੀਤੀ। ਆਉ ਜਰਾ ਆਪਾਂ ਉਸ ਸਮੇਂ ਉਪਰ ਝਾਤੀ ਮਾਰੀਏ ਜਦੋਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਬਾਬਰ ਨੇ ਹਿੰਦੋਸਤਾਨ ਉਪਰ ਹਮਲਾ ਕੀਤਾ ਅਤੇ ਹਿੰਦੋਸਤਾਨ ਵਿਚ ਬਹੁਤ ਭਾਰੀ ਰਾਜ ਪਲਟਾ ਆਇਆ ਤਾਂ ਗੁਰੂ ਜੀ ਨੇ ਕਿੰਨਾਂ ਸਾਫ ਅਤੇ ਸ੍ਰਪਸ਼ਟ ਮੌਕੇ ਉਪਰ ਲੋਕਾਂ ਨੂੰ , ਮੌਕੇ ਦੇ ਹਾਕਮਾਂ ਨੂੰ ਹਮਲਾਵਰ ਨੂੰ ਇਥੋਂ ਤਕ ਕਿ ਪਰਮਾਤਮਾਂ ਨੂੰ ਵੀ ਕਿਹਾ :—

"ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨੁ ਡਰਾਇਆ।। ਆਪੈ ਦੋਸ ਨ ਦਈ ਕਰਤਾ, ਜਮੁ ਕਰਿ ਮੁਗਲੁ ਚੜਾਇਆ।। ਏਤੀ ਮਾਰ ਪਈ ਕੁਰਲਾਣੇ,ਤੈਂ ਕੀ ਦਰਦੁ ਨ ਆਇਆ।।੧।।ਕਰਤਾ ਤੂੰ ਸਭਨਾ ਕਾ ਸੋਈ।। ਜੇ ਸਕਤਾ ਸਕਤੇ ਕਉ ਮਾਰੇ,ਤਾ ਮਨਿ ਰੋਸ ਨ ਹੋਈ।।੧।।ਰਹਾਉ।। ਸਕਤਾ ਸੀਹੁ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ।। ਰਤਨ ਵਿਗਾੜਿ ਵਿਗੋਏ ਕੁਤੀ, ਮੁਇਆ ਸਾਰ ਨ ਕਾਈ।। ਆਪੇ ਜੋੜਿ ਵਿਛੋੜੇ ਆਪੇ,ਵੇਖੁ ਤੇਰੀ ਵਡਿਆਈ।।੨।। ਜੇ ਕੋ ਨਾਉ ਧਰਾਏ ਵਡਾ, ਸਾਦ ਕਰੇ ਮਨਿ ਭਾਣੇ।। ਖਸਮੈ ਨਦਰੀ ਕੀੜਾ ਆਵੈ,ਜੇਤੇ ਚੁਗੈ ਦਾਣੈ।। ਮਰਿ ਮਰਿ ਜੀਵੈ ਤਾ ਕਿਛੁ ਪਾਏ, ਨਾਨਕ ਨਾਮੁ ਵਖਾਣੈ।।੩।।੫।।੩੯।।

ਭਾਵ:— ਹੇ ਪਰਮਾਤਮਾਂ ਤੂੰ ਖੁਰਾਸਾਨ ਨੂੰ ਤਾਂ ਬਚਾ ਲਿਆ ਸੀ, ਪਰ ਹਿੰਦੁਸਤਾਨ ਨੂੰ ਡਰਾ ਦਿਤਾ ਹੈ। ਤੂੰ ਆਪ ਸਭ ਕੁਝ ਦਾ ਜੁਮੇਵਾਰ ਹੈਂ, ਪਰ ਆਪ ਦੋਸੀ ਨਾ ਬਣਿਆ,ਕਿਉਂਕਿ ਮੁਗਲਾਂ ਨੂੰ ਜਮਾਂ ਦਾ ਰੂਪ ਦੇ ਕੇ ਸਾਡੇ ਉਪਰ ਹਮਲਾ ਕਰਵਾਇਆ। ਇਨੀ ਮਾਰ ਪਈ, ਲੋਕ ਕੁਰਲਾ ਉਠੇ,ਕੀ ਤੈਨੂੰ ਦਰਦ ਨਹੀਂ ਆਇਆ ? ਹੇ ਪਰਮਾਤਮਾਂ ਤੂੰ ਸਾਰਿਆਂ ਦਾ ਮਾਲਕ ਹੈਂ (ਜਿਨ੍ਹਾਂ ਮੁਗਲਾਂ ਦਾ ਹੈਂ ਉਨ੍ਹਾਂ ਹੀ ਹਿੰਦੂਆਂ ਦਾ ਵੀ) ਜੇ ਕਰ ਬਰਾਬਰ ਦੀ ਤਾਕਤ ਵਾਲਾ ਆਪਣੇ ਬਰਾਬਰ ਦੀ ਤਾਕਤ ਵਾਲੇ ਨੂੰ ਮਾਰਦਾ ਤਾਂ ਮੈਨੂੰ ਕੋਈ ਰੋਸ ਨਾ ਆਉਂਦਾ ਪਰ ਜੇ ਕਰ ਤਾਕਤ ਵਾਲਾ ਸ਼ੇਰ , ਗਾਵਾਂ ਦੇ ਵੱਗ ਉਪਰ ਆ ਪਵੇ ਤਾਂ ਮਾਲਕ ਤੋਂ ਪੁੱਛ ਹੁੰਦੀ ਹੈ ਕਿ ਤੂੰ ਕਿੱਥੇ ਸੀ। ਇਨ੍ਹਾਂ ਕੁਤਿਆਂ ਨੇ ਹੀਰਿਆਂ ਵਰਗਿਆਂ ਆਦਮੀਆਂ ਨੂੰ ਮਿਟੀ ਵਿਚ ਰੋਲਿਆ ਹੈ , ਮਰਿਆਂ ਦੀ ਕੋਈ ਗਿਣਤੀ ਨਹੀਂ ਪਾ ਸਕਦਾ। ਇਹ ਜੋੜਨਾ ਅਤੇ ਵਿਛੋੜਨਾ ਤੁਸੀਂ ਆਪ ਹੀ ਕਰ ਰਿਹਾ ਹੈਂ, ਇਹ ਤੇਰਾ ਭਾਣਾ ਹੈ ਤੇ ਠੀਕ ਹੈ, ਸਗੋਂ ਇਹ ਤੇਰੀ ਵੱਡਿਆਈ ਹੈ। ਜੇ ਕਰ ਕੋਈ ਪੁਰਸ਼ ਵੱਡਾ ਬਣਿਆ ਫਿਰਦਾ ਰਹੇ, ਮਨ ਭਾਉਂਦੇ ਖਾਣਿਆਂ ਦੇ ਸੁਆਦ ਮਾਣੇ। ਪ੍ਰਮਾਤਮਾਂ ਦੀ ਨਜ਼ਰ ਵਿਚ ਤਾਂ ਕੀੜਾ ਵੀ ਆ ਜਾਂਦਾ ਹੈ ਅਤੇ ਉਹ ਦਾਣੇ ਵੀ ਜਿਹੜੇ ਉਹ ਚੁਗਦਾ ਹੈ (ਫਿਰ ਅਸਲ ਜੀਵਨ ਕੀ ਹੈ) ਜੀਵਤ ਭਾਵ ਤੋਂ ਮਰ ਕੇ ਜੋ ਅਸਲ ਜੀਵਨ ਜਿਉਂਦਾ ਹੈ, ਉਹੋ ਜੀਵਨ ਦੀ ਰਮਜ਼ ਲਭਦਾ ਹੈ , ਹੇ ਨਾਨਕ ਉਹ ਪ੍ਰਮਾਤਮਾਂ ਦਾ ਨਾਮ ਹੀ ਜਪਦਾ ਹੈ।

ਇਸ ਸ਼ਬਦ ਦਾ ਪਛੋਕੜ ਇਉਂ ਹੈ ਕਿ ਬਾਬਰ ਨੇ ਪਹਿਲਾਂ ਆਪਣੇ ਅਸਲੀ ਵਤਨ ਖੁਰਾਸਾਨ ਤੇ ਹਮਲਾ ਕੀਤਾ ਸੀ, ਪਰ ਉਥੋਂ ਨਿਰਾਸ਼ਾ ਮੁੜਿਆ ਅਤੇ ਕਮਜ਼ੋਰ ਹਿੰਦੁਸਤਾਨ ਉਪਰ ਚੜ੍ਹ ਆਇਆ। ਜਿਥੇ ਉਸ ਨੇ ਮੈਦਾਨ ਛੇਤੀ ਹੀ ਸਾਫ ਕਰ ਲਿਆ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਅਤਿਆਚਾਰਾਂ ਨੂੰ ਅੱਖੀਂ ਦੇਖਿਆ ਸੀ, ਸ਼ਬਦ ਉਨ੍ਹਾਂ ਦੇ ਦਿਲ ਦੀ ਦਰਦ ਭਰੀ ਪੁਕਾਰ ਸੀ। ਬਾਬਰ ਦੇ ਉਸ ਕੀਤੇ ਜ਼ੁਲਮ ਨੂੰ ਦੇਖ ਕੇ ਉਸ ਦੀ ਫੌਜ ਨੂੰ "ਪਾਪ ਕੀ ਜੰਞ ਲੈ ਕਾਬਲਹੁ ਧਾਇਆ" ਅਤੇ "ਰਤੁ ਕਾ ਕੰਗੂ ਪਾਇ ਵੇ ਲਾਲੋ" ਆਦਿ ਇਥੋਂ ਤਕ ਕਿ ਕੁੱਤੇ ਭੀ ਆਖਿਆ ਹੈ।

ਗੁਰੂ ਨਾਨਕ ਦੇਵ ਜੀ ਨਾ ਤਾਂ ਬਾਬਰ ਦੇ ਵਿਰੋਧੀ ਸਨ ਅਤੇ ਨਾ ਹੀ ਕਿਸੇ ਦੇਸ਼ ਦੇ ਵਿਰੋਧੀ ਸਨ। ਉਨ੍ਹਾਂ ਨੇ ਮੌਕੇ ਉਪਰ ਜੋ ਕੁਝ ਦੇਖਿਆ, ਸੱਚ ਸੱਚ ਬਿਆਨ ਕੀਤਾ। ਜੇ ਕਰ ਸੱਚ ਬੋਲਦਿਆਂ ਗੁਰੂ ਜੀ ਨੂੰ ਬਾਬਰ ਦੀ ਕੈਦ ਵਿਚ ਚੱਕੀ ਚਲਾਉਣੀ ਪਈ , ਉਸ ਦਾ ਬੁਰਾ ਨਹੀਂ ਮਨਾਇਆ ਸਗੋਂ ਸਮੇਂ ਦੇ ਪੈਦਾ ਹੋਏ ਹਾਲਾਤਾਂ ਦਾ ਜ਼ੁਮੇਵਾਰ ਕੌਣ ਸੀ ਅਤੇ ਕਿਵੇਂ ਉਹ ਹਾਲਾਤ ਪੈਦਾ ਹੋਏ ਉਨ੍ਹਾਂ ਦਾ ਵਿਖਿਆਨ ਕੀਤਾ, ਜੋ ਹੁਣ ਸਾਡੇ ਲਈ ਅੱਗੇ ਵਾਸਤੇ ਰਸਤਾ —

"ਇਕੁ ਲਖੁ ਲਹਨਿ ਬਹਿਠੀਆਂ, ਲਖੁ ਲਹਨਿ ਖੜੀਆਂ।।
ਗਰੀ ਛੁਆਰੇ ਖਾਂਦੀਆਂ ਮਾਣਨਿ ਸੇਜੜੀਆਂ ॥
ਤਿਨ ਗਲਿ ਸਿਲਕਾ ਪਾਈਆ, ਤੂਟਨਿ ਮੋਤਸਰੀਆ ।।੩।। ਅਤੇ
ਅਗੋਦੇ ਜੇ ਚੇਤੀਐ, ਤਾ ਕਾਇਤ ਮਿਲੈ ਸਜਾਇ ॥
ਸਾਹਾਂ ਸੁਰਤਿ ਗਵਾਈਆ, ਰੰਗ ਤਮਾਸੈ ਚਾਇ ॥
ਬਾਬਰਬਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ।।੫।।
ਇਕਨਾ ਵਖਤ ਖੁਆਈਅਹਿ, ਇਕਨਾ ਪੂਜਾ ਜਾਇ ॥
ਚਉਕੇ ਵਿਣੁ ਹਿੰਦਵਾਣੀਆ, ਕਿਉ ਟਿਕੇ ਕਢਹਿ ਨਾਇ।।
ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥

ਬਾਬਰ ਦੇ ਹਮਲੇ ਤੋਂ ਪਹਿਲਾਂ ਹਿੰਦੁਸਤਾਨ ਦੇ ਰਾਜੇ ਅਤੇ ਜੰਤਾ ਕੀ ਕਰਦੀ ਸੀ ਅਤੇ ਬਾਬਰ ਨੇ ਹਮਲਾ ਕਰਕੇ ਜਿੱਤ ਪ੍ਰਾਪਤ ਕਰਕੇ ਕੀ ਹਾਲਾਤ ਬਣਾ ਦਿਤੇ ? ਵੱਡਾ ਕਾਰਨ ਸੀ ਕਿ ਪ੍ਰਬੰਧਕ ਰੱਬ ਨੂੰ ਭੁਲ ਕੇ ਆਪਣੇ ਫਰਜ਼ਾਂ ਨੂੰ ਭੁਲ ਕੇ ਐਸ਼ੋ ਇਸ਼ਰਤ ਵਿਚ ਲਗੇ ਹੋਏ ਸਨ। "ਇਸੁ ਜ਼ਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ।।
ਜਿਸ ਨੋ ਆਪਿ ਖੁਆਏ ਕਰਤਾ, ਖੁਸਿ ਲਏ ਚੰਗਿਆਈ।।"

ਗੁਰੂ ਜੀ ਨੇ ਬਿਮਾਰੀ ਦੀ ਠੀਕ ਜੜ੍ਹ ਫੜੀ ਅਤੇ ਉਸਦਾ ਠੀਕ ਇਲਾਜ ਦਸਿਆ। ਹੁਣ ਤਾਂ ਆਪਾਂ ਵਿਚਾਰਨਾ ਹੈ ਕਿ ਅਸੀਂ ਇਲਾਜ ਕਰਨਾ ਹੈ ਜਾਂ ਕਿ ਪਠਾਣਾਂ ਵਾਗੂੰ ਹੀ ਮਾਇਆ ਇਕੱਠੀ ਕਰਕੇ ਐਸ਼ੋ ਇਸ਼ਰਤ ਹੀ ਕਰਨੀ ਹੈ, ਜਨਤਾ ਦਾ ਭਲਾ ਨਹੀਂ ਕਰਨਾ, ਯੋਗ ਪ੍ਰਬੰਧ ਨਹੀਂ ਕਰਨੇ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਕੌਮ ਨੂੰ ਆਖਰੀ ਪਿਉਂਦ ਦਿਤੀ ਅਤੇ ਸਿੰਘ ਨੂੰ ਰਾਜਾ ਯੋਗੀ ਬਣਾਇਆ। ਭਿਖਾਰੀ ਨਹੀਂ ਦਾਤਾ ਬਣਾਇਆ। ਜਦੋਂ ਸਿੰਘ ਸੰਗਤਾਂ ਦੀ ਸੇਵਾ ਵਿਚ ਜੁਟਦਾ ਹੈ ਤਾਂ ਸੇਵਾ ਲਈ ਬਲ ਵਾਹਿਗੁਰੂ ਜੀ ਆਪ ਬਖਸ਼ਦੇ ਹਨ। ਪਰ ਜਦੋਂ ਸਿੰਘ ਕਿਸੇ ਇਕ ਗਰੁਪ ਜਾਂ ਧੜੇ ਦੇ ਅਸੂਲਾਂ ਲਈ ਧਰਮ ਦੇ ਨਾਮ ਥੱਲੇ ਕੁਝ ਕਰ ਰਿਹਾ ਹੁੰਦਾ ਹੈ ਤਾਂ ਉਸ ਨੂੰ ਭਿਖਾਰੀ ਬਣ ਕੇ ਕਿਸੇ ਧੜੇ ਤੋਂ ਹੀ ਮੰਗਣਾ ਪੈਂਦਾ ਹੈ। ਇਹ ਧਰਮੀ-ਰਾਜਨੀਤੀ ਨਹੀਂ ਸਗੋਂ ਇਕ ਧੜਾ ਪਾਲੂ ਰਾਜਨੀਤੀ ਰਹਿ ਜਾਂਦੀ ਹੈ। ਜਿਸ ਨਾਲ ਕੌਮ ਦਾ ਕੁਝ ਨਹੀਂ ਸਵਾਰਿਆ ਜਾਂਦਾ ਸਗੋਂ ਇਕ ਧੜੇ ਨੂੰ ਮਜਬੂਤ ਕਰਕੇ ਕੌਮ ਦੇ ਸਿਰ ਉਪਰ ਮਜਬੂਰਨ ਠੋਸਿਆ ਜਾਂਦਾ ਹੈ, ਜੋ ਬਾਦ੍ਹ ਵਿਚ ਆਪਣੀ ਕੁਰਸੀ ਬਰ-ਕਰਾਰ ਰਖਣ ਲਈ ਕੌਮ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਆਪਣੇ ਸਵਾਰਥ ਪੂਰੇ ਕਰਦਾ ਰਹਿੰਦਾ ਹੈ।

ਅਸੀਂ ਦੁਨੀਆਂ ਵਿਚ ਕਿਸੇ ਮਨੁਖ ਨੂੰ ਦਾਹਵੇ ਨਾਲ ਪੂਰਨ ਨਹੀਂ ਕਹਿ ਸਕਦੇ ।ਆਦਮੀ ਵਿਚ ਚੰਗਿਆਈਆਂ ਵੱਧ ਹੋਣ ਤਾਂ ਆਦਮੀ ਦੇਖਣ ਨੂੰ ਚੰਗਾ ਲਗਣ ਲਗ ਜਾਂਦਾ ਹੈ ਪਰ ਇਹ ਨਹੀਂ ਚਾਹੀਦਾ ਕਿ ਉਸ ਦੀਆਂ ਬੁਰਿਆਈਆਂ ਨੂੰ ਵੀ ਅਪਨਾਉਣਾ ਸ਼ੁਰੂ ਕਰ ਦੇਵੋ, ਸਗੋਂ ਉਨ੍ਹਾਂ ਦਾ ਸੁਧਾਰ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ। ਸੱਚ ਨੂੰ ਸੱਚ ਕਹਿਣਾ ਅਤੇ ਉਸ ਦੀ ਹਮਾਇਤ ਕਰਨਾ ਹੀ ਧਰਮੀ ਰਾਜਨੀਤੀ ਹੈ। ਜਦੋਂ ਸ੍ਰੀ ਗੁਰੂ ਅਰਜਣ ਦੇਵ ਜੀ ਨੂੰ ਤੱਤੀਆਂ ਤਵੀਆਂ ਉਪਰ ਬਿਠਾ ਕੇ ਤਸੀਹੇ ਦਿਤੇ ਜਾ ਰਹੇ ਸਨ ਤਾਂ ਮੀਆਂ ਮੀਰ ਸਾਈਂ ਜੀ ਨੇ ਜ਼ਾਲਮਾਂ ਦੀ ਪਰਵਾਹ ਨਾ ਕਰਦੇ ਹੋਏ, ਗੁਰੂ ਜੀ ਉਪਰ ਕੀਤੇ ਜਾ ਰਹੇ ਜ਼ੁਲਮਾਂ ਦੀ ਨਿਖੇਦੀ ਕੀਤੀ ਅਤੇ ਗੁਰੂ ਜੀ ਦੇ ਸਟੈਂਡ ਦੀ ਹਮਾਇਤ ਕੀਤੀ।

ਸਭ ਜਾਣਦੇ ਹਨ ਕਿ ਔਰੰਗਜ਼ੇਬ ਨੇ ਕੀ ਕੀ ਜ਼ੁਲਮ ਗੁਰੂ ਸਾਹਿਬ ਜੀ ਦੇ ਪ੍ਰਵਾਰ ਉਪਰ ਕੀਤੇ। ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ, ਪਿਆਰੇ ਸਿੱਖਾਂ ਮਾਤਾ, ਪਿਤਾ ਨੂੰ ਔਰੰਗਜ਼ੇਬ ਦੀ ਜ਼ੁਲਮੀ ਤਲਵਾਰ ਨੇ ਸ਼ਹੀਦ ਕੀਤਾ, ਪਰ ਮੌਕਾ ਆਉਣ ਤੇ ਔਰੰਗਜ਼ੇਬ ਦਾ ਪੁੱਤਰ ਬਹਾਦਰ ਸ਼ਾਹ ਜਦੋਂ

(ਬਾਕੀ ਸਫ਼ਾ 19 ਤੇ)

TOOR SPICES&FOODS LTD.

6569 FRASER st VENCOUVER B . C. PH .324 - 3432

ਤੂਰ ਸਪਾਈਸਜ਼ ਐਂਡ ਫੂਡਜ਼ ਲਿਮ: ਤੋਂ ਤੁਹਾਨੂੰ ਭਾਰਤੀ ਗਰੌਸਰੀ ਵਧੀਆ, ਅਤੇ ਸਾਫ ਸੁਥਰੀ ਮਿਲ ਸਕਦੀ ਹੈ

# ਮੁਹੱਬਤਨਾਮੇ



## ਅਣਖੀ ਜੀ ਦੇ ਚਰਨ ਕਮਲਾਂ ਵਿਚ

ਪਿਆਰੇ ਅਣਖੀ ਜੀਓ,

ਆਪ ਜੀ ਦੇ ਚਰਨ ਕਮਲਾਂ ਵਿਚ ਇਕ ਜੋਦੜੀ ਕਰਨ ਲੱਗਾਂ। ਆਸ ਹੈ ਆਪ ਠੰਡੇ ਦਿਲ ਨਾਲ ਸੁਣੋਗੇ ਅਤੇ ਇਸਦਾ ਬੁਰਾ ਨਹੀਂ ਮਨਾਉਗੇ। ਆਪ ਜੀ ਨੂੰ ਪਿਛਲੇ ਕਾਫੀ ਸਾਲਾਂ ਤੋਂ ਕਾਮਰੇਡ ਕਰਕੇ ਜਾਣਿਆ ਜਾਂਦਾ ਹੈ। ਮੈਂ ਵੀ ਆਪਣੀ ਹਰਮਨ ਪਿਆਰੀ ਪਾਰਟੀ ਦਾ ਇਕ ਹਮਦਰਦ ਕਹਾਉਂਦਾ ਹਾਂ। ਉਂਜ ਤਾਂ ਕਾਮਰੇਡ ਵੀ ਕਈ ਤਰ੍ਹਾਂ ਦੇ ਹੁੰਦੇ ਹਨ। ਇਕਨਾ ਨੂੰ ਲੋਕੀਂ ਕਾਮਰੇਡ ਕਹਿਣ ਲਗ ਜਾਂਦੇ ਹਨ ਉਦਾਂ ਉਹ ਨਿਕੰਮੇ ਕਾਂਗਰਸੀ ਨਾਲੋਂ ਵੀ ਭੈੜੇ ਹੁੰਦੇ ਹਨ। ਇਕ ਕਾਮਰੇਡ ਵਿਹਲੇ ਹੋਣ ਕਰਕੇ ਬਣ ਜਾਂਦੇ ਹਨ। ਜਿਵੇਂ ਕਹਿੰਦੇ ਹਨ "ਮੁਕ ਗਏ ਘੜੇ ਦੇ ਦਾਣੇ, ਬਣ ਗਏ ਸਿੰਘ ਸਭੀਏ"। ਇਕ ਕਮਿਊਨਿਸਟ ਸਹੀ ਅਰਥਾਂ ਵਿਚ ਕਮਿਊਨਿਸਟ ਹੁੰਦੇ ਹਨ—ਇਖਲਾਕ ਦੇ ਉਚੇ, ਜ਼ਬਾਨ ਦੇ ਸੁਚੇ ਅਤੇ ਪੱਕੇ, ਈਮਾਨਦਾਰ, ਦਿਲ ਦਰਿਆ, ਕਮਿਊਨਿਸਟ ਸਿਧਾਂਤਾਂ ਦੇ ਪੱਕੇ, ਨਿਰਮਾਣ, ਧੀਰਜਵਾਨ ਅਤੇ ਮਿਲਾਪੜੇ। ਤੁਹਾਡੇ ਬਾਰੇ ਸਮਝ ਨਹੀਂ ਲੱਗੀ ਕਿ ਤੁਸੀਂ ਕਿਸ ਤਰ੍ਹਾਂ ਦੇ ਹੋ?

ਮੈਂ 14 ਅਕਤੂਬਰ ਦਾ "ਕੈਨੇਡਾ ਦਰਪਣ" ਪੜ੍ਹਿਆ ਜਿਸ ਵਿਚ ਤੁਸੀਂ ਸੂਫੀ ਦੇ ਲੇਖ ਉਪਰ ਨੁਕਤਾਚੀਨੀ ਹੀ ਨਹੀਂ ਕੀਤੀ ਸਗੋਂ ਬੜੇ ਭੱਦੇ ਤੇ ਨਿਕੰਮੇ ਸ਼ਬਦ ਵਰਤੇ ਹਨ। ਤੁਹਾਡੇ ਜੇਹੇ ਲੋਕਾਂ ਤੋਂ ਅਜੇਹੀ ਆਸ ਨਹੀਂ ਕੀਤੀ ਜਾ ਸਕਦੀ ਸੀ। ਜਾਂ ਇਹ ਕਹਿ ਸਕਦੇ ਹਾਂ ਕਿ ਅਸੀਂ ਤੁਹਾਨੂੰ ਕੁਝ ਹੋਰ ਸਮਝਦੇ ਰਹੇ ਤੁਸੀਂ ਕੁਝ ਹੋਰ ਹੀ ਨਿਕਲੇ। ਆਖਣ ਨੂੰ ਤਾਂ ਤੁਸੀਂ ਸੂਫੀ ਦੀ ਸਿਧਾਂਤਕ ਸੋਚ ਉਪਰ ਹਮਲਾ ਕੀਤਾ ਹੈ। ਪਰ ਅਸਲ ਵਿਚ ਤੁਸੀਂ ਆਪਣੀ ਸਿਧਾਂਤਕ ਸੋਚ ਦਾ ਦੀਵਾਲਾ ਕੱਢ ਬੈਠੇ। ਮੈਂ ਤੁਹਾਡਾ ਲੇਖ ਪੜ੍ਹਨ ਤੋਂ ਮਗਰੋਂ ਸੂਫੀ ਦਾ 23 ਸਤੰਬਰ ਨੂੰ ਲਿਖਿਆ ਲੇਖ ਪੜ੍ਹਿਆ, ਜਿਸ ਨੂੰ ਪੜ੍ਹ ਕੇ ਭਾਰਤ ਸਰਕਾਰ ਦੀ ਕਰਤਾ ਧਰਤਾ ਲੋਕ ਵਿਰੋਧੀ ਕਾਂਗਰਸ ਦਾ ਖਾਸਾ ਨੰਗਾ ਹੁੰਦਾ ਹੈ। ਪਰ ਤੁਹਾਡਾ ਲੇਖ ਪੜ੍ਹਕੇ ਕਿਸੇ ਸਿਧਾਂਤ ਦੀ ਸਮਝ ਪੈਣੀ ਤਾਂ ਇਕ ਪਾਸੇ ਸਗੋਂ ਇਹ ਪ੍ਰਗਟ ਹੁੰਦਾ ਹੈ ਕਿ ਤੁਸੀਂ ਸਾਰੀ ਉਮਰ ਕਦੀ ਸੰਜੀਦਗੀ ਨਾਲ ਮਾਰਕਸਵਾਦੀ ਸਿਧਾਂਤ ਦੀ ਕੋਈ ਕਿਤਾਬ ਹੀ ਨਹੀਂ ਪੜ੍ਹੀ ਹੁੰਦੀ। ਤੁਹਾਨੂੰ ਸ਼ਾਇਦ ਸਾਰੀ ਉਮਰ ਕਮਿਊਨਿਸਟ ਬਣਨ ਦਾ ਸ਼ੌਕ ਤਾਂ ਰਿਹਾ ਹੈ ਪਰ ਤੁਸੀਂ ਨਾ ਕਮਿਊਨਿਸਟ ਹੀ ਬਣੇ, ਨਾ ਕਮਿਊਨਿਜ਼ਮ ਨੂੰ ਸਮਝ ਸਕੇ। ਇਹ ਕੋਈ ਵੱਡਾ ਅਪਰਾਧ ਨਹੀਂ ਹੈ। ਮੈਂ ਹੋਰ ਵੀ ਬਹੁਤ ਇਹੋ ਜਿਹੇ ਲੋਕ ਵੇਖੇ ਹਨ ਜੋ ਸੱਜੇ ਕਮਿਊਨਿਸਟ, ਖੱਬੇ ਕਮਿਊਨਿਸਟ, ਨਕਸਲਾਈਟ ਆਦਿ ਅਖਵਾਉਂਦੇ ਹਨ ਪਰ ਵਿਚਾਰਿਆਂ ਨੂੰ ਮੁਢਲੇ ਸਿਧਾਂਤਾਂ ਦੀ ਸਮਝ ਨਹੀਂ ਪਈ ਇਹ ਮਸਲਾ ਕੁਝ ਗੰਭੀਰ ਹੀ ਹੈ। ਜਿੰਨਾ ਚਿਰ ਕੋਈ ਅਮਲੀ ਰੂਪ ਵਿਚ ਕਮਿਊਨਿਸਟ ਬਣਨ ਦਾ ਯਤਨ ਜਾਰੀ ਨਹੀਂ ਰੱਖਦਾ ਉਸ ਵਿਚ ਕਮਿਊਨਿਸਟਾਂ ਵਾਲੇ ਗੁਣ ਪੈਦਾ ਨਹੀਂ ਹੁੰਦੇ। ਕੋਈ ਬੰਦਾ ਪੂਰਨ ਕਮਿਊਨਿਸਟ ਭਾਵੇਂ ਔਖਾ ਹੀ ਬਣਦਾ ਹੈ ਪਰ ਜੇਕਰ ਕਿਸੇ ਹੱਦ ਤੱਕ ਵੀ ਕਮਿਊਨਿਸਟ ਬਣ ਜਾਏ ਤਾਂ ਵੀ ਉਹ ਆਮ ਲੋਕਾਂ ਨਾਲੋਂ ਵਖਰੀ ਤਰਾਂ ਅਮਲ ਕਰੇਗਾ।

ਤੁਹਾਨੂੰ ਮੈਂ ਕਮਿਊਨਿਸਟ ਵਿਰੋਧੀ ਤਾਂ ਆਖ ਨਹੀਂ ਸਕਦਾ ਕਿਉਂਕਿ ਤੁਹਾਡੀਆਂ ਹਮਦਰਦੀਆਂ ਮਾਰਕਸਵਾਦੀ ਪਾਰਟੀ ਨਾਲ ਹਨ ਪਰ ਤੁਸੀਂ ਲੇਖ ਲਿਖ ਕੇ ਜੋ ਕੀਤਾ ਹੈ ਉਹ ਪਾਰਟੀ ਨੂੰ ਅਤੇ ਆਪਣੀ ਪਾਰਟੀ ਦੇ ਮੈਂਬਰ ਨੂੰ ਲੋਕਾਂ ਵਿਚ ਡੇਗਣ ਲਈ ਹੀ ਕੀਤਾ ਹੈ। ਜੇ ਤੁਹਾਨੂੰ ਪਾਰਟੀ ਦੇ ਸਿਧਾਂਤ ਦੇ ਨਾਂ ਲਈ ਇਹ ਕਰਨਾ ਪਿਆ ਤੇ ਤੁਸੀਂ ਸੂਫੀ ਦੇ ਲੇਖ ਵਿਚੋਂ ਕੋਈ ਲੁਕੀ ਹੋਈ ਗੈਰ ਮਾਰਕਸੀ ਸ਼ਰਾਰਤ ਦੇਖ ਲਈ ਤਾਂ ਤੁਹਾਨੂੰ ਆਪੇ ਉਭਾਰਿਆ ਦਿਓ ਕੱਦ ਵਿਰੋਧ ਦਾ ਦੈਂਤ ਰੂਪ ਨਜ਼ਰ ਨਾ ਆਇਆ। ਇਸਤੋਂ ਸਿੱਧ ਹੁੰਦਾ ਹੈ ਕਿ ਤੁਸੀਂ ਸੰਜੀਦਗੀ ਨਾਲ ਮਾਰਕਿਸਟ ਕਹਾਉਣ ਦੀ ਵੀ ਕੋਸ਼ਿਸ਼ ਨਹੀਂ ਕੀਤੀ।

ਅਣਖੀ ਜੀ ਤੁਸੀਂ ਆਪਣੇ ਦਿਲ ਉਪਰ ਹੱਥ ਰੱਖਕੇ ਜ਼ਰਾ ਵਿਚਾਰੋ ਕਿ ਤੁਹਾਡਾ ਸੂਫੀ ਨਾਲ ਕੀ ਵਿਰੋਧ ਹੈ? ਤੇ ਕੀ ਉਹ ਤੁਹਾਡੀ ਵਿਰੋਧਤਾ ਕਰਦਾ ਹੈ? ਜਾਂ ਤੁਸੀਂ ਉਸ ਨੂੰ ਉਸ ਤਰ੍ਹਾਂ ਹੀ ਪਸੰਦ ਨਹੀਂ ਕਰਦੇ। ਨਾ ਪਸੰਦ ਕਰਨ ਦਾ ਵੀ ਕੋਈ ਕਾਰਨ ਹੁੰਦਾ ਹੈ। ਤੁਸੀਂ ਸੂਫੀ ਨਾਲ ਸਿੱਧੀ ਗੱਲ ਕਰੋ ਜਾਂ ਸਾਥੀਆਂ ਦੀ ਮੀਟਿੰਗ ਵਿਚ ਰੱਖੋ। ਇਸ ਬਾਰੇ ਈਮਾਨਦਾਰੀ ਨਾਲ ਸੋਚੋ। ਜੇ ਤੁਸੀਂ ਇਉਂ ਕਰਕੇ ਆਪਣੀ ਗਲਤੀ ਮਹਿਸੂਸ ਕਰਦੇ ਤਾਂ ਜ਼ਰੂਰ ਮੰਨ ਲਵੋ। ਪਰ ਤੁਸੀਂ ਆਪਦੀ ਪਾਰਟੀ ਦੇ ਨਾਂ ਨੂੰ ਜੋ ਨੁਕਸਾਨ ਪਹੁੰਚਾਇਆ ਹੈ ਅਤੇ ਆਪਣਾ ਅਸਲੀ ਰੂਪ ਮੇਰੇ ਵਰਗੇ ਲੋਕਾਂ ਨੂੰ ਦਿਖਾਇਆ ਹੈ ਉਹ ਸਾਡੇ ਮਨਾਂ ਉਪਰ ਉਕਰ ਗਿਆ ਹੈ। ਤੁਸੀਂ ਆਪਣੇ ਲੇਖ ਵਿਚ ਮੁਸਲਮਾਨ ਦੇ ਜਨਾਜ਼ੇ ਨੂੰ ਮੜ੍ਹੀਆਂ ਦੇ ਰਾਹ ਅਤੇ ਹਿੰਦੂ ਦੀ ਅਰਥੀ ਨੂੰ ਕਬਰਾਂ ਵੱਲ ਲਿਜਾਣ ਦੀ ਮਿਸਾਲ ਦਿੱਤੀ ਹੈ। ਇਕ ਕਿਮਊਨਿਸਟ ਕਹਾਉਦ ਵਾਲੇ ਸਿਧਾਂਤਕਾਰ ਨੂੰ ਅਜੇਹੀ ਮਜ਼ਹਬੀ ਦਲਦਲ ਦੀ ਦਲੀਲ ਦਿੰਦਿਆਂ ਦੇਖਕੇ ਮਨ ਨੂੰ ਦੁੱਖ ਹੋਇਆ ਹੈ।

ਤੁਸੀਂ ਇਹ ਲੇਖ ਲਿਖ ਕੇ ਕੋਈ ਮਾਰ੍ਹਕਾ ਨਹੀਂ ਮਾਰਿਆ ਸਗੋਂ ਤੁਹਾਡੇ ਬਾਰੇ ਲੋਕਾਂ ਦੇ ਮਨਾਂ ਵਿਚ ਖਾਸ ਕਰਕੇ ਮੇਰੇ ਮਨ ਵਿਚ ਜੋ ਇਜ਼ਤ ਸੀ ਤੁਸੀਂ ਗਵਾ ਲਈ ਹੈ। ਕਿੰਨਾ ਚੰਗਾ ਹੁੰਦਾ ਤੁਸੀਂ ਸੂਫੀ ਵਾਲੇ ਲੇਖ ਉਪਰ ਹੋਰ ਵਿਸਥਾਰ ਪੂਰਬਕ ਲੇਖ ਲਿਖ ਕੇ ਦੱਸਦੇ, ਪੜ੍ਹਨ ਵਾਲਿਆਂ ਆਪੇ ਹੀ ਅੰਦਾਜ਼ਾ ਲਗਾ ਲੈਣਾ ਸੀ ਕਿ ਤੁਸੀਂ ਮਾਰਕਸਵਾਦੀ ਦ੍ਰਿਸ਼ਟੀਕੋਨ ਸੂਫੀ ਨਾਲੋਂ ਵਧੇਰੇ ਸਪਸ਼ਟਤਾ ਨਾਲ ਪੇਸ਼ ਕਰ ਸਕਦੇ ਹੋ। ਇਸ ਲੇਖ ਵਿਚ ਸਾਡੇ ਪੱਲੇ ਕੋਈ ਸਿਧਾਂਤਕ ਗੱਲ ਨਹੀਂ ਪਈ ਜੋ ਕੁਝ ਪੱਲੇ ਪੈਂਦਾ ਹੈ ਉਹ ਤੁਹਾਡਾ ਸੂਫੀ ਪ੍ਰਤੀ ਸਾੜਾ, ਨਫਰਤ ਜਾਂ ਵਿਰੋਧ ਹੈ।

ਮੈਂ ਬੇਨਤੀ ਕਰਦਾਂ ਹਾਂ ਕਿ ਅਜਿਹੇ ਲੇਖ ਨਾਲ ਮੇਰੇ ਵਰਗੇ ਪੜ੍ਹਨ ਵਾਲਿਆਂ ਦੇ ਪੱਲੇ ਕੁਝ ਨਹੀਂ ਪੈਂਦਾ। ਸਿਰਫ ਤੁਹਾਡੀ ਫੁੱਟ ਬਾਹਰ ਆਈ ਤੇ ਵਿਰੋਧੀਆਂ ਨੂੰ ਖੁਸ਼ੀ ਹੀ ਹੋਈ ਹੈ। ਮੇਰਾ ਨਹੀਂ ਖਿਆਲ ਤੁਹਾਡੀ ਪਾਰਟੀ ਵਿਚ ਦੇ ਤੁਹਾਡੇ ਸਾਥੀਆਂ ਨੇ ਇਸ ਨੂੰ ਪਸੰਦ ਕੀਤਾ ਹੋਵੇ। ਅੱਗੇ ਤੋਂ ਅਜਿਹੇ ਸਿਧਾਂਤ ਪਬਲਿਕ ਵਿਚ ਲਿਆਉਣ ਦੀ ਥਾਵੇਂ ਆਪਣੇ ਕੋਲ ਹੀ ਰੱਖਿਆ ਕਰੋ। ਜਾਂ ਪਾਰਟੀ ਅਨੁਸ਼ਾਸ਼ਨ ਨਾਲ ਚੱਲਿਆ ਕਰੋ ਜੇ ਤੁਹਾਨੂੰ ਅਨੁਸਾਸ਼ਨ ਦਾ ਥੋੜਾ ਬਹੁਤ ਪਤਾ ਹੈ। ਜੇ ਅਜਿਹਾ ਚੰਦ ਹੀ ਚਾੜ੍ਹਨਾ ਹੈ ਤਾਂ ਪਾਰਟੀ ਤੋਂ ਲਾਂਭੇ ਹੋ ਜਾਵੋ ਜਾਂ ਆਪਣੇ ਸਾਥੀਆਂ ਪ੍ਰਤੀ ਦੁਸ਼ਮਣੀ ਵਾਲਾ ਵਤੀਰਾ ਤਿਆਗੋ। ਜਾਂ ਫਿਰ ਕਿਸੇ ਹੋਰ ਧੜੇ ਵਿਚ ਜਾ ਵੜੋ ਫਿਰ ਸੂਫੀ ਕੀ ਭਾਵੇਂ ਇੰਡੀਆ ਵਿਚਲੇ ਕਿਸੇ ਵੀ ਪਾਰਟੀ ਆਗੂ ਦੇ ਵਿਰੋਧ ਵਿਚ ਜੋ ਦਿਲ ਆਵੇ ਆਖੋ। ਇਹ ਸੌਖਾ ਰਾਹ ਹੈ। ਤੇ ਪਹਿਲਾ ਆਤਮਘਾਤ ਕਰਨ ਵਾਲਾ ਰਾਹ ਹੈ। ਜੋ ਤੁਸੀਂ ਅਪਣਾ ਲਿਆ ਹੋਇਆ ਹੈ।

ਦੁਖੀ ਹਿਰਦੇ ਨਾਲ ਲਿਖ ਰਿਹਾ ਇਕ ਪਾਰਟੀ ਹਮਦਰਦ,
ਗੁਰਦੇਵ ਸਿੰਘ ਰਿਚਮੰਡ

● ਕ੍ਰਿਪਾ ਕਰਕੇ ਮੇਰੇ ਇਹ ਵਿਚਾਰ ਛਾਪਣ ਦੀ ਕ੍ਰਿਪਾਲਤਾ ਕਰਨੀ ਜੀ। ਆਪਦੇ ਪੇਪਰ ਬਾਰੇ ਮੇਰੀਆਂ ਸ਼ੁਭ ਕਾਮਨਾਵਾਂ ਇਹ ਹਨ ਕਿ ਇਹ ਉਨਤੀ ਦੀਆਂ ਸਿਖਰਾਂ ਨੂੰ ਛੂਹਦਾ ਜਾਵੇ। ਇਸ ਵਿਚਲਾ ਸਾਹਿਤ ਤੇ ਖਬਰਾਂ ਬਹੁਤ ਜਾਣਕਾਰੀ ਵਾਲਾ ਅਤੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੁੰਦਾ ਹੈ। ਆਪਦੇ ਅੱਗੇ ਵਧੂ ਖਿਆਲ ਉਮੀਦ ਕਰਦਾ ਹਾਂ ਹੋਰ ਨਿਖਰ ਕੇ ਅੱਗੇ ਆਉਣਗੇ। ਜ਼ਿਆਦਾ ਨਾ ਲਿਖਦਾ ਹੋਇਆ ਆਪਦਾ ਪਾਠਕ।

ਐਡੀਟਰ "ਕੈਨੇਡਾ ਦਰਪਣ" ਜੀ,

"ਕੈਨੇਡਾ ਦਰਪਣ" ਦੇ 14 ਅਕਤੂਬਰ ਦੇ ਅੰਕ ਵਿਚ ਜੀਤ ਸਿੰਘ ਅਣਖੀ ਨੇ ਆਪਦੀ ਹੀ ਪਾਰਟੀ ਦੇ ਬੰਦੇ ਸੂਫੀ ਵਿਰੁਧ ਬੜਾ ਘਟੀਆ ਲੇਖ ਲਿਖਿਆ ਹੈ। ਕੀ ਅਣਖੀ ਨੂੰ ਕਮਿਊਨਿਸਟ ਪਾਰਟੀ ਦੇ ਜਾਬਤੇ ਦੀ ਏ. ਬੀ. ਸੀ. ਦੀ ਵੀ ਸਮਝ ਹੈ, ਵੈਸੇ ਉਸਨੇ ਆਪਣੇ ਆਪ ਨੂੰ ਸਿਧਾਂਤਕਾਰ ਵਜੋਂ ਸਾਬਤ ਕੀਤਾ ਹੈ। 30 ਸਾਲਾ ਕਮਾਰੇਡੀ ਦਾ ਭੱਠ ਝੋਕਣ ਤੋਂ ਬਾਅਦ ਵੀ...। ਇਹ ਨੰਗੀ ਚਿੱਟੀ ਪਾਰਟੀ ਨਾਲ ਗਦਾਰੀ ਹੈ।

ਆਪਦਾ ਧੰਨਵਾਦੀ
ਮਨਜੀਤ ਰਿਚਮੰਡ

ਸ਼੍ਰੀਮਾਨ ਯੋਗ ਐਡੀਟਰ ਸਾਹਿਬ ਜੀ,

ਮੈਂ ਆਪਜੀ ਦਾ "ਕੈਨੇਡਾ ਦਰਪਣ" ਕਾਫੀ ਦੇਰ ਤੋਂ ਸਟੋਰ ਤੋਂ ਮੁਲ ਲੈ ਕੇ ਪੜ੍ਹਦਾ ਹਾਂ। ਆਪਜੀ ਦਾ ਅਖਬਾਰ ਪੜ੍ਹ ਕੇ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਆਪ ਆਪਣੀ ਕਮਿਊਨਿਟੀ ਦੀ ਸੇਵਾ ਕਰ ਰਹੇ ਹੋ। ਆਪਜੀ ਦਾ ਅਖਬਾਰ ਸੱਚਮੁਚ ਹੀ ਸਾਰੇ ਭਾਰਤ ਵਾਸੀਆਂ ਦਾ ਸਾਂਝਾ ਅਖਬਾਰ ਹੈ। ਸੋ ਆਪਜੀ ਨੂੰ ਕੈਨੇਡਾ ਦਰਪਣ ਦਾ ਇਕ ਸਾਲ ਦੀ ਚੰਦਾ ਭੇਜ ਰਿਹਾ ਹਾਂ। ਕ੍ਰਿਪਾ ਕਰਕੇ ਮੈਨੂੰ ਹਰ ਹਫਤੇ ਅਖਬਾਰ ਭੇਜ ਦਿਆ ਕਰਨਾ।

ਆਪਜੀ ਦਾ ਇਕ ਪਾਠਕ
ਜੀਤ ਸਿੰਘ ਛਪਾਲ, ਕੈਮਲੂਪਸ

ਪਿਆਰੇ ਸੰਪਾਦਕ ਜੀ,

ਜਿੰਦਾਬਾਦ।

ਮੈਂ ਇਕ ਲੋਕਲ ਅਖਬਾਰ ਨੂੰ ਜਦ ਤੋਂ ਉਹ ਚਾਲੂ ਹੋਇਆ, ਲੇਖ ਭੇਜਦਾ ਰਿਹਾ ਹਾਂ। ਆਪਣੇ ਇਕ ਪਿਆਰੇ ਦੇ ਆਖਣ ਤੇ ਮੈਂ ਆਪਦੇ ਪੱਤਰ ਲਈ ਲੇਖ ਭੇਜਣ ਲੱਗ ਪਿਆ।

ਜਦ ਮੇਰਾ ਲੇਖ ਆਪਦੇ ਪੇਪਰ ਵਿਚ ਛਪਿਆ, ਦੂਜੇ ਅਖਬਾਰ ਨੇ ਮੇਰੇ ਲੇਖ ਛਾਪਣੇ ਬੰਦ ਕਰ ਦਿੱਤੇ, ਪਰ ਉਸਦੀ ਕੋਤਾਹ-ਬੀਨੀ ਦਾ ਮੈਨੂੰ ਕੋਈ ਬਹੁਤਾ ਅਫਸੋਸ ਨਾ ਹੋਇਆ।

ਲੇਖ ਭੇਜਣ ਦੇ ਇਵਜ਼ਾਨੇ, ਅਖਬਾਰ ਮੁਫਤ ਪੜ੍ਹਨਾ ਵੀ ਮੇਰੇ ਅਸੂਲ ਦੇ ਖਿਲਾਫ ਹੈ। ਸੋ ਮੈਂ ਨਿਰਾ ਆਪਣਾ ਹੀ ਚੰਦਾ ਨਹੀਂ, ਆਪਣੇ ਪਿਆਰੇ ਤੋਂ ਵੀ ਭਜਵਾਇਆ, ਇਹ ਵੀ ਕੋਈ ਅਹਿਸਾਨ ਨਹੀਂ, ਆਪਣਾ ਪੇਪਰ ਸਮਝਦੇ ਹੋਏ ਆਪਣਾ ਫਰਜ਼ ਹੀ ਨਿਭਾਇਆ ਸੀ।

ਕਈ ਚਿਰਾਂ ਤੋਂ ਮੇਰੇ ਭੇਜੇ ਲੇਖ, ਲਤੀਫੇ ਆਦਿ ਨਾ ਛਪਣ ਤੇ ਮੈਨੂੰ ਮੇਰੇ ਲੇਖਾਂ ਬਾਰੇ, ਆਪਦੀ ਬੇਰੁਖੀ, ਹੈਰਾਨ ਕਰ ਰਹੀ ਹੈ ਤੇ "ਮੈਂ ਇਹ ਕੀ ਕਰ ਬੈਠਾਂ?" ਸੋਚਾਂ ਵਿਚ ਪਾ ਦਿੱਤਾ ਹੈ। ਜੇ ਕੋਈ ਸਾਧਾਰਨ ਹੀ ਵਜ੍ਹਾ ਹੈ ਤਾਂ ਖ਼ਿਮਾ ਕਰਨਾ।

ਧੰਨਵਾਦ ਸਹਿਤ
ਆਪਦਾ ਹਿਤੂ ਰਾਮ ਸਿੰਘ ਢਿੱਲੋਂ, ਸਰੀ

ਪਿਆਰੇ ਵੀਰ,

ਪਿਛਲੇ ਸਿਆਲੇ ਆਪਾਂ ਇਕ ਵਾਰ ਦਰਸ਼ਨ ਬੈਂਸ ਦੇ ਘਰ ਮਿਲੇ ਸਾਂ। ਠੀਕ ਉਸ ਸਮੇਂ ਦੀ ਗੱਲ ਹੈ ਜਦ ਕਿ ਕੈਨੇਡਾ ਦਰਪਣ ਵਾਸਤੇ ਮੈਂ ਆਪਣਾ ਸਿਰਨਾਵਾਂ ਆਪਜੀ ਨੂੰ ਲਿਖਵਾ ਆਇਆਂ ਸਾਂ। ਸੋ ਉਦੋਂ ਤੋਂ ਹੀ ਪੱਤਰਕਾ ਬਾਦਸਤੂਰ ਮਿਲ ਰਹੀ ਹੈ। ਬੱਸ ਐਵੇਂ ਜਟਕੀ ਘੌਲ ਕਾਰਨ ਚੰਦਾ ਨਹੀਂ ਘੱਲ ਹੋਇਆ। ਮਤੇ ਸਮਝੋ ਕਿ ਮੁਫਤਖੋਰਾ ਹੈ 30 ਡਾਲਰ ਘੱਲ ਰਿਹਾ ਹਾਂ। ਪਰਚਾ ਹਫਤਾਵਾਰੀ ਕਰਨ ਲਈ ਹਾਰਦਿਕ ਵਧਾਈ ਹੋਵੇ।

ਆਪਜੀ ਦਾ
ਨਿਰੰਜਨ ਸੰਧੂ., ਸੁਕਾਮਿਸ਼

ਮੈਂ ਉਮੀਦ ਹੈ ਕਿ ਮੇਰਾ ਪਿਛਲੇ ਸਾਲ ਦਾ ਚੰਦਾ ਖਤਮ ਹੋ ਗਿਆ ਹੋਣਾ ਹੈ। ਮੈਂ ਆਪਨੂੰ ਅਗਲੇ ਸਾਲ ਦੇ ਚੰਦੇ ਦਾ 20 ਡਾਲਰ ਦਾ ਚੈਕ ਭੇਜ ਰਿਹਾ ਹਾਂ ਤੇ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਆਪਦਾ ਅਖਬਾਰ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰਦਾ ਰਹੇ।

ਆਪਦਾ
ਨਿਰਮਲ ਸੰਧੂ, ਫੋਰਟ ਨੇਲਸਨ

## ਚੰਡੀਗੜ੍ਹ ਡਾਕੇ 'ਚ ਵਰਤੀ ਗਈ ਕਾਰ ਬਰਾਮਦ

ਚੰਡੀਗੜ੍ਹ—ਚੰਡੀਗੜ੍ਹ ਪੁਲਸ ਨੇ ਕਿਹਾ ਕਿ ਉਸ ਨੇ 3 ਲੱਖ ਤੋਂ ਵਧ ਦੇ ਬੈਂਕ ਡਾਕੇ ਲਈ ਵਰਤੀ ਕਾਰ ਸੈਕਟਰ 35 ਦੀ ਮਾਰਕਿਟ ਨੇੜਿਓਂ ਬਰਾਮਦ ਕਰ ਲਈ ਹੈ। ਇਹ ਥਾਂ ਬੈਂਕ ਤੋਂ ਲਗਭਗ ਦੋ ਕਿਲੋਮੀਟਰ ਦੂਰ ਹੈ। ਪੁਲਸ ਬੁਲਾਰੇ ਨੇ ਦਸਿਆ ਕਿ ਲੁਟੇਰਿਆਂ ਨੇ ਡਾਕਾ ਮਾਰਨ ਸਮੇਂ ਕਾਰ ਉਤੇ 'ਸੀ. ਐਚ. 70, ਨੰਬਰ ਦੀ ਜਾਅਲੀ ਪਲੇਟ ਲਾਈ ਹੋਈ ਸੀ। ਅਸਲ ਵਿਚ ਕਾਰ ਪੀ. ਐਨ. ਵਾਈ 1842 ਨੰਬਰ ਦੀ ਟੈਕਸੀ ਵਜੋਂ ਰਜਿਸਟਰਡ ਹੈ।

ਕਾਰ ਦੇ ਡਰਾਈਵਰ ਸੋਹਣ ਸਿੰਘ ਮੁਤਾਬਿਕ ਲੁਟੇਰੇ ਉਸ ਤੋਂ ਕਾਰ ਮੰਗਲਵਾਰ ਰਾਤ ਖਰੜ (ਜ਼ਿਲਾ ਰੋਪੜ) ਨੇੜੇ ਪਿੰਡ ਸਹੌੜਾ ਤੋਂ ਖੋਹ ਕੇ ਲੈ ਗਏ ਸਨ। ਸੋਹਣ ਸਿੰਘ ਨੇ ਦਸਿਆ ਕਿ ਕਥਿਤ ਲੁਟੇਰਿਆਂ ਵਿਚੋਂ ਹਿਕ ਜਿਸਦਾ ਸਫਾਚਟ ਮੂੰਹ ਸੀ, ਨੇ ਉਸ ਤੋਂ ਘਨੌਲੀ ਪਿੰਡ ਜ਼ਿਲਾ ਰੋਪੜ ਤੋਂ ਮੰਗਲਵਾਰ ਕਾਰ ਚੰਡੀਗੜ੍ਹ ਜਾਣ ਲਈ ਕਿਰਾਏ 'ਤੇ ਲਈ। ਕਥਿਤ ਲੁਟੇਰੇ, ਜਿਸ ਨੇ ਆਪਣੇ ਆਪ ਨੂੰ ਰੋਪੜ ਥਰਮਲ ਪਲਾਂਟ ਦਾ ਚੀਫ ਇੰਜਨੀਅਰ ਦਸਿਆ, ਨੇ ਸੋਹਣ ਸਿੰਘ ਨੂੰ ਕਿਹਾ ਕਿ ਉਸਨੇ ਐਮ. ਐਲ. ਏ. ਵਿਧਾਇਕ ਨੂੰ ਮਿਲਣਾ ਹੈ। ਡਰਾਈਵਰ ਨੇ ਕਿਹਾ ਕਿ ਟੈਕਸੀ ਦੋ ਵਾਰ ਐਮ. ਐਲ. ਏ. ਹੋਸਟਲ ਲਿਜਾਈ ਗਈ। ਦੂਜੀ ਵਾਰ ਹੋਸਟਲ ਜਾਣ ਸਮੇਂ ਕਥਿਤ ਲੁਟੇਰੇ ਨੇ ਕਿਹਾ ਕਿ ਉਸ ਦਾ ਕੰਮ ਹੋ ਗਿਆ ਹੈ ਤੇ ਉਹ ਵਾਪਸ ਚਲੇ ਗਏ।

ਉਸਨੇ ਦਸਿਆ ਕਿ ਜਦੋਂ ਉਹ 22 ਸੈਕਟਰ ਪਹੁੰਚੇ ਕਥਿਤ ਲੁਟੇਰੇ ਨੇ ਉਸ ਨੂੰ ਇਕ ਰੈਸਟੋਰੈਂਟ ਵਿਚ ਖਾਣਾ ਖਾਣ ਲਈ ਕਿਹਾ। ਉਸ ਨੇ ਦਸਿਆ ਕਿ ਜਦੋਂ ਉਹ ਖਾਣਾ ਖਾ ਰਹੇ ਸੀ ਇਕ ਸਿਖ ਨੌਜਵਾਨ ਉਥੇ ਪੁਜਾ ਅਤੇ ਆਪਣੇ ਆਪ ਨੂੰ ਉਸ ਦੇ ਕਰੀਬੀ ਦੋਸਤ ਵਜੋਂ ਪੇਸ਼ ਕੀਤਾ। ਸਿਖ ਨੌਜਵਾਨ ਨੇ ਆਪਣੇਂ (ਚੀਫ ਇੰਜਨੀਅਰ) ਨੂੰ ਰਾਤ ਉਸ ਕੋਲ ਰਹਿਣ ਲਈ ਕਿਹਾ ਤਾਂ ਵੀ, ਸੋਹਣ ਸਿੰਘ ਮੁਤਾਬਕ ਉਹਨਾਂ ਘਨੌਲੀ ਵਾਪਸ ਜਾਣ ਦਾ ਫੈਸਲਾ ਕੀਤਾ ਜਦੋਂ ਉਹ ਸਹੌੜਾ ਪੁਜੇ ਉਹਨਾਂ ਵਿਚੋਂ ਇਕ ਨੇ ਪਿਸ਼ਾਬ ਦੇ ਬਹਾਨੇ ਟੈਕਸੀ ਰੁਕਵਾ ਲਈ, ਡਰਾਈਵਰ ਨੇ ਕਿਹਾ ਕਿ ਜਦੋਂ ਉਸਨੇ ਟੈਕਸੀ ਰੋਕੀ ਉਹ ਪਿਛਿਓਂ ਉਸ ਉਤੇ ਝਪਟ ਪਏ। ਚਾਬੀਆਂ ਕੱਢ ਲਈਆਂ ਅਤੇ ਉਸਨੂੰ ਬਾਹਰ ਸੁੱਟਕੇ ਕਾਰ ਲੈ ਕੇ ਚੰਡੀਗੜ੍ਹ ਵੱਲ ਨੂੰ ਫਰਾਰ ਹੋ ਗਏ।

ਸੋਹਣ ਸਿੰਘ ਨੇ ਦਸਿਆ ਕਿ ਉਸਨੇ ਤੁਰਤ ਖਰੜ ਪੁਲਸ ਕੋਲ ਸਿਕਾਇਤ ਦਰਜ ਕਰਾ ਦਿੱਤੀ। ਪੀ. ਟੀ. ਆਈ. ਮੁਤਾਬਕ ਪੁਲਸ ਨੇ ਤਿੰਨ ਦੇਸੀ ਪਿਸਤੌਲਾਂ ਸਮੇਤ ਕਾਰ ਵਿਚੋਂ ਦੋ ਪੱਗਾਂ ਵੀ ਬਰਾਮਦ ਕੀਤੀਆਂ ਹਨ।

## ਲਿਬੀਆ 'ਚ ਗਏ ਸੈਂਕੜੇ ਭਾਰਤੀਆਂ ਨੂੰ 11 ਮਹੀਨਿਆਂ ਤੋਂ ਕੋਈ ਤਨਖਾਹ ਨਹੀਂ

ਧਾਰੀਵਾਲ—ਲਿਬੀਆ ਤੋਂ ਮਿਲੀ ਇਕ ਖਬਰ ਮੁਤਾਬਕ ਰੁਜ਼ਗਾਰ ਦੀ ਖਾਤਰ ਗਏ ਇਕ ਵਿਅਕਤੀ ਨੇ ਆਪਣੀ ਦੁੱਖ ਭਰੀ ਕਹਾਣੀ ਸੁਣਾਉਂਦਿਆਂ ਕਿਹਾ ਹੈ ਕਿ 5-10-83 ਨੂੰ ਕੁਝ ਕਰਮਚਾਰੀਆਂ ਨੇ ਦੁਪਹਿਰ ਡੇਢ ਵਜੇ ਆਵਾਜ਼ ਉਠਾਈ ਕਿ 11 ਮਹੀਨਿਆਂ ਤੋਂ ਕੰਮ ਵਾਲਿਆਂ ਕਰਮਚਾਰੀਆਂ ਨੂੰ ਤਨਖਾਹਾਂ ਦਿਤੀਆਂ ਜਾਣ ਜਿਹਨਾਂ ਵਿਚ ਆਜ਼ਾਦ ਕ੍ਰਿਸ਼ਨ ਰਾਮ ਸਾਗਰ ਅਤੇ ਦਿਨੇਸ਼ ਕੁਮਾਰ ਅੰਮ੍ਰਿਤਸਰ, ਪਰੇਮ ਕੁਮਾਰ ਕੋਟ ਸੰਤੋਖ ਰਾਏ ਧਾਰੀਵਾਲ ਸ਼ਾਮਲ ਹਨ। ਉਹਨਾਂ ਨੂੰ ਫੜ ਕੇ ਲਿਬੀਆ ਪੁਲਸ ਦੇ ਹਵਾਲੇ ਕਰ ਦਿਤਾ ਗਿਆ ਜਿਥੇ ਕੁਝ ਘੰਟੇ ਪੁਲਸ ਹਿਰਾਸਤ ਵਿਚ ਰਖਣ ਤੋਂ ਬਾਅਦ ਇਹ ਵਾਰਨਿੰਗ ਦੇਂਦਿਆਂ ਹੋਇਆਂ ਕਿਹਾ ਕਿ ਜੇਕਰ ਇਸ ਤਰ੍ਹਾਂ ਦੀ ਆਵਾਜ਼ ਜਾਂ ਨਾਅਰੇਬਾਜ਼ੀ ਲਾ ਕੇ ਆਵਾਜ਼ ਉਠਾਈ ਤਾਂ ਗੋਲੀ ਮਾਰ ਦਿਤੀ ਜਾਵੇਗੀ। ਉਹਨਾਂ ਚਿਠੀ ਵਿਚ ਲਿਖਿਆ ਹੈ ਕਿ ਭਾਰਤ ਤੋਂ ਲਿਜਾਂਦਿਆਂ ਜੋ ਸਬਜ਼ਬਾਗ ਦਿਖਾਏ ਗਏ ਅਤੇ ਜੋ ਤਨਖਾਹਾਂ ਦੇਣ ਦਾ ਵਾਅਦਾ ਕੀਤਾ ਸੀ ਉਸ ਵਿਚ ਕਟੌਤੀ ਕੀਤੀ ਜਾਂਦੀ ਹੈ ਇਸ ਵੇਲੇ ਇਸ ਮਿਲ ਵਿਚ 725 ਵਰਕਰ ਕੰਮ ਕਰਦੇ ਹਨ ਜਿਹਨਾਂ ਵਿਚ ਪੰਜਾਬ ਨਾਲ ਦੂਜੇ ਸੂਬਿਆਂ ਦੇ ਲੋਕ ਜ਼ਿਆਦਾ ਹਨ। ਉਹਨਾਂ ਵਿਚੋਂ ਸਿਰਫ ਡੇਢ ਸੌ ਕਰਮਚਾਰੀਆਂ ਨੂੰ ਡਰਾਫਟ ਦਿਤੇ ਗਏ ਹਨ ਜਦਕਿ 62 ਵਰਕਰਾਂ ਦੇ ਬੈਂਕ ਖਾਤੇ ਖੋਲ੍ਹੇ ਗਏ ਹਨ।

ਕਸ਼ਮੀਰਾ ਸਿੰਘ ਪਿੰਡ ਘੁੰਮਣ ਖੁਰਦ(ਧਾਰੀਵਾਲ) ਦੀ ਕੰਪਨੀ ਦੇ ਟਰੱਕ ਹੇਠ ਆ ਕੇ ਮੌਤ ਹੋ ਗਈ ਉਸ ਨੂੰ ਕੋਈ ਮੁਆਵਜ਼ਾ ਦੇਣ ਤੋਂ ਬਿਨਾਂ ਹੀ ਉਸ ਦੀ ਲਾਸ਼ ਵਾਪਸੀ ਟਿਕਟ ਤੇ ਇਕ ਦੂਜੇ ਵਿਅਕਤੀ ਸੁਖਦੇਵ ਸਿੰਘ ਨਾਲ ਉਹਨਾਂ ਦੇ ਪਿੰਡ ਭੇਜ ਦਿਤੀ ਗਈ। ਚਿੱਠੀ ਵਿਚ ਇਹ ਵੀ ਲਿਖਿਆ ਹੈ ਕਿ ਲਿਬੀਆ ਤੇ ਲੋਕਾਂ ਦਾ ਵਰਤਾਓ ਸਾਡੇ ਨਾਲ ਚੰਗਾ ਨਹੀਂ। ਚਿੱਠੀ ਰਾਹੀਂ ਭਾਰਤ ਸਰਕਾਰ ਕੋਲੋਂ ਮੰਗ ਕੀਤੀ ਗਈ ਹੈ ਕਿ ਉਹ ਵਿਦੇਸ਼ ਵਿਚ ਗਏ ਮੁਸੀਬਤਾਂ ਵਿਚ ਪਏ ਭਾਰਤੀਆਂ ਵਲ ਧਿਆਨ ਦੇਵੇ।

---

ਇਸ਼ਕ ਦੀ ਤੇ ਰੂਪਾਂ ਦੀ ਬੜੀ ਲੰਮੀ ਏ ਗਾਥਾ
ਸਾਗਰ ਦਾ ਤੇ ਮੀਨਾ ਦਾ ਹੈ ਅਜ਼ਲਾਂ ਤੋਂ ਯਾਰਾਨਾ।


**NARWAL INSURANCE AGENCY LTD.**
ALL KINDS OF INSURANCE:

*Renewals
*Financing
*Safe Driving Discounts
*Cars, Trucks, Vans Etc..
PLATES & DECALS

Autoplan

Open Monday to Saturday from 9 A.M.- 5 P.M.

OFF: 324-4944 RES: 325-4744
6415 MAIN ST., (at 48th Ave.) VANCOUVER, B.C



PRITPAL NARWAL,
B.A. LL.B

PRITPAL SINGH NARWAL
**NOTARY PUBLIC**
B.A. (PU) LL.B. (KUK)
FORMER - (ADVOCATE & OATH COMMISIONER)
(Punjab & Haryana Highcourt)

PREFERRED AREA OF PRACTISE:

*All Conveyancing Deed & Transfer Documents
*To prepare Mortgage & Cancel Mortgages
*To prepare Leases
*To prepare Commercial Contracts
*To prepare Statutory Declarations
*To prepare Power of Attorney
*Authorized to Adminster Oaths
*Attest Signatures
*Authenticate Copies
*Passport *Change of Name

Also Help on Immigration Matters
BUS: 324-4944 RES: 325-4744 9:00 a.m. to 5:00 p.m. (Monday to Saturday)
6415 MAIN ST., (At 48th Ave.) VANCOUVER, B.C. V2W 2V5

# ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

**ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ,ਜ਼ਿਲਾ ਜਲੰਧਰ) .ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨਡਾ ਦੀ ਜੀਵਨ ਗਾਥਾ।**

(ਲੜੀਵਾਰ)

**ਕਿਸ਼ਤ 23ਵੀਂ**

**ਕੇਸਰ ਸਿੰਘ ਨਾਵਲਿਸਟ**

**ਕਾਂਡ 41**



ਹਰ ਸ਼ਾਮ ਨੂੰ ਕੁਹਾੜੀ, ਚਾਕੂ ਤੇ ਲੰਗਰ ਦਾ ਰਾਸ਼ਨ ਇਕ ਸੰਦੂਕ ਜਿਹੇ ਵਿਚ ਬੰਦ ਕਰਕੇ ਖਾਲੀ ਪਈ ਇਕ ਬਾਰਕ ਦੀ ਨੁਕਰ ਵਿਚ ਰੱਖ ਦਿੱਤਾ ਜਾਂਦਾ ਸੀ। ਦਿਨ ਚੜ੍ਹਦਿਆਂ ਹੀ ਸਭ ਕੈਦੀਆਂ ਨੂੰ, ਫੌਜੀ ਪਹਿਰੇ ਵਿਚ, ਬਾਰਕਾਂ ਵਿਚਾਲੇ ਖੁਲ੍ਹੇ ਵਿਹੜੇ ਵਿਚ ਫਿਰਨ ਤੁਰਨ ਦੀ ਖੁਲ੍ਹ ਮਿਲ ਜਾਂਦੀ। ਜੋਧ ਸਿੰਘ ਵੀ ਬਾਕੀ ਕੈਦੀਆਂ ਨਾਲ ਖੁਲ੍ਹ ਜਾਂਦਾ।

ਯੂਰਪ ਦੀ ਜੰਗ ਆਰੰਭ ਹੋਣ ਸਾਰ ਜਰਮਨੀ ਵਿਚ ਰਹਿ ਰਹੇ ਮਸ਼ਹੂਰ ਇਨਕਲਾਬੀ ਵਿਰੇਂਦਰ ਨਾਥ ਚਟੋਪਾਧੀਆ, ਚੰਪਕਰਾਮਨ ਮਿਲੇ, ਭੂਪੇਸ਼ ਗੁਪਤ ਤੇ ਡਾਕਟਰ ਪਰਭਾਕਰ ਨੇ "ਹਿੰਦ ਇਨਕਲਾਬੀ ਸੁਸਾਇਟੀ ਬਣਾਈ। ਉਨ੍ਹਾ ਨੇ ਜਰਮਨ ਹਾਈ ਕਮਾਂਡ ਨਾਲ ਮਿਲਕੇ ਅੰਗਰੇਜ਼ਾਂ ਦੇ ਉਲਟ ਇਨਕਲਾਬ ਕਰਨ ਦੀ ਤਰਤੀਬ ਬਣਾਈ। ਜਦ ਸਾਨਫਰਾਂਸਿਸਕੋ ਵਿੱਚ ਗਦਰ ਪਾਰਟੀ ਨੇ ਜ਼ੋਰ ਫੜਿਆ ਤਾਂ ਇਸ "ਬਰਲਿਨ ਹਿੰਦੂ" ਕਮੇਟੀ ਨੇ ਆਪਸ ਵਿਚ ਤਾਲ ਮੇਲ ਪੈਦਾ ਕਰਨ ਲਈ ਜੋ ਬੰਦੇ ਕੈਲੇਫੋਰਨੀਆਂ ਭੇਜੇ ਉਨ੍ਹਾਂ ਵਿਚੋਂ ਜੋਧ ਸਿੰਘ ਇਕ ਸੀ।

ਦੋਹਾਂ ਸੁਸਾਇਟੀਆਂ ਨੇ ਫੈਸਲਾ ਕੀਤਾ ਕਿ ਪੱਛਮੀ ਹਿਸੇ ਵਲ "ਬਰਲਿਨ ਹਿੰਦ" ਕਮੇਟੀ ਕੰਮ ਕਰੇ ਤੇ ਪੂਰਬੀ ਫਰੰਟ ਉਤੇ ਸਾਰਾ ਕੰਮ ਗਦਰ ਪਾਰਟੀ ਦੇ ਜ਼ਿੰਮੇ ਹੋਵੇ। ਜੋਧ ਸਿੰਘ ਨੇ ਪੂਰਬੀ ਸਫਾਰਤ ਖਾਨਿਆਂ ਵਿਚ ਜਰਮਨ ਕੌਂਸਲਾਂ ਨਾਲ ਸੰਬੰਧ ਪੈਦਾ ਕਰਨੇ ਸਨ। ਇਸੇ ਸੰਬੰਧ ਵਿਚ ਉਹ ਰਾਮ ਚੰਦ ਪਸ਼ੌਰੀਏ ਵਲੋਂ ਸਾਨਫਰਾਂਸਿਸਕੋ ਤੋਂ ਭੇਜਿਆ ਹੋਇਆ, ਮਨੀਲੇ ਦੇ ਜਰਮਨ ਕੌਂਸਲਰ ਨੂੰ ਮਿਲਿਆ। ਸੁਕੁਮਾਰ ਚੈਟਰ ਜੀ ਤੇ ਦਰਸੀ ਚੇਨਚਾਈਆਂ ਉਸ ਦੇ ਨਾਲ ਆਏ ਸਨ। ਉਹ ਇਸ ਪਾਰਟੀ ਦਾ ਲੀਡਰ ਸੀ। ਉਹ ਤੁਰਨ ਸਮੇਂ ਹੀ ਦਰਸੀ ਤੇ ਸੁਕੁਮਾਰ ਨੂੰ ਮਿਲਿਆ ਸੀ। ਉਨ੍ਹਾਂ ਬਾਰੇ ਉੱਡਾ ਕੁਝ ਨਹੀਂ ਸੀ ਜਾਣਦਾ।

ਭਾਈ ਸਾਹਬ ਕੈਨੇਡਾ ਤੋਂ ਗਏ ਸਨ। ਠਾਕਰ ਸਿੰਘ ਉਨ੍ਹਾਂ ਲਾਲ ਸ਼ੰਘਾਈ ਤੋਂ ਰਲਿਆ ਸੀ। ਸ਼ਿਵਦਿਆਲ ਕਪੂਰ, ਬਰਮਾਂ ਵਿਚ ਕੰਮ ਕਰ ਰਹੇ ਇਨਕਲਾਬੀਆਂ ਦੇ ਕਿਸੇ ਕੰਮ ਬੰਕੋਕ ਆਇਆ ਫੜਿਆ ਗਿਆ ਸੀ। ਜੋਧ ਸਿੰਘ ਇਨ੍ਹਾ ਤਿੰਨਾਂ ਗਦਰੀਆਂ ਬਾਰੇ ਵੀ ਉਕਾ ਕੁਝ ਨਹੀਂ ਸੀ ਜਾਣਦਾ। ਇਸ ਲਈ ਉਹ ਆਪਣੇ ਨਾਲ ਦੇ ਪੰਜਾਂ ਕੈਦੀਆਂ ਬਾਰੇ ਕੋਈ ਜਾਣਕਾਰੀ ਨਹੀਂ ਸੀ ਰਖਦਾ।

ਜਦ ਕੈਦੀਆਂ ਨੂੰ ਫਿਰਨ ਤੁਰਨ ਦੀ ਖੁਲ੍ਹ ਦਿਤੀ ਜਾਂਦੀ ਤਾਂ ਉਹ ਚੈਟਰ ਜੀ ਤੇ ਦਰਸੀ ਚੈਨਚਇਆ ਨਾਲ ਗਲਾਂ ਕਰਨ ਲਈ ਉਨ੍ਹਾਂ ਦੇ ਆਲੇ ਦੁਆਲੇ ਰਹਿੰਦਾ। ਉਸ ਨੇ ਇਕ ਦਿਨ ਚੈਨਚਇਆ ਨੂੰ ਤਰਲੇ ਭਰੀ ਆਵਾਜ਼ ਵਿਚ ਕਿਹਾ—"ਦਰਸੀ। ਵੇਖਾ ਮੈਂ ਜਾਣ ਬੁਝ ਕੇ ਕੋਈ ਗਲਤੀ ਨਹੀਂ ਕੀਤੀ। ਸੁਭਾਵਕ ਹੀ ਹੋ ਗਈ ਐ। ਮੈਂ ਉਸ ਬੁੱਢੇ ਆਰੀਆ ਸਮਾਜੀ ਨੂੰ ਦੇਸ਼ ਭਗਤ ਸਮਝ ਕੇ ਗਲਤੀ ਕਰ ਬੈਠਾਂ।"

"ਜਿਨ੍ਹਾਂ ਇਨਕਲਾਬੀਆਂ ਨੂੰ ਤੂੰ ਉਕਾ ਨਹੀਂ ਜਾਣਦਾ, ਉਨ੍ਹਾਂ ਦੇ ਨਾਮ ਤੂੰ ਕਿਉਂ ਆਪਣੀ ਡਾਇਰੀ ਵਿਚ ਲਿਖ ਰੱਖੇ ਸਨ? ਅਸੀਂ ਤਾਂ ਸਭ ਨਾਮ ਜ਼ਬਾਨੀ ਯਾਦ ਕੀਤੇ ਹੋਏ ਹਨ। ਅਮਰ ਸਿੰਘ ਇੰਜਨੀਅਰ ਦਾ ਨਾਮ ਤੂੰ ਕਿਉਂ ਲਿਖਿਆ ਹੋਇਆ ਸੀ? ਸਾਨੂੰ ਸੋਅ ਮਿਲੀ ਐ ਕਿ ਉਹਨੂੰ ਵੀ ਫੜ ਕੇ ਸਿੰਘਾਪੁਰ ਲੈ ਆਏ ਸਨ ਤੇ ਫਿਰ ਮਾਂਡਲੇ ਵਲ ਲੈ ਗਏ।"

"ਮੈਂ ਉਂਜ ਹੀ ਰਾਮ ਚੰਦ ਪਸ਼ੌਰੀਏ ਦੀ ਕਾਪੀ ਉਤੋਂ ਉਤਾਰ ਲਏ ਸਨ। ਮੈਂ ਸੋਚਿਆ ਕਿਧਰੇ ਕੰਮ ਆਉਣਗੇ।"

"ਉਸ ਨੇ ਤੈਨੂੰ ਉਹ ਕਾਪੀ ਆਪ ਦਿੱਤੀ ਸੀ।"

"ਹਾਂ, ਉਸ ਨੇ ਹੀ ਕਿਹਾ ਸੀ ਕਿ ਸਾਰੇ ਐਡਰੇਸ ਲਿਖ ਲੈ। ਤੇਰੇ ਕੰਮ ਆਉਣਗੇ।"

"ਤੇ ਤੂੰ ਉਹ ਕਾਪੀ ਖੁਫੀਆ ਪੁਲਸ ਦੇ ਬੁੱਢੇ ਆਰੀਆ ਸਮਾਜੀ ਨੂੰ ਦੇ ਦਿੱਤੀ।"

"ਮੇਰੇ ਪਾਸੋਂ ਡਾਢੀ ਭੁੱਲ ਹੋ ਗਈ। ਮੈਂ ਨਸ਼ੇ ਵਿਚ ਸਾਂ।"

"ਤੈਨੂੰ ਪਤਾ ਹੈ ਪਾਰਟੀ ਵਿਚ ਨਸ਼ਾ ਪੀਣਾ ਮਨ੍ਹਾ ਹੈ।"

ਜੋਧ ਸਿੰਘ ਬਿਨਾਂ ਜੁਆਬ ਦਿੱਤੇ ਦਰਸੀ ਦੇ ਪਿਛੋਂ ਹੋ ਕੇ ਤੁਰਨ ਲੱਗ ਪਿਆ। ਚੈਟਰ ਜੀ ਸਭ ਗੱਲਾਂ ਸੁਣ ਰਿਹਾ ਸੀ। ਪਰ ਉਹ ਇਉਂ ਜਤਲਾ ਰਿਹਾ ਸੀ ਜਿਵੇਂ ਉਸ ਦਾ ਧਿਆਨ ਹੀ ਉਨ੍ਹਾ ਵੱਲ ਨਾ ਹੋਵੇ।

ਭਾਈ ਸਾਹਿਬ ਨੇ ਤੁਰੇ ਜਾਂਦਿਆਂ, ਇਕ ਥਾਂ ਖਲੋ ਕੇ ਜੋਧ ਸਿੰਘ ਵੱਲ ਘੂਰ ਕੇ ਤਕਿਆ। ਠਾਕਰ ਸਿੰਘ ਉਨ੍ਹਾਂ ਦੀ ਕੋਰੀ ਨਜ਼ਰ ਤਾੜ ਕੇ ਉਨ੍ਹਾਂ ਪਾਸ ਜਾ ਖਲੋਤਾ। ਸ਼ਿਵ ਦਿਆਲ ਸਭ ਦੇ ਪਿੱਛੇ ਪਿੱਛੇ ਡੌਰ ਭੌਰਾ ਹੋਇਆ ਲੜਖੜਾਂਦਾ ਜਾ ਰਿਹਾ ਸੀ। ਭਾਈ ਸਾਹਬ ਨੇ ਪੁਛਿਆ—"ਠਾਕਰ ਸਿਹਾਂ! ਇਸ ਮੁਖਬਰ ਗਦਾਰ ਦਾ ਕੀ ਕਰੀਏ?"

"ਮੈਨੂੰ ਤਾਂ ਚੈਟਰ ਜੀ ਵੀ ਦਿਲ ਛੱਡਦਾ ਜਾਪਦੈ। ਫੌਜੀਆਂ ਦੀਆਂ ਦੋ ਚਪੇੜਾਂ ਖਾ ਕੇ ਹੀ ਚੀਕਾਂ ਮਾਰਨ ਲੱਗ ਪਿਆ ਸੀ। ਮੇਰੀ ਉਨ੍ਹਾਂ ਬੁਰੀ ਬਾਬ ਕੀਤੀ। ਕਦੇ ਕੇਸ ਪੁਟਣ, ਕਦੇ ਮੁੱਛਾਂ ਫੜ ਲੈਣ। ਫੇਰ ਉਨ੍ਹਾਂ ਹੇਠਾਂ ਢਾਹ ਕੇ ਮੇਰੀ ਬੜੀ ਗੌਡੀ ਕੀਤੀ। ਮੈਂ ਮਨ ਤਕੜਾ ਰੱਖਿਆ।"

"ਠਾਕਰ ਸਿਹਾਂ! ਅਜੇ ਤਾਂ ਅਸੀਂ ਟਿੱਬਿਆਂ ਟੋਇਆਂ ਵਿਚ ਹੀ ਫਿਰਦੇ ਆਂ। ਅੱਗੋਂ ਪਹਾੜਾਂ ਨਾਲ ਟੱਕਰ ਲੱਗਣੀ ਐ। ਇਹ ਗੋਰੇ ਤਾਂ ਨਿੱਕੇ ਨਿੱਕੇ ਸਪੋਲੀਏ ਐ। ਅੱਗੋਂ ਨਾਗਾਂ ਨਾਲ ਵਾਹ ਪੈਣੈ। ਮਗਰਮੱਛ ਤੇ ਅਜ਼ਦਹਾ ਮੂੰਹ ਅੱਡੀ ਖਲੋਤੇ ਐ। ਅੱਗੋਂ ਜੋ ਕਰੇ ਕਰਤਾਰ ਕਹਿ ਕੇ ਭਾਈ ਸਾਹਬ ਅੱਗੇ ਅੱਗੇ ਤੁਰ ਪਏ।

ਠਾਕਰ ਸਿੰਘ ਨਿੰਮੋਝੂਣਾ ਹੋਇਆ, ਭਾਈ ਸਾਹਬ ਦੇ ਪਿੱਛੇ ਪਿੱਛੇ ਤੁਰ ਰਿਹਾ ਸੀ। ਉਸ ਨੇ ਭਾਈ ਸਾਹਬ ਦੀ ਪਿਠ ਉਤੇ ਬੈਂਤਾਂ ਦੀਆਂ ਲਾਸਾਂ ਪਈਆ ਵੇਖੀਆਂ ਤੇ ਉਹ ਆਪਣੇ ਪਿੰਡੇ ਉਤੇ ਪਏ ਨੀਲ ਗਿਣਨ ਲੱਗ ਪਿਆ। ਉਸ ਦੇ ਮਨ ਵਿਚ ਆਈ ਕਿ ਆਪਣੇ ਹੋਰ ਸਾਥੀਆਂ ਨੂੰ ਲੱਗੀਆ ਸੱਟਾਂ ਵੀ ਵੇਖੇ। ਸਭ ਤੋਂ ਪਹਿਲੋਂ ਉਸ ਦੀ ਨਜ਼ਰ ਜੋਧ ਸਿੰਘ ਦੇ ਨੰਗੇ ਪਿੰਡੇ ਉਤੇ ਪਈ। ਉਸ ਦੇ ਸਰੀਰ ਉਤੇ ਨਾ ਕੋਈ ਲਾਸ ਤੇ ਨਾ ਹੀ ਕੋਈ ਨੀਲ ਪਿਆ ਵੇਖ ਕੇ ਠਾਕਰ ਸਿੰਘ ਘਬਰਾ ਗਿਆ ਕਿ ਜੋਧ ਸਿੰਘ ਨੇ ਮੁੜ ਦੁਬਾਰਾ ਮੁਖਬਰ ਬਣਨਾ ਮੰਨ ਲਿਆ ਹੋਵੇਗਾ। ਜੇ ਉਸ ਦੇ ਹੱਥ ਵਿਚ ਕੋਈ ਹਥਿਆਰ ਹੁੰਦਾ ਤਾਂ ਉਹ ਫੌਜੀਆਂ ਦੇ ਪਹਿਰੇ ਵਿਚ ਵੀ ਉਸ ਉਤੇ ਹਮਲਾ ਕਰ ਦੇਂਦਾ। ਉਹ ਗੁੱਸੇ ਵਿਚ ਭਰਿਆ ਪਿੱਛੇ ਮੁੜ ਪਿਆ।

ਬਾਰਕ ਦੇ ਦਫਤਰ ਵੱਲੋਂ ਇਕ ਸੀਟੀ ਵੱਜੀ। ਫੌਜੀਆਂ ਨੇ ਕੈਦੀਆਂ ਨੂੰ ਘੇਰ ਕੇ ਉਨ੍ਹਾਂ ਦੀਆਂ ਕਾਲ-ਕੋਠੜੀਆਂ ਵਿੱਚ ਬੰਦ ਕਰਨਾ ਸ਼ੁਰੂ ਕਰ ਦਿੱਤਾ। ਵਿਹੜੇ ਵਿਚ ਫਿਰਨ ਮਗਰੋਂ ਉਹ ਸ਼ਾਹ ਵੇਲਾ ਤਿਆਰ ਕਰਦੇ ਸਨ। ਝਟ ਹੀ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਅੱਜ ਸ਼ਾਹ ਵੇਲਾ ਕਰਨ ਦੀ ਖੁਲ੍ਹ ਨਹੀਂ ਮਿਲਣ ਲੱਗੀ।

ਜੋਧ ਸਿੰਘ, ਭਾਈ ਸਾਹਬ ਦੀ ਕੋਠੀ ਵਿਚ ਸੀਖਾਂ ਨੂੰ ਹੱਥ ਪਾ ਕੇ ਖਲੋਤਾ ਕਹਿ ਰਿਹਾ ਸੀ—"ਮੈਂ ਗਲਤੀ ਕੀਤੀ ਹੈ। ਮੇਰਾ ਮਨ ਉੱਨਾ ਤਗੜਾ ਨਹੀਂ ਜਿੰਨਾ ਤੁਹਾਡਾ ਹੈ। ਮੇਰੇ ਨਾਲ "ਕਬਹੂੰ ਜੀਅੜਾ ਊਭ ਚੜ੍ਹਤ ਹੈ, ਕਬਹੂੰ ਜਾਏ ਪਿਆਲੇ" ਵਾਲੀ ਬੀਤ ਰਹੀ ਹੈ। ਮੈਂ ਹੁਣ ਪੱਕਾ ਹਾਂ। ਮੈਂ ਤੁਹਾਡੇ ਨਾਲ ਹਾਂ। ਸਿੰਘ ਸਾਹਬ! ਮੇਰੀਆਂ ਭੁੱਲਾਂ ਬਖਸ਼ ਦਿਓ। ਮੇਰੀਆਂ ਭੁੱਲਾਂ ਬਖਸ਼ ਦਿਓ।" ਕਹਿ ਕੇ ਉਹ ਰੋਣ ਲੱਗ ਪਿਆ।

ਭਾਈ ਸਾਹਬ ਦੇ ਮਨ ਉੱਤੇ ਉਸ ਦੀ ਕਿਸੇ ਗੱਲ ਦਾ ਅਸਰ ਨਾ ਹੋਇਆ ਉਹ ਸੂਰਜ ਵੱਲ ਪਿਠ ਦੇ ਕੇ, ਚੌਂਕੜੀ ਮਾਰ ਕੇ ਬਾਣੀ ਪੜ੍ਹਨ ਲੱਗ ਪਏ। ਉਹ ਉੱਚੀ ਉੱਚੀ ਗਾ ਰਹੇ ਸਨ—

ਕਬੀਰ ਕੂਕਰ ਰਾਮ ਕਉ ਮੁਤੀਆ ਮੇਰੋ ਨਾਉਂ।
ਗਲੇ ਹਮਾਰੇ ਜੇਵਰੀ ਜਹ ਖਿੰਚਹਿ ਤਹ ਜਾਉਂ।

(ਚਲਦਾ)

ਹੱਸ ਹੱਸ ਕੇ ਕਰੇ ਜਾਨ ਸ਼ਮਾਵਾਂ ਤੋਂ ਨਸ਼ਾਵਰ
ਰੂਪਾਂ ਦਾ ਸ਼ੈਦਾਈ ਸੀ ਉਹ ਹੁਸਨਾਂ ਦਾ ਦੀਵਾਨਾ।

## ਇੱਕਾ ਮੀਟਿੰਗ 'ਚ ਦਰਬਾਰਾ ਸਰਕਾਰ ਦੀ ਆਲੋਚਨਾ

ਗੁਰਦਾਸਪੁਰ—ਬੀਤੇ ਦਿਨੀਂ ਬਟਾਲਾ ਵਿਚ ਪ੍ਰਦੇਸ਼ ਕਾਂਗਰਸ ਆਈ ਦੇ ਪ੍ਰਧਾਨ ਸ੍ਰੀ ਰਘੂਨੰਦਨ ਲਾਲ ਭਾਟੀਆ ਦੀ ਪ੍ਰਧਾਨਗੀ ਵਿਚ ਜਿਹੜੀ ਮੀਟਿੰਗ ਹੋਈ ਸੀ ਉਸ ਵਿਚ ਸੱਤਾਧਾਰੀ ਪਾਰਟੀ ਦੇ ਬੋਲਣ ਵਾਲੇ ਕਈ ਲੀਡਰਾਂ ਨੇ ਦਰਬਾਰਾ ਸਿੰਘ ਸਰਕਾਰ ਅਤੇ ਇਸ ਕੇ ਈ ਸਾਬਕਾ ਮੰਤਰੀਆਂ ਦੀ ਕਰੜੀ ਆਲੋਚਨਾ ਕੀਤੀ। ਮੀਟਿੰਗ ਵਿਚ ਜ਼ਿਲੇ ਦੇ ਸਾਰੇ ਵਿਧਾਇਕ ਅਤੇ ਪ੍ਰਮੁਖ ਲੀਡਰ, ਜਿਹਨਾਂ ਵਿਚ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਸ੍ਰੀ ਜੋਇੰਦਰ ਸਿੰਘ, ਜ਼ਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਸ੍ਰੀ ਸਤਨਾਮ ਸਿੰਘ ਬਾਜਵਾ, ਸਾਬਕਾ ਵਿਕਾਸ ਮੰਤਰੀ ਸ੍ਰੀ ਸੰਤੋਖ ਸਿੰਘ ਰੰਧਾਵਾ, ਸਾਬਕਾ ਵਿਧਾਇਕ ਸ੍ਰੀ ਵਰਿਆਮ ਸਿੰਘ ਭਾਗੋਵਾਲੀਆ, ਵਿਸ਼ਵਾ ਮਿੱਤਰ ਸੇਖੜੀ ਅਤੇ ਸ੍ਰੀ ਖੁਸ਼ਹਾਲ ਬਹਿਲ ਦੇ ਨਾਮ ਵਰਨਣ ਯੋਗ ਹਨ, ਵੀ ਹਾਜ਼ਰ ਸਨ। ਸ੍ਰੀ ਰਘੂ ਨੰਦਨ ਲਾਲ ਭਾਟੀਆ ਨੇ ਆਪਣੇ ਭਾਸ਼ਨ ਦੌਰਾਨ ਅਕਾਲੀਆਂ ਤੇ ਦੋਸ਼ ਲਾਇਆ ਕਿ ਉਹ ਬੁਰੀ ਤਰਾਂ ਫੁਟ ਦਾ ਸ਼ਿਕਾਰ ਹਨ ਜਿਸ ਕਾਰਨ ਇਹਨਾਂ ਨੂੰ ਪੰਜਾਬ ਦੇ ਮਸਲੇ ਹੱਲ ਕਰਾਉਣ ਦੀ ਥਾਂ ਆਪਣੀਆਂ ਕੁਰਸੀਆਂ ਦੀ ਜ਼ਿਆਦਾ ਚਿੰਤਾ ਹੈ। ਇਹ ਸਚਾਈ ਹੈ ਕਿ ਹੁਣ ਮੋਰਚੇ ਦੀ ਵਾਗਡੋਰ ਸੰਤ ਲੌਂਗੋਵਾਲ ਦੇ ਹੱਥਾਂ ਵਿਚੋਂ ਨਿਕਲ ਚੁਕੀ ਹੈ ਅਤੇ ਉਹ ਅਤਿਵਾਦੀਆਂ ਤੋਂ ਆਪ ਵੀ ਡਰਦੇ ਹਨ। ਹੁਣ ਜਦ ਕਿ ਪ੍ਰਧਾਨ ਮੰਤਰੀ ਅਕਾਲੀਆਂ ਦੀਆਂ ਧਾਰਮਿਕ ਤੇ ਆਰਥਿਕ ਮੰਗਾਂ ਪ੍ਰਵਾਨ ਕਰ ਚੁਕੇ ਹਨ, ਮੋਰਚਾ ਜਾਰੀ ਰੱਖਣ ਦੀ ਕੋਈ ਲੋੜ ਨਹੀਂ। ਜੇਕਰ ਫਿਰ ਵੀ ਉਹ ਸੱਚੇ ਦਿਲੋਂ ਪੰਜਾਬ ਵਿਚ ਸ਼ਾਂਤੀ ਦਾ ਵਾਤਾਵਰਨ ਪੈਦਾ ਕਰਨ ਲਈ ਇਛੁਕ ਹਨ ਤਾਂ ਉਹ ਗੱਲਬਾਤ ਦੀ ਮੇਜ਼ ਤੇ ਆਉਣ। ਇਸ ਮੀਟਿੰਗ ਵਿਚ ਜ਼ਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਸ੍ਰ: ਸਤਨਾਮ ਸਿੰਘ ਬਾਜਵਾ ਨੇ ਦੋਸ਼ ਲਾਇਆ ਕਿ ਦਰਬਾਰਾ ਸਿੰਘ ਸਰਕਾਰ ਸਮੇਂ ਹੀ ਪਾਰਟੀ ਵਰਕਰਾਂ ਤੇ ਵਧੀਕੀਆਂ ਹੁੰਦੀਆਂ ਰਹੀਆਂ ਹਨ।

## ਅਮਰੀਕਾ ਦੀ ਨੀਤੀ ਹੀ ਮਦਾਖਲਤ ਦੀ ਰਹੀ ਹੈ

ਨਵੀਂ ਦਿੱਲੀ—ਗਰੇਨਾਡਾ ਉਤੇ ਅਮਰੀਕੀ ਹਮਲਾ ਕੇਂਦਰੀ ਅਮਰੀਕਾ ਵਿਚ ਅਮਰੀਕੀ ਮੁਦਾਖਲਤ ਦੀ ਕੇਵਲ ਇਕ ਹੋਰ ਮਿਸਾਲ ਹੈ। ਕੋਰਨਲ ਯੂਨੀਵਰਸਿਟੀ ਦੇ ਇਤਿਹਾਸਕਾਰ ਮਿ: ਵਾਲਟਰ ਲਾਫੇਬਰ ਨੇ ਦਸਿਆ ਹੈ ਕਿ 1898 ਤੇ 1920 ਦੇ ਦਰਮਿਆਨ ਕਰੇਬੀਅਨ ਦੇਸ਼ਾਂ ਨੂੰ ਘਟੋ ਘੱਟ 20 ਵਾਰ ਅਮਰੀਕੀ ਸੈਨਕ ਭੇਜੇ ਗਏ ਸਨ।

ਆਪਣੀ ਕਿਤਾਬ "ਅਟਲ ਇਨਕਲਾਬ" ਵਿਚ ਮਿ: ਲਾਫੇਬਰ ਨੇ ਕਿਹਾ ਕਿ 20ਵੀਂ ਸਦੀ ਦੇ ਹਰ ਲਿਬਰਲ ਪ੍ਰਧਾਨ ਨੇ ਕੇਂਦਰੀ ਅਮਰੀਕਾ ਵਿਚ ਕੋਈ ਨਾ ਕੋਈ ਪੰਗਾ ਲਿਆ।" ਉਹਨਾਂ ਦਲੀਲ ਦਿੱਤੀ ਹੈ ਕਿ ਅਮਰੀਕਾ ਦੀ ਨੀਤੀ ਨੇ ਕੇਂਦਰੀ ਅਮਰੀਕਾ ਵਿਚ ਵਾਰ ਵਾਰ ਆਮ ਸਮਾਜੀ ਤਬਦੀਲੀ ਦਾ ਰਾਹ ਰੋਕਿਆ ਹੈ ਅਤੇ ਕੇਂਦਰੀ ਅਮਰੀਕਾ ਵਿਚ ਅਗੇ ਵਧੂ ਸੁਧਾਰਾਂ ਨੂੰ ਲਿਤਾੜਿਆ ਹੈ। ਮਿ: ਲਾਫੇਬਰ ਨੇ ਕਿਹਾ ਕਿ ਇਹ ਅਮਰੀਕਾ ਹੈ ਜਿਸ ਨੇ ਇਸ ਖਿਤੇ ਵਿਚ ਇਨਕਲਾਬੀ ਤਸ਼ਦਦ ਨੂੰ ਤਬਦੀਲੀ ਦਾ ਇਕੋ ਇਕ ਵਸੀਲਾ ਬਣਾ ਦਿਤਾ ਹੈ। ਮਿ: ਲਾਫੇਬਰ ਨੇ ਕਿਹਾ ਹੈ ਕਿ ਕੇਂਦਰੀ (ਲਾਤੀਨੀ) ਅਮਰੀਕਾ ਦਾ ਵਿਹਾਰ ਵਾਰ ਵਾਰ ਅਤੇ ਲਗਾਤਾਰ ਮੁਦਾਖਲਤ ਦੇ ਨਾਲ ਨਾਲ ਇਸ ਖਿਤੇ ਦੇਸ਼ਾਂ ਅੰਦਰਲੀਆਂ ਸਜੀਵ ਤਹਿਰੀਕਾਂ ਬਾਰੇ ਅਤਿ ਦੀ ਅਗਿਆਨਤਾ ਉਤੇ ਅਧਾਰਤ ਹੈ। ਉਨ੍ਹਾਂ ਕਿਹਾ ਹੈ ਕਿ 18ਵੀਂ ਸਦੀ ਦੀ ਸਿਰ ਕੱਢ ਇਨਕਲਾਬੀ ਕੌਮ 20ਵੀਂ ਸਦੀ ਦੀ ਪੁਰਾਤਨ ਤੇ ਜਰਜਰੇ ਢਾਂਚੇ ਦੀ ਸਿਰਕੱਢ ਰਖਵਾਲੀ ਤਾਕਤ ਬਣਕੇ ਰਹਿ ਗਈ।

## ਨਸ਼ੀਲੀਆਂ ਗੋਲੀਆਂ ਨਾਲ ਮੌਤ ਡਾਕਟਰ ਗ੍ਰਿਫਤਾਰ

ਬਟਾਲਾ—ਬੀਤੇ ਦਿਨ ਸਿਵਲ ਹਸਪਤਾਲ ਬਟਾਲਾ ਵਿਚ ਗਿਆਨ ਸਿੰਘ ਵਾਸੀ ਮੁਸਤਫਾਪੁਰ ਦੀ ਨਸ਼ੀਲੀਆਂ ਗੋਲੀਆਂ ਕਰਕੇ ਮੌਤ ਹੋ ਗਈ। ਸਿਟੀ ਪੁਲਸ ਬਟਾਲਾ ਨੇ ਦਫਾ 304 ਏ. ਆਈ. ਪੀ. ਸੀ. ਅਧੀਨ ਕੇਸ ਦਰਜ ਕਰਕੇ ਇਕ ਜਾਲੀ ਡਾਕਟਰ ਜਿਸਨੇ ਮ੍ਰਿਤਕ ਨੂੰ ਗੋਲੀਆਂ ਦਿੱਤੀਆਂ ਸਨ, ਨੂੰ ਗ੍ਰਿਫਤਾਰ ਕਰ ਲਿਆ। ਮ੍ਰਿਤਕ ਆਪਣੇ ਪਿਛੇ ਇਕ ਵਿਧਵਾ ਅਤੇ ਤਿੰਨ ਬੱਚੇ ਛੱਡ ਗਿਆ ਹੈ।

## ਰਾਸ਼ਟਰਪਤੀ ਦੀ ਚੋਣ ਵਿਰੁਧ ਪਟੀਸ਼ਨ ਰੱਦ

ਨਵੀਂ ਦਿੱਲੀ—ਸੁਪਰੀਮ ਕੋਰਟ ਨੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਚੋਣ ਵਿਰੁਧ ਉਤਰ ਪ੍ਰਦੇਸ਼ ਦੇ ਇਕ ਵਕੀਲ ਧਰਤੀ ਪਕੜ ਮਦਨ ਲਾਲ ਵਲੋਂ ਕੀਤੀ ਗਈ ਪਟੀਸ਼ਨ ਰੱਦ ਕਰ ਦਿੱਤੀ ਹੈ। ਇਸ ਪਟੀਸ਼ਨ ਦੀ ਸੁਣਵਾਈ ਪੰਜ ਜੱਜਾਂ ਦੇ ਬੈਂਚ ਨੇ ਕੀਤੀ ਜਿਸਦੀ ਪ੍ਰਧਾਨਗੀ ਚੀਫ ਜਸਟਿਸ ਸ੍ਰੀ ਵਾਈ. ਵੀ. ਚੰਦਰਾਚੂੜ ਨੇ ਕੀਤੀ।

## ਪੰਜਾਬ ਮਸਲਾ ਛੇਤੀ ਹਲ ਕਰਨ ਦੀ ਮੰਗ

ਜਲੰਧਰ—ਲੈਫਟੀਨੈਂਟ ਕਰਨਲ ਚਰਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਇੰਡੀਆ ਐਕਸ ਸਰਵਿਸ ਲੀਗ (ਪੰਜਾਬ) ਦੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਸਰਕਾਰ ਅਤੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਬਗੈਰ ਕਿਸੇ ਪਖਪਾਤ ਦੇ ਖੁਲ੍ਹੇ ਦਿਮਾਗ ਨਾਲ ਚਿਰਾਂ ਤੋਂ ਲਟਕਦੀ ਪੰਜਾਬ ਸਮਸਿਆ ਨੂੰ ਝੱਟ ਪਟ ਹਲ ਕਰਨ ਵਿਚ ਸਹਾਈ ਹੋਵੇ।


# ਸਵੂਰ ਸਾਗਰ ਰੇਡੀਓ ਪ੍ਰੋਗਰਾਮ

ਸਵੂਰ ਸਾਗਰ ਪ੍ਰੋਗਰਾਮ ਨੂੰ ਸੁਣਨੋ ਨਾ ਭੁਲੋ

Ph.: 299-6767 Or 253-7596 24 hours. Pager 9090

ਹਿੰਦੀ ਅਤੇ ਪੰਜਾਬੀ ਦਾ ਹਰਮਨ ਪਿਆਰਾ ਰੇਡੀਓ ਪ੍ਰੋਗਰਾਮ

**ਹਰ ਐਤਵਾਰ ਸਵੇਰੇ ਤੇ ਸ਼ਾਮ**

ਰੇਡੀਓ ਤੇ ਸੀ. ਜੇ. ਸੀ(CJJC 800 AM DIAL)

Sunday Entertainment:

ਹਰ ਐਤਵਾਰ
**ਸਵੇਰੇ**
**10⁰⁵ ਤੋਂ 11⁰⁶**

ਹਰ ਐਤਵਾਰ
**ਸ਼ਾਮ**
**7⁰⁵ ਤੋਂ 8⁰⁰**



Producer
Manjit Virdi

# ਸੰਸਾਰ ਦਰਪਣ

## ਪ੍ਰਮਾਣੂ ਜਾਣਕਾਰੀ ਚੋਰੀ ਕਰਨ ਦੇ ਦੋਸ਼ ਵਿਚ ਪਾਕਿਸਤਾਨੀ ਨੂੰ ਸਜ਼ਾ

ਐਮਸਟਰਡਮ — ਇਥੋਂ ਦੀ ਇਕ ਕੋਰਟ ਨੇ ਇਕ ਪਾਕਿਸਤਾਨੀ ਸ਼ਹਿਰੀ ਡਾ: ਅਬੇਲ ਕਾਦਰ ਖਾਨ ਨੂੰ ਉਸਦੀ ਗੈਰ ਹਾਜ਼ਰੀ ਵਿਚ ਕੁਝ ਅਤੀ ਜਰੂਰੀ ਅਤੇ ਗੁਪਤ ਪ੍ਰਮਾਣੂ .ਜਾਣਕਾਰੀ ਨੂੰ URENCO URANIAM ENRICHMENT FACILITY ਵਿਚ ਕੰਮ ਕਰਦਿਆਂ ਚੋਰੀ ਕਰ ਲੈਣ ਦੇ ਦੋਸ਼ ਵਿਚ 4 ਸਾਲ ਦੀ ਸਜ਼ਾ ਦਾ ਹੁਕਮ ਦਿਤਾ ਹੈ। ਖਬਰ ਅਨੁਸਾਰ ਇਹ ਚੋਰੀ 1976-77 ਵਿਚ ਅਲਾਹਿਮੇਲੋ ALAIMELO ਵਿਚ ਕੀਤੀ ਗਈ।

ਉਸ ਸਮੇਂ ਪਾਕਿਸਤਾਨ ਪ੍ਰਮਾਣੂ ਸ਼ਕਤੀ ਦੀ ਪ੍ਰਾਪਤੀ ਲਈ ਜੱਦੋ-ਜਹਿਦ ਕਰ ਰਿਹਾ ਸੀ ਅਤੇ ਖਿਆਲ ਕੀਤਾ ਜਾਂਦਾ ਹੈ ਕਿ ਇਹ ਗੁਪਤ ਪ੍ਰਮਾਣੂ ਜਾਣਕਾਰੀ ਦਾ ਭੇਦ ਉਥੇ ਹੀ ਪੁਜਾ ਹੈ ਜੋ ਕਿ ਡਾ: ਖਾਨ ਲੈ ਕੇ ਗਿਆ।

ਡੱਚ ਸਰਕਾਰ ਵਲੋਂ 1980 ਵਿਚ ਦਿੱਤੀ ਗਈ ਇਕ ਰੀਪੋਰਟ ਦੇ ਅਨੁਸਾਰ ਡਾ ਖਾਨ 1977 ਵਿਚ ਨੀਦਰਲੈਂਡ ਛੱਡ ਗਿਆ ਅਤੇ ਆਪਣੇ ਦੇਸ਼ ਵਿਚ ਜਾਕੇ ਪ੍ਰਮਾਣੂ ਸ਼ਕਤੀ ਦੀ ਪ੍ਰਾਪਤੀ ਲਈ ਵੱਡਮੁਲਾ ਕੰਮ ਕਰਦਾ

## ਅਮਰੀਕਾ ਹਿੰਦ ਦੇ ਟੁਕੜੇ ਟੁਕੜੇ ਕਰਨਾ ਚਾਹੁੰਦਾ ਹੈ

### ਪ੍ਰਾਵਦਾ ਦੀ ਟਿੱਪਣੀ

ਮਾਸਕੋ—ਪ੍ਰਾਵਦਾ ਨੇ ਕਿਹਾ ਹੈ ਕਿ ਅਮਰੀਕਾ ਹਿੰਦ ਵਿਚ ਰਾਜਨੀਤਕ ਸਥਿਤੀ ਵਿਚ ਉਥਲ-ਪੁਥਲ ਕਰਨ ਲਈ ਅਤਿਵਾਦੀ ਤੇ ਵਖਵਾਦੀ ਤਾਕਤਾਂ" ਦੀ ਵਰਤੋਂ ਕਰ ਰਿਹਾ ਹੈ ਅਤੇ ਦੇਸ਼ ਵਿਚ ਛੋਟੇ ਛੋਟੇ ਟੁਕੜਿਆਂ ਚਿਵ ਵੰਡਣਾ ਚਾਹੁੰਦਾ ਹੈ। ਅਖਬਾਰ ਵਿਚ ਕੀਤੀ ਟਿੱਪਣੀ ਵਿਚ ਵਿਨੀਆਮਿਨ ਸੂਰੀਗਿਨ ਨੇ ਲਿਖਿਆ ਹੈ ਕਿ ਅਮਰੀਕਾ ਹਿੰਦ ਦੇ ਉਦਾਲੇ ਵੈਰ-ਭਰਿਆ ਘੇਰਾ ਵੀ ਪਾਉਣਾ ਚਾਹੁੰਦਾ ਹੈ ਅਤੇ ਉਸ ਨੂੰ ਗੁਟ ਨਿਰਲੇਪ ਲਹਿਰ ਵਿਚੋਂ ਵੀ ਕਿਹੜਾ ਚਾਹੁੰਦਾ ਹੈ।

ਟਿੱਪਣੀਕਾਰ ਨੇ ਕਿਹਾ ਹੈ, "ਪਾਕਿਸਤਾਨ ਨੂੰ ਹਥਿਆਰਾਂ ਦੀ ਸਪਲਾਈ ਕਰ ਕੇ ਅਮਰੀਕੀ ਸਾਮਰਾਜੀ ਇਸ ਖਿਤੇ ਵਿਚ ਤਾਕਤਾਂ ਦੇ ਤੋਲ ਨੂੰ ਹਿੰਦ ਦੇ ਖਿਲਾਫ ਬਦਲਨਾ ਚਾਹੁੰਦੇ ਹਨ। ਤੇ ਇਸ ਦੀ ਥਾਂ ਉਤੇ ਸਜੇ ਪੱਖੀ ਤੇ ਪੱਛਮ-ਪੱਖੀ ਪਾਰਟੀਆਂ ਦੇ ਪ੍ਰਤੀਨਿਧਾਂ ਨੂੰ ਲਿਆਉਣਾ ਚਾਹੁੰਦੇ ਹਨ। ਟਿੱਪਣੀ ਵਿਚ ਕਿਹਾ ਗਿਆ ਹੈ ਕਿ ਹਿੰਦ ਦੇ ਖਿਲਾਫ ਤੋੜ ਫੋੜ ਦੀਆਂ ਕਾਰਵਾਈਆਂ ਅਤੇ ਗਰੇਨਾਡਾ ਉਤੇ ਹਮਲਾ ਅਮਰੀਕੀ ਸਾਮਰਾਜੀ ਜ਼ੁਲਮਾਂ ਦੀ ਇਕ ਜੰਜੀਰ ਦੀਆਂ ਕੜੀਆਂ ਹਨ। ਇਹ ਤੱਥ ਇਸ ਗੱਲ ਦੇ ਸਪਸ਼ਟ ਸਬੂਤ ਹਨ ਕਿ ਅਮਰੀਕਾ ਦੀ ਰਾਜਹਾਨਾ ਨੀਤੀ ਹੋਰ ਤਿੱਖੀ ਹੋ ਰਹੀ ਹੈ।"

## ਇੰਕਾ ਵਲੋਂ ਘਿਓ 'ਚ ਚਰਬੀ ਦੀ ਵਰਤੋਂ ਸਵੀਕਾਰ

ਭੁਪਾਲ— ਕਾਂਗਰਸ (ਇ:) ਦੇ ਜਨਰਲ ਸਕੱਤਰ ਸ੍ਰੀ ਰਾਜੀਵ ਗਾਂਧੀ ਇਹ ਮੰਨਿਆ ਹੈ ਕਿ ਬਨਸਪਤੀ ਘਿਓ ਦੇ ਕੁਝ ਗੈਰਲਸੰਸੀ ਉਤਪਾਦਕਾਂ ਨੇ ਆਪਣੇ ਉਤਪਾਦਨ ਵਿਚ ਚਰਬੀ ਦੀ ਵਰਤੋਂ ਕੀਤੀ।

ਇਥੇ ਇੰਕਾ ਪਾਰਟੀ ਰੈਲੀ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਬਨਸਪਤੀ ਘਿਓ ਦੇ ਤਿੰਨ ਸੈਂਪਲਾਂ ਤੋਂ ਚਰਬੀ ਦੀ ਮਿਲਾਵਟ ਦਾ ਪਤਾ ਲਗਾ ਹੈ ਅਤੇ ਇਸ ਦੇ ਉਤਾਪਦਕਾਂ ਜਿਨ੍ਹਾਂ ਕੋਲ ਲਾਇਸੈਂਸ ਨਹੀਂ ਸਨ ਅਤੇ ਜਿਹੜੇ ਪਲਾਸਟਿਕ ਦੇ ਲਿਫਾਫਿਆਂ ਵਿਚ ਆਪਣਾ ਘਿਓ ਵੇਚਦੇ ਸਨ ਵਿਰੁਧ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਫੇਰ ਵੀ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਸਰਕਾਰ ਨੇ 4000 ਤੋਂ ਵੱਧ ਲਸੰਸਧਾਰੀ ਘਿਓ ਉਤਪਾਦਕਾਂ ਕੋਲੋਂ ਘਿਓ ਦੇ ਸੈਂਪਲ ਲਏ ਪਰ ਉਹਨਾਂ ਵਿਚ ਗਊ ਦੀ ਚਰਬੀ ਦੀ ਮਿਲਾਵਟ ਨਹੀਂ ਪਾਈ ਗਈ।

ਉਹਨਾਂ ਕਿਹਾ ਕਿ ਵਨਾਸਪਤੀ ਵਿਚ ਗਊ ਦੀ ਚਰਬੀ ਦੀ ਮਿਲਾਵਟ ਦਾ ਮਸਲਾ ਗੰਭੀਰ ਹੈ, ਪਰ ਉਨ੍ਹਾਂ ਲੋਕਾਂ ਨੂੰ ਯਕੀਨ ਦੁਆਇਆ ਕਿ ਦੇਸ਼ ਵਿਚ ਘਿਓ ਪੂਰੀ ਤਰ੍ਹਾਂ 'ਵੈਸ਼ਨੋ' ਤਿਆਰ ਕੀਤਾ ਜਾ ਰਿਹਾ ਹੈ ਤੇ ਕਾਨੂੰਨ ਇਸ ਵਿਚ ਮਿਲਾਵਟ ਦੀ ਇਜਾਜ਼ਤ ਨਹੀਂ ਦੇਵੇਗਾ।


DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

PAUL'S

PLUMBING & ELECTRICAL SUPPLY



4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS


## ਲੰਕਾ ਸਮਸਿਆ ਬਾਰੇ ਹਿੰਦ ਦੇ ਯਤਨਾਂ ਨੂੰ ਫਲ

ਕੋਲੰਬੋ—ਤਾਮਿਲ ਸਮਸਿਆ ਦੇ ਹੱਲ ਵਾਸਤੇ ਸੰਵਿਧਾਨ ਵਿਚ ਮੁਖ ਤਬਦੀਲੀਆਂ ਦੀਆਂ ਸੰਭਾਵਨਾਵਾਂ ਦਰਮਿਆਨ ਹਿੰਦ ਦੇ ਵਿਸ਼ੇਸ਼ ਦੂਤ ਜੀ. ਪਾਰਥਾਸਾਰਥੀ ਨੇ ਆਪਣਾ ਚਾਰ ਦਿਨਾਂ ਦੌਰਾ ਸਮੇਟ ਲਿਆ। ਸ੍ਰੀ ਲੰਕਾ ਦੀਆਂ ਅਖਬਾਰਾਂ ਵਿਚ ਇਹ ਰੀਪੋਰਟਾਂ ਛਪੀਆਂ ਹਨ ਕਿ ਭਾਰਤ ਸਰਕਾਰ ਦੇ ਯਤਨ ਨਤੀਜਾਖੇਜ਼ ਰਹੇ ਹਨ। ਅਤੇ ਜੈਵਰਧਨੇ ਸਰਕਾਰ ਵਲੋਂ ਗੁੰਝਲਦਾਰ ਸਮਸਿਆ ਦੇ ਹੱਲ ਲਈ ਰੈਫਰੈਂਡਮ ਕਰਾਉਣ ਦੀਆਂ ਭਾਰੀ ਸੰਭਾਵਨਾਵਾਂ ਹਨ।

ਸ੍ਰੀ ਪਾਰਥਾਸਾਰਥੀ ਦੀ ਪ੍ਰਧਾਨ ਜੈਵਰਧਨੇ ਨਾਲ ਗਲਬਾਤ ਨੂੰ ਉਸਾਰੂ ਦਸਿਆ ਗਿਆ ਹੈ ਉਹ ਆਪਣੇ ਨਾਲ ਕਈ ਤਜਵੀਜ਼ਾਂ ਲੈਕੇ ਭਾਰਤ ਪਰਤੇ ਹਨ। ਭਾਰਤੀ ਆਗੂ ਇਹਨਾਂ ਤਜਵੀਜ਼ਾਂ ਬਾਰੇ ਅਗਲੇ ਹਫਤੇ ਤਾਮਿਲ ਯੂਨਾਇਟਿਡ ਲਿਬਰੇਸ਼ਨ ਫਰੰਟ ਦੇ ਆਗੂਆਂ ਨਾਲ ਗਲਬਾਤ ਕਰਨਗੇ।

ਉਹ ਜੈਵਰਧਨੇ ਦੇ ਅਗਲੇ ਮਹੀਨੇ ਦਿੱਲੀ ਦੌਰ ਤੱਕ ਕੋਈ ਫਾਰਮੂਲਾ ਤਿਆਰ ਕਰਨਗੇ।

## ਮਾਮਲਾ ਕੋਹੇਨੂਰ ਹੀਰੇ ਦਾ

ਵਾਸ਼ਿੰਗਟਨ—ਬੁਕਿੰਘਮ ਮਹੱਲ ਦੇ ਇਕ ਬੁਲਾਰੇ ਨੇ ਦੱਸਿਆ ਕਿ ਜੇ ਹਿੰਦ ਨੇ "ਕੋਹੇਨੂਰ" ਹੀਰੇ ਦੀ ਵਾਪਸੀ ਦੀ ਬਾਕਾਇਦਾ ਬੇਨਤੀ ਕੀਤੀ ਤਾਂ ਬਰਤਾਨੀਆਂ ਇਸ ਉਤੇ ਵਿਚਾਰ ਕਰੇਗਾ। ਇਹ ਹੀਰਾ ਇਸ ਵੇਲੇ ਮਲਕਾ ਦੇ ਤਾਜ ਵਿਚ ਲਗਾ ਹੋਇਆ ਹੈ।

ਬੁਕਿੰਘਮ ਮਹੱਲ ਦਾ ਬੁਲਾਰਾ ਟਾਈਮਜ਼ ਵਿਚ ਛਪੀ ਨਵੀਂ ਦਿੱਲੀ ਦੀ ਇਸ ਰੀਪੋਰਟ ਉਤੇ ਟਿਪਣੀ ਕਰ ਰਿਹਾ ਸੀ ਕਿ ਕੁਝ ਹਿੰਦੁਸਤਾਨੀ ਕੋਹੇਨੂਰ ਹੀਰੇ ਨੂੰ ਤਾਂਘ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਹਨ। ਇਹ ਹੀਰਾ ਬਰਤਾਨੀਆਂ ਨੇ ਪੰਜਾਬ ਉਤੇ ਕਬਜ਼ੇ ਸਮੇਂ ਹਾਸਲ ਕੀਤਾ ਸੀ। ਇਹ ਹੀਰਾ ਸ਼ਾਹੀ ਜਵਾਹਰਾਂ ਦਾ ਹਿਸਾ ਹੈ ਤੇ ਇਸ ਪਖੋਂ ਮਲਕਾ ਦੀ ਨਿਜੀ ਮਲ ਕੀਅਤ ਨਹੀਂ ਸਗੋਂ ਬਰਤਾਨਵੀ ਕੌਮ ਦੀ ਮਲਕੀਅਤ ਹੈ। ਅਖਬਾਰ ਟਾਈਮਜ਼ ਨੇ ਲਿਖਿਆ ਸੀ ਕਿ ਹਿੰਦੁਸਤਾਨ ਸਾਹਮਣੇ ਸਵਾਲ ਇਹ ਹੈ ਕਿ ਜੇ ਉਸ ਨੇ ਹੀਰਾ ਵਾਪਸ ਹਾਸਲ ਕਰਨਾ ਹੋਵੇ ਤਾਂ ਉਹ ਕਿਸ ਕੋਲ ਪਹੁੰਚ ਕਰੇ।

ਬਕਿੰਘਮ ਮਹਲ ਦੇ ਬੁਲਾਰੇ ਨੇ ਕਿਹਾ, "ਇਹ ਸਵਾਲ ਫਰਜੀ ਹੈ।"

## ਅਮਰੀਕਾ ਲਿਬਨਾਨ 'ਚ 40 ਕਰੋੜ ਡਾਲਰ ਦਾ ਬਰੂਦ ਫੂਕੇਗਾ

ਨਵੀਂ ਦਿੱਲੀ—ਅਮਰੀਕੀ ਰਖਿਆ ਵਿਭਾਗ ਦੇ ਸੂਤਰਾਂ ਅਨੁਸਾਰ ਅਮਰੀਕਾ ਇਸ ਸਾਲ ਵਿਚ ਲਿਬਨਾਨ ਵਿਚ 40 ਕਰੋੜ ਡਾਲਰ ਦੇ ਹਥਿਆਰ ਅਤੇ ਗੋਲਾ ਬਰੂਦ ਸਪਲਾਈ ਕਰੇਗਾ। ਇਥੇ ਇਹ ਵਰਣਨ ਯੋਗ ਹੈ ਕਿ 1950 ਤੋਂ 1982 ਤਕ ਲਿਬਨਾਨ ਵਿਚ 12 ਕਰੋੜ ਡਾਲਰ ਦੇ ਹਥਿਆਰ ਅਮਰੀਕਾ ਨੇ ਸਪਲਾਈ ਕੀਤੇ।

## ਤ੍ਰੀਪੋਲੀ 'ਚ ਜੰਗਬੰਦੀ

ਉੱਤਰੀ ਲਿਬਨਾਨ ਵਿਚ ਫਲਸਤੀਨੀ ਧੜਿਆਂ ਵਿਚਾਲੇ ਜੰਗ ਅਜ ਲਗ-ਪਗ ਬੰਦ ਰਹੀ ਜਦਕਿ ਅਮਰੀਕੀ ਜੈੱਟ ਜਹਾਜ਼ਾਂ ਨੇ ਰਾਤ ਤੇ ਤੜਕੇ ਬੇਰੂਤ ਅਤੇ ਲਿਬਨਾਨ ਦੀਆਂ ਕੇਂਦਰੀ ਪਹਾੜੀਆਂ ਉਤੇ ਉਡਾਣਾਂ ਭਰੀਆਂ.

## ਮੁਅਤਲੀ ਪਿਛੋਂ ਪਰਤੇ ਮੈਕਐਨਰੋ ਵਲੋਂ ਫਿਰ ਇਲਤ

ਵੈਂਬਲੇ (ਇੰਗਲੈਂਡ) —(ਏ. ਪੀ.) ਤਿੰਨ ਹਫਤੇ ਦੀ ਮੁਅਤਲੀ ਪਿਛੋਂ ਪਰਤੇ ਜੋਹਨ ਮੈਕਐਨਰੋ ਨੂੰ ਬੀਤੀ ਰਾਤ ਰੈਫਰੀ ਨੇ ਮੈਦਾਨ ਵਿਚ ਮਾੜੇ ਵਿਹਾਰ ਲਈ ਤਾੜਨਾ ਕੀਤੀ.

ਉਸ ਨੇ 3 ਲਖ 15 ਹਜ਼ਾਰ ਡਾਲਰ ਦੇ ਬੇਨਸਨ ਐਂਡ ਹੈਜੇਜ਼ ਟੂਰਨਾਮੈਂਟ ਦੇ ਪਹਿਲੇ ਗੇੜ ਵਿਚ ਬਰਤਾਨੀਆ ਦੇ ਜੋਹਨ ਲਾਇਡ ਨੂੰ 6-2, 6-4 ਨਾਲ ਹਰਾਉਣ ਦੌਰਾਨ ਇਕ ਵਾਰ ਖਿਝਕੇ ਕੋਰਟ ਨਾਲ ਦੀ ਫੁਲਾਂ ਦੀ ਕਿਆਰੀ ਵਿਚ ਰੈਕਟ ਘੁਮਾਇਆ ਤੇ ਪਤੀਆਂ ਤੋੜ ਦਿੱਤੀਆਂ. ਬਰਤਾਨਵੀ ਅੰਪਾਇਰ ਜੈਨਕਿਨਜ਼, ਜਿਹੜਾ ਪਹਿਲਾਂ ਵੀ ਕਈ ਵਾਰ ਮੈਕਐਨਰੋ ਵਿਰੁਧ ਐਕਸ਼ਨ ਲੈ ਚੁਕਾ ਹੈ, ਨੇ ਉਸ ਨੂੰ ਰੈਕਟ ਦੀ ਦੁਰਵਰਤੋਂ ਲਈ ਤਾੜਨਾ ਕੀਤੀ.

ਜਿਮੀ ਕਾਨਰਜ਼ ਨੇ ਜਰਮਨੀ ਦੇ ਐਂਡਰੀਸ ਮੌਰਰ ਨੂੰ 5-7, 6-1, -0 ਨਾਲ ਹਰਾਇਆ.

## ਸੱਤ ਬੰਦਿਆਂ ਨੂੰ ਕੋਰੜੇ ਲੱਗਣ ਦੀ ਸਜ਼ਾ

ਕਰਾਚੀ — ਪਾਕਿਸਤਾਨ ਦੀ ਇਕ ਫੌਜੀ ਅਦਾਲਤ ਨੇ ਸੱਤ ਵਿਅਕਤੀਆਂ ਨੂੰ ਕਰੜੇ ਪੈਣ ਦੀ ਸਜ਼ਾ, ਜੁਰਮਾਨੇ ਅਤੇ ਇਕ ਸਾਲ ਦੀ ਸਖਤ ਕੈਦ ਦੀ ਸਜ਼ਾ ਇਸ ਕਰਕੇ ਸੁਣਾਈ ਹੈ ਕਿ ਉਹ ਅਮਰੀਕਨ ਕਰੰਸੀ ਦੇ ਧੰਦੇ ਤੋਂ ਇਲਾਵਾ ਝੂਠੇ ਪਾਸਪੋਰਟ, ਅਸ਼ਟਾਮ ਅਤੇ ਕਾਲਜਾਂ ਦੀਆਂ ਡਿਗਰੀਆਂ ਵੇਚਦੇ ਸਨ।

## ਹਥਿਆਰਾਂ ਲਈ ਪਾਕਿਸਤਾਨ ਦੀ ਦੌੜ

ਨਵੀਂ ਦਿੱਲੀ — ਖਬਰ ਹੈ ਕਿ ਪਾਕਿਸਤਾਨ ਨਵੀਨ ਹਥਿਆਰਾਂ ਲਈ, ਜੰਗੀ ਸਾਮਾਨ ਲਈ ਹਵਾਈ ਜਹਾਜਾਂ ਅਤੇ ਟੈਂਕਾਂ ਲਈ ਅਮਰੀਕਾ ਅਤੇ ਚੀਨ ਤੋਂ ਇਲਾਵਾ ਹੋਰ ਬਦੇਸ਼ਾਂ ਦੀਆਂ ਮੰਡੀਆਂ ਦੇ ਚੱਕਰ ਲਗਾ ਰਿਹਾ ਹੈ। ਇਹ ਗੱਲ ਰਾਜ ਸਭਾ ਵਿਚ ਦੱਸੀ ਗਈ।

## ਨਿਕਾਰਾਗੂਆ 'ਤੇ ਅਮਰੀਕੀ ਹਮਲੇ ਦੀਆਂ ਤਿਆਰੀਆਂ

ਮਾਨਾਗੂਆ—ਨਿਕਾਰਾਗੂਆ ਦੇ ਕਮਾਂਡਰ ਵਿਕਟਰ ਟਰੋਡੇ ਨੇ ਕਿਹਾ ਹੈ ਕਿ ਹੁੰਡਰਾਸ ਦੇ 5000 ਫੌਜੀ ਅਤੇ ਸਾਬਕ ਸੋਮੋਜ਼ਾ ਤਾਨਾਸ਼ਾਹੀ ਦੇ ਰਖਿਅਕ ਵਿਅਕਤੀਆਂ ਨੂੰ ਨਿਕਾਰਾਗੂਆ ਦੀ ਸਰਹੱਦ ਉਤੇ ਤਾਇਨਾਤ ਕਰ ਦਿੱਤਾ ਗਿਆ ਹੈ। ਅਤੇ ਉਹਨਾਂ ਨੂੰ ਨਿਕਾਰਾਗੂਆ ਉਤੇ ਹਮਲੇ ਲਈ ਤਿਆਰ ਰਹਿਣ ਵਾਸਤੇ ਕਿਹਾ ਗਿਆ ਹੈ। ਸ੍ਰੀ ਟਰੋਡੋ ਨੇ ਕਿਹਾ ਕਿ 25 ਹਜ਼ਾਰ ਅਮਰੀਕੀ ਫੌਜੀ ਅਤੇ ਸਮੁੰਦਰੀ ਸੈਨਾ ਦੇ ਕਰਮਚਾਰੀ ਹੁੰਡਰਾਸ ਦੇ ਨਜ਼ਦੀਕ ਸਮੁੰਦਰੀ ਕੰਢੇ ਉਤੇ ਤਾਇਨਾਤ ਹਨ। ਇਹ ਅਮਰੀਕੀ ਸੈਨਿਕ ਨਿਕਾਰਾਗੂਆ ਉਤੇ ਹਮਲੇ ਸਮੇਂ ਹੁੰਡਰਾਸ ਦੇ ਸੈਨਿਕ ਦੀ ਮਦਦ ਕਰਨਗੇ।

ਵੈਨਜ਼ੁਏਲਾ ਵਿਚ ਪੱਤਰਕਾਰਾਂ ਦੀਆਂ ਰੀਪੋਰਟਾਂ ਦਾ ਕਹਿਣਾ ਹੈ ਕਿ ਮੱਧ ਅਮਰੀਕਾ 'ਚ ਰਾਸ਼ਟਰਪਤੀ ਰੀਗਨ ਦੇ ਵਿਸ਼ੇਸ਼ ਦੂਤ ਰਿਚਰਡ ਸਟੋਨ ਨੇ ਨਿਕਾਰਾਗੂਆ ਵਿਚ ਸੰਭਾਵਿਤ ਅਮਰੀਕੀ ਦਖਲ ਬਾਰੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ। ਦੂਜੇ ਪਾਸੇ ਏ. ਪੀ. ਐਨ. ਕੇ. ਅਨੁਸਾਰ ਗੁਆਨਾ ਦੇ ਰਾਸ਼ਟਰਪਤੀ ਫੋਬਰਜ਼ ਬਰਜਗਮ ਨੇ "ਵਾਸ਼ਿੰਗਟਨ ਪੋਸਟ" ਨੂੰ ਦਿਤੇ ਇਕ ਇੰਟਰਵਿਊ ਵਿਚ ਕਿਹਾ ਹੈ ਕਿ ਅਮਰੀਕਾ ਗੁਆਨਾ ਵਿਚ ਵੀ ਦਖਲ ਦੇਣ ਦੀ ਯੋਜਨਾ ਬਣਾ ਰਿਹਾ ਹੈ। ਉਹਨਾਂ ਕਿਹਾ ਕਿ ਅਮਰੀਕਾ ਅਜ਼ਾਦ ਨੀਤੀ ਅਪਨਾਉਣ ਵਾਲੇ ਸਭ ਕਰੀਬੀਅਨ ਦੇਸ਼ਾਂ ਨੂੰ ਦਬਾਉਣ ਦਾ ਯਤਨ ਕਰ ਰਿਹਾ ਹੈ। ਸ੍ਰੀ ਬਰਨਹਾਮ ਨੇ ਕਿਹਾ ਕਿ ਅਮਰੀਕਾ ਨੇ ਗੁਆਨਾ ਉਤੇ ਆਰਥਕ ਦਬਾਓ ਪਾਉਣਾ ਸ਼ੁਰੂ ਕਰ ਦਿਤਾ ਹੈ ਕਿਉਂਕਿ ਕਿਊਬਾ ਨਾਲ ਗੁਆਨਾ ਦਾ ਦ੍ਰਿੜ ਸੰਬੰਧ ਹੈ। ਪਿਛਲੇ ਜੁਲਾਈ ਮਹੀਨੇ ਅਮਰੀਕਾ ਨੇ ਅੰਤਰ-ਰਾਸ਼ਟਰੀ ਵਿਕਾਸ ਬੈਂਕ ਰਾਹੀਂ ਗੁਆਨਾ ਨੂੰ 4 ਕਰੋੜ ਡਾਲਰ ਦਾ ਕਰਜਾ ਦਿਤੇ ਜਾਣ ਦੇ ਖਿਲਾਫ ਵੋਟ ਪਾਇਆ।


ਭਾਰਤ ਜਾਣ ਦੀ ਤਿਆਰੀ ਹੈ ?

East West Travel Ltd.



ਹਵਾਈ ਟਿਕਟਾਂ

ਸਾਥੋਂ ਹਰ ਏਅਰਲਾਈਨ ਦੀਆਂ
ਹਵਾਈ ਟਿਕਟਾਂ ਮਿਲਦੀਆਂ ਹਨ।

International and Domestic
Special for India, Pakistan, Fiji and West Indies.

Mike Brar

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ

Ph.(403)235-3661

#206-3517, 17 Ave. S.E. Calgary, Alta
T2A 0R5

# ਫ਼ਿਲਮ ਦਰਪਣ

## ਸੁਪਰ ਸਟਾਰ ਦੇ ਪੈਰ ਥਿੜਕ ਗਏ

ਪਤਾ ਲਗਾ ਹੈ ਕਿ ਅਮਿਤਾਬ ਬਚਨ ਨੇ ਹੁਣ ਇਕ ਸਾਲ ਵਿਚ 12 ਫਿਲਮਾਂ ਵਿਚ ਕੰਮ ਕਰਨ ਦਾ ਫੈਸਲਾ ਕੀਤਾ ਹੈ, ਪਹਿਲਾਂ ਅਮਿਤਾਬ ਨੇ ਇਹ ਐਲਾਨ ਕੀਤਾ ਸੀ ਕਿ ਉਹ ਸਾਲ ਵਿਚ ਸਿਰਫ ਦੋ ਹੀ (ਚੰਗੀਆਂ) ਫਿਲਮਾਂ ਵਿਚ ਕੰਮ ਕਰੇਗਾ. ਅਮਿਤਾਬ ਵਲੋਂ ਸਾਲ ਵਿਚ ਦਰਜਨ ਭਰ ਫਿਲਮਾਂ ਕਰਨ ਦਾ ਫੈਸਲਾ ਸਾਫ ਤੌਰ ਤੇ ਰਾਜੇਸ਼ ਖਨਾ ਦੇ ਵਾਪਸੀ ਦੇ ਜਤਨਾਂ ਦਾ ਮੁਕਾਬਲਾ ਕਰਨ ਲਈ ਕੀਤਾ ਗਿਆ ਹੈ. ਅਮਿਤਾਬ ਨੇ ਸ਼ਹਿਨ-ਸ਼ਾਹ, ਔਕਾਤ, ਮਰਦ, ਸ਼ਰਾਬੀ, ਜਾਹਿਲ, ਲੰਬਾਈ, ਚੌੜੀ ਵਰਗੀਆਂ ਫਿਲਮਾਂ ਸਾਈਨ ਕੀਤੀਆਂ ਹਨ, ਇਸਦੇ ਨਾਲ ਹੀ ਉਸਨੇ ਤਿੰਨ ਫਿਲਮਾਂ ਦੱਖਣ ਵਿਚ ਵੀ ਸਾਈਨ ਕੀਤੀਆਂ ਹਨ ਅਤੇ ਅਲੋਚਕਾਂ ਦਾ ਕਹਿਣਾ ਹੈ ਕਿ ਆਖਰਕਾਰ ਸੁਪਰ ਸਟਾਰ ਦੇ ਪੈਰ ਥਿੜਕ ਗਏ ਹਨ.

—0—

ਜਦੋਂ ਕਿ ਅਮਿਤਾਬ ਦੇ ਆਪਣੇ ਪੈਰ ਥਿੜਕ ਰਹੇ ਹਨ, ਦੱਖਣ ਦਾ ਜਲਵਾ ਉਰਫ ਸ੍ਰੀ ਦੇਵੀ ਆਪਣੇ ਨਿਰਦੇਸ਼ਕਾਂ ਦੇ ਪੈਰ ਥਿੜਕਾ ਰਹੀ ਹੈ. ਸੁਣਿਆ ਹੈ ਕਿ ਸ੍ਰੀ ਦੇਵੀ ਵੀ, ਸਫ਼ਲਤਾ ਮਿਲਦਿਆਂ ਹੀ, ਸੁਪਰ-ਸਟਾਰਾਂ ਵਾਲੇ 'ਨਖਰੇ' ਕਰਨ ਲਗ ਪਈ ਹੈ. ਜਾਪਦਾ ਹੈ ਕਿ ਸਫਲਤਾ ਨੇ ਸ੍ਰੀ ਦੇਵੀ ਦਾ ਸਿਰ 'ਫੇਰ' ਦਿੱਤਾ ਹੈ. ਉਹ ਹੁਣ ਆਪਣੇ ਨਿਰਮਾਤਾਵਾਂ ਨੂੰ ਕਹਿ ਰਹੀ ਹੈ ਕਿ ਉਸ ਦੇ ਸਹਾਇਕਾਂ ਅਤੇ ਸ਼ਿੰਗਾਰ ਮਾਹਿਰਾਂ ਨੂੰ ਹਵਾਈ ਜਹਾਜ਼ ਦਾ ਕਿਰਾਇਆ ਦਿੱਤਾ ਜਾਵੇ ਤਾਂ ਜੋ ਉਹ ਮਦਰਾਸ ਤੋਂ ਬੰਬਈ ਉਸਦੇ ਨਾਲ ਆ ਸਕਣ, ਉਹ ਇਹ ਵੀ ਮੰਗ ਕਰ ਰਹੀ ਹੈ ਕਿ ਉਸਦੇ ਸਹਾਇਕਾਂ ਅਤੇ ਮੇਕ-ਅੱਪ ਮੈਨਾਂ ਨੂੰ ਉਸ ਵਾਂਗ ਪੰਜ-ਸਟਾਰ ਹੋਟਲਾਂ ਵਿਚ ਠਹਿਰਾਇਆ ਜਾਵੇ. ਉਸਦੇ ਨਿਰਮਾਤਾ ਹੁਣ ਸ਼ਿਕਾਇਤ ਕਰਨ ਲਗ ਪਏ ਹਨ ਕਿ ਸ੍ਰੀ ਦੇਵੀ ਦੂਜਿਆਂ ਦੇ ਖਰਚ ਉਤੇ ਆਪਣੇ ਆਪ ਨੂੰ ਫਰਾਖ-ਦਿਲ ਸਿੱਧ ਕਰਨਾ ਚਾਹੁੰਦੀ ਹੈ.

—0—

ਜਦੋਂ ਕਿ ਸ੍ਰੀ ਦੇਵੀ ਦੇ ਬਾਕੀ ਨਿਰਮਾਤਾ ਉਸ ਤੋਂ ਪ੍ਰੇਸ਼ਾਨ ਹੋਏ ਦਿਸਦੇ ਹਨ, ਘੱਟੋ ਘੱਟ ਰਾਕੇਸ਼ ਰੋਸ਼ਨ ਉਹ ਨਿਰਮਾਤਾ ਹੈ ਜਿਹੜਾ ਸ੍ਰੀ ਦੇਵੀ ਤੇ ਕਾਫੀ ਖੁਸ਼ ਹੈ. 'ਕਾਮ ਚੋਰ' ਦੀ ਗੋਲਡਨ ਜੁਬਲੀ ਤੋਂ ਬਾਅਦ, ਰਾਕੇਸ਼ ਰੋਸ਼ਨ ਨੇ ਨਿਰਦੇਸ਼ਕ ਕੇ. ਵਿਸ਼ਵਾਨਾਥ ਦੀ ਹਦਾਇਤ ਵਿਚ ਹੀ ਆਪਣੀ ਨਿਰ-ਮਾਤਾ ਵਜੋਂ ਦੂਜੀ ਫਿਲਮ ਦਾ ਐਲਾਨ ਕੀਤਾ ਹੈ. ਰਾਕੇਸ਼ ਦਾ ਕਹਿਣਾ ਹੈ ਕਿ ਸ੍ਰੀ ਦੇਵੀ ਉਸ ਨੂੰ ਦਿੱਤੇ ਗਏ ਬ੍ਰਾਹਮਣ ਸੁੰਦਰੀ ਦੇ ਰੋਲ ਤੋਂ ਬਹੁਤ ਖੁਸ਼ ਹੈ ਤੇ ਇਥੋਂ ਤਕ ਕਿ ਉਸਨੇ ਆਪਣੇ ਪੈਸੇ ਵੀ ਨਹੀਂ ਮੰਗੇ. ਉਸ ਨੂੰ ਇਸ ਗੱਲ ਦਾ ਚਾਅ ਹੈ ਕਿ ਉਹ ਕੇ. ਵਿਸ਼ਵਾਨਾਥ ਵਰਗੇ ਡਾਇਰੈਕਟਰ ਦੀ ਹਦਾਇਤ ਵਿਚ ਕੰਮ ਕਰੇਗੀ. ਰਾਕੇਸ਼ ਦੀ ਇਹ ਫਿਲਮ ਵਿਸ਼ਵਾਨਾਥ ਦੀ ਹਿਟ ਤਾਮਿਲ ਫਿਲਮ 'ਸਪਤਪੜੀ' ਤੇ ਅਧਾਰਤ ਹੋਵੇਗੀ, ਜਿਸ ਵਿਚ ਖੁਦ ਰਾਕੇਸ਼ ਇਕ ਬ੍ਰਾਹਮਣ ਦਾ ਅਤੇ ਮਿਥੁਨ ਚਕਰਵਰਤੀ ਇਕ ਹਰੀਜਨ ਦਾ ਰੋਲ ਨਿਭਾਏਗਾ.

—0—

ਜਾਪਦਾ ਹੈ ਰਿਸ਼ੀ ਕਪੂਰ ਦੇ ਕੈਰੀਅਰ ਨਾਲ 'ਸਭ ਅੱਛਾ' ਨਹੀਂ ਚਲ ਰਿਹਾ, ਭਾਵੇਂ ਕਿ 'ਯੇਹ ਇਸ਼ਕ ਨਹੀਂ ਆਸਾਨ' ਅਤੇ 'ਜ਼ਮਾਨੇ ਕੋ ਦਿਖਾਨਾ ਹੈ' ਤਕ ਸਭ ਕੁਝ ਠੀਕ ਠਾਕ ਜਾਪਦਾ ਸੀ. ਰਿਸ਼ੀ ਕਪੂਰ ਅੱਜ ਕਲ੍ਹ ਨਿਰਾਸ਼ ਵਿਅਕਤੀ ਹੈ, ਜਿਸਨੂੰ ਆਉਣ ਵਾਲੀਆਂ ਆਪਣੀਆਂ ਕੁਝ ਫਿਲਮਾਂ ਦੀ ਬੇਤਾਬੀ ਨਾਲ ਉਡੀਕ ਹੈ, ਤਾਂ ਜੋ ਉਹ ਇਕ ਵਾਰ ਫੇਰ 'ਚਮਕ' ਸਕੇ. ਰਿਸ਼ੀ ਨੇ ਆਪਣੀ ਟੇਕ ਹੁਣ ਸਾਗਰ (ਡਿੰਪਲ ਨਾਲ) ਦੁਨੀਆਂ (ਦਲੀਪ ਕੁਮਾਰ ਨਾਲ) ਅਤੇ ਜ਼ਮਾਨਾ (ਰਾਜੇਸ਼ ਖੰਨਾ ਨਾਲ) ਉਤੇ ਰੱਖੀ ਹੋਈ ਹੈ ਭਾਵੇਂ ਕਿ ਮਨਮੋਹਨ ਡਿਸਾਈ ਦੀ 'ਕੁਲੀ' ਵਿਚ ਵੀ ਉਸਦਾ ਚੰਗਾ ਰੋਲ ਹੈ, ਪਰ ਉਹ ਜਾਣਦਾ ਹੈ ਕਿ ਜੇ ਫਿਲਮ ਚਲ ਗਈ ਤਾਂ ਸਾਰਾ 'ਕਰੈਡਿਟ' ਅਮਿਤਾਬ ਨੂੰ ਹੀ ਮਿਲੇਗਾ...



## ਇਹ ਬੰਬਈ ਹੈ

—0—

ਮੋਹਨ ਭਾਖੜੀ ਨੇ ਮੁਕੱਦਮਾ ਜਿਤ ਕੇ ਸਲਮਾ ਆਗਾ ਨੂੰ ਆਪਣੀ ਫਿਲਮ 'ਬੇਬਸੀ' ਵਿਚ ਕੰਮ ਕਰਨ ਲਈ ਮਜ਼ਬੂਰ ਕਰ ਦਿਤਾ ਹੈ. 'ਬੇਬਸੀ' ਲਗਭਗ ਮੁਕੰਮਲ ਹੋ ਗਈ ਸੀ ਕਿ ਅਚਾਨਕ ਸਲਮਾ ਨੇ ਸ਼ੂਟਿੰਗ ਲਈ ਤਰੀਕਾਂ ਦੇਣੀਆਂ ਬੰਦ ਕਰ ਦਿਤੀਆਂ. ਭਾਖੜੀ ਨੇ ਫਿਲਮ ਕੌਂਸਲ ਕੋਲ ਕੇਸ ਖੜ ਕੇ ਸਲਮਾ ਦੀਆਂ ਤਰੀਕਾਂ ਪੁਆ ਦਿਤੀਆਂ. ਫਿਲਮ ਕੌਂਸਲ ਨੇ ਫੈਸਲਾ ਦਿਤਾ ਕਿ ਜਿਨਾਂ ਚਿਰ ਸਲਮਾ 'ਬੇਬਸੀ' ਪੂਰੀ ਨਹੀਂ ਕਰਦੀ, ਉਹ ਕਿਸੇ ਹੋਰ ਫਿਲਮ 'ਚ ਕੰਮ ਨਹੀਂ ਕਰ ਸਕਦੀ.ਜਿਸ ਤੇ ਬੇਬਸ ਹੋਕੇ ਸਲਮਾ ਨੂੰ 'ਬੇਵਸੀ' ਲਈ ਤਰੀਕਾਂ ਦੇਣੀਆਂ ਪਈਆਂ.

—0—

ਸੋਹਣੀ ਤੇ ਮਹੀਂਵਾਲ ਚੰਡੀਗੜ੍ਹ ਆਉਣ ਵਾਲੇ ਸਨ, ਪਰ ਪੰਜਾਬ 'ਚ ਅਮਨ ਕਾਨੂੰਨ ਦੀ ਵਿਗੜੀ ਹਾਲਤ ਵੇਖ ਕੇ ਸੋਹਣੀ (ਪੂਨਮ ਢਿਲੋਂ) ਅਤੇ ਮਹੀਂਵਾਲ (ਸੰਨੀ ਦਿਉਲ) ਹੁਣ 'ਸੋਹਣੀ ਮਹੀਵਾਲ' ਦੀ ਸ਼ੂਟਿੰਗ ਬੰਬਈ 'ਚ ਹੀ ਚਾਈਨਾ ਕਰੀਕ ਵਿਖੇ ਪੂਰੀ ਕਰ ਰਹੇ ਹਨ.

—0—

ਨਿਰਮਾਤਾ ਨਿਰਦੇਸ਼ਕ ਬੀ. ਸੁਭਾਸ਼ ਨੇ ਆਪਣੀ ਫਿਲਮ 'ਕਸਮ ਪੈਦਾ ਕਰਨੇ ਵਾਲੇ ਕੀ' ਲਈ ਸਲਮਾ ਆਗਾ ਨੂੰ ਸਾਈਨ ਕੀਤਾ ਹੈ. ਸਮਿਤਾ ਪਾਟਿਲ ਤੇ ਮਿਥੁਨ ਚਕਰਵਰਤੀ ਦੀ ਰੋਮਾਂਟਿਕ ਜੋੜੀ ਹੈ.

—ਅਲੀ



ਧਰਮਿੰਦਰ ਅਤੇ ਹੇਮਾ ਮਾਲਿਨੀ

### ਡਾ: ਗੁਰਚਰਨ ਸਿੰਘ

ਤੇਰੇ ਨੈਣ ਕਹਿ ਰਹੇ ਨੇ ਛਡ ਹਾਰ ਦੀ ਨਮੋਸ਼ੀ ।
ਹੁਣ ਜਾਣ ਤੇ ਹੈ ਆਈ ਜੁਗ ਚਾਰ ਦੀ ਖ਼ਾਮੋਸ਼ੀ ।

ਕਰਕੇ ਇਸ਼ਾਰਾ ਅਖ ਦਾ ਅਖੀਆਂ ਨੂੰ ਮੀਚ ਲੀਤਾ
ਪਰਦੇ ਤੋਂ ਬਾਹਰ ਆਈ ਬੇਪਰਦ ਗਰਮਜੋਸ਼ੀ ।

ਸਿਰ ਕਿਰ ਪਿਆ ਤਾਂ ਫਿਰ ਵੀ ਸਰਦਲ ਨਾ ਸੁਰਖ਼ ਹੋਈ
ਰੰਗਹੀਣ ਰਹਿ ਗਈ ਹੈ ਰੰਗਦਾਰ ਸਰਫਰੋਸ਼ੀ ।

ਦੱਸ ਵੈਦ ਆਤਮਾ ਦੇ ਐਸਾ ਕਮਾਲ ਨੁਸਖ਼ਾ
ਜਾਏ ਯਾਦ ਦਾ ਕੁਹਾੜਾ ਆਏ ਹੋਸ਼ ਨੂੰ ਬੇਹੋਸ਼ੀ ।

ਸੂਲਾਂ ਦਾ ਤਾਜ ਜੋੜੋ ਪੀੜਾਂ ਦੇ ਹਾਰ ਗੁੰਦੋ
ਬਿਰਹਾ ਦੇ ਸ਼ਹਿਨਸ਼ਾਹ ਦੀ ਹੋਣੀ ਹੈ ਤਾਜਪੋਸ਼ੀ ।

ਇਲਜ਼ਾਮ ਤੇਰੇ ਸਿਰ ਤੇ ਜੇ ਤੂੰ ਪਰ੍ਹਾਂ ਹਟਾਈ
ਸਿਰ ਫੇਰਿਆ ਜੇ ਉਸ ਨੇ 'ਗੁਰਚਰਨ' ਫੇਰ ਦੋਸ਼ੀ ।


ਮਾਨ ਮਿਊਜ਼ਕ ਐਂਡ ਵੀਡੀਓ

ਗਿਆਨੀ ਸੰਤ ਸਿੰਘ ਮਸਕੀਨ ਦੀਆਂ 10 ਟੇਪਾਂ ਗੁਰਬਾਣੀ
ਵਿਚਾਰ ਪਹੁੰਚ ਗਈਆਂ
ਗੁਰਬਾਣੀ ਦੇ ਧਾਰਮਿਕ ਸਟਿਕਰ ਵੀ ਮਿਲ ਸਕਦੇ ਹਨ

(ਨੋਟ:- ਸਾਡੀਆਂ ਟੇਪਾਂ ਦੀ ਗਰੰਟੀ ਹੈ ਕਿ ਬਹੁਤ ਹੀ ਵਧੀਆ ਰੀਕਾਰਡਿੰਗ ਹੋਵੇਗੀ ਤੇ ਸੋਨੀ ਦੀ ਟੇਪ ਹੋਵੇਗੀ)

ਆਪਣੀ ਮਨ ਪਸੰਦ ਦੇ ਗੀਤਾਂ ਦੀ ਟੇਪ ਬਣਵਾਓ ਮਾਨ ਮਿਊਜ਼ਕ ਤੋਂ

ਘਰ ਬੈਠੇ ਬਿਠਾਏ ਮੇਲ ਰਾਹੀਂ ਗਾਣਿਆਂ ਦੀਆਂ ਟੇਪਾਂ ਜਾਂ ਵੀਡੀਓ ਫਿਲਮਾਂ ਦੇਖੋ ।

X-MAS ਲਈ ਬੱਚਿਆਂ ਲਈ ਬੈਟਰੀ ਵਾਲੇ ਖਿਡੌਣੇ ਵੀ ਮਿਲ ਸਕਦੇ ਹਨ ।

ਇੰਡੀਆ ਦੀ ਬਿਜਲੀ ਤੇ ਚਲਣ ਵਾਲਾ ਰੇਡੀਓ ਤੇ ਟੇਪ
ਕੀਮਤ 69.99 ਤੋਂ ਸ਼ੁਰੂ ਹੁੰਦੀ ਹੈ ।

National Panasonic
GOOD FOR INDIA
Stereo Tape Recorder



Call Gurpal Mann :-
321-6667

MANN PHOTO STUDIO

Family or Group Photos :
Passport, Citizen, Visa, License Photo
Colour or B/W 5 Minutes Service
Open 7 DAYS
Professional job on Wedding Video Movies

ਨਵੀਆਂ ਮੂਵੀਆਂ : ਪਾਕਿਸਤਾਨੀ ਪੰਜਾਬੀ ਫਿਲਮਾਂ, ਮਨਚਲੇ ਖਾਨ, ਧਰਮਿੰਦਰ ਦੀ ਸੁਪਰਹਿਟ ਫਿਲਮ ਕਿਆਮਤ, ਪੁਗਲੀ ਰੰਗਦਾਰ ਸੁਪਰਹਿਟ ਦੋ ਕਲੀਆਂ

Very Soon :- Amitabh Bachan's Coolie, Pukar, Manthan, Subah, Karate, Long Da Lashkara, Mamla Garbar Hai.




VISA
MAIL ORDERS ACCEPTED
6512 MAIN ST. (at 49th. Ave.) VANCOUVER, B.C.
Phone (604)321-6667
MasterCard

# ਰਵੀ ਨਾਲ ਹਮਦਰਦੀ ਕੌਣ ਕਰੇਗਾ ?

ਅੰਮ੍ਰਿਤਸਰ—ਡੀ. ਐਸ. ਪੀ. ਰਿਟਾਇਰ ਗਿਆਨੀ ਬਚਨ ਸਿੰਘ ਉਤੇ ਹੋਏ ਹਮਲੇ ਵਿਚ 4 ਨਿਰਦੋਸ਼ ਵਿਅਕਤੀ ਮਾਰੇ ਗਏ ਸਨ, ਜਿਹਨਾਂ ਵਿਚ ਰਵੀ ਭੂਸ਼ਨ ਪੁਲਸ ਕਾਂਸਟੇਬਲ ਵੀ ਸ਼ਾਮਲ ਹੈ । ਗਿਆਨੀ ਬਚਨ ਸਿੰਘ ਉਗਰਵਾਦੀਆ ਦੀ ਹਿੱਟ ਲਿਸਟ ਵਿ ਸ਼ਾਮਲ ਹਨ ਜੋ 29 ਅਕਤੂਬਰ ਦੇ ਹੋਏ ਹਮਲੇ ਵਿਚ ਬਚ ਗਿਆ ਸੀ । ਰਵੀ ਭੂਸ਼ਨ ਮਜੀਠਾ ਰੋਡ ਚੌਕੀ ਵਿਚ ਮੁਨਸ਼ੀ ਸੀ । ਸ੍ਰੀਮਤੀ ਊਸ਼ਾ ਰਾਣੀ ਵਿਧਵਾ ਹੋ ਗਈ ਹੈ । ਉਸਦੇ ਸੱਤ ਛੋਟੇ ਛੋਟੇ ਬੱਚੇ ਹਨ । ਜਿਹਨਾਂ 'ਚ 6 ਲੜਕੀਆਂ ਅਤੇ ਇਕ ਲੜਕਾ ਹੈ ।

ਰਵੀ ਭੂਸ਼ਨ ਦੀ ਮਾਂ ਮਾਯਾ ਰਾਣੀ 60 ਸਾਲਾ ਅਤੇ ਬਾਪ ਰੋਸ਼ਨ ਲਾਲ 62 ਸਾਲਾ ਉਸ ਦਿਨ ਤੋਂ ਹੀ ਸੁੰਨ ਹੋਏ ਬੈਠੇ ਹਨ । ਰਵੀ ਭੂਸ਼ਨ ਦੀ ਪਤਨੀ ਊਸ਼ਾ ਰਾਣੀ ਨੇ ਰੋਂਦੀ ਰੋਂਦੀ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਵਧ ਤੋਂ ਵੱਧ ਪੜ੍ਹਾਉਣ ਲਿਖਾਣ ਦੀ ਸੋਚੀ ਹੋਈ ਸੀ । ਰਵੀ ਭੂਸ਼ਨ ਮਿਹਨਤੀ ਤੇ ਦਲੇਰ ਇਨਸਾਨ ਸੀ ਤੇ ਉਹ 1963 ਵਿਚ ਪੁਲੀਸ ਦੀ ਨੌਕਰੀ ਵਿਚ ਭਰਤੀ ਹੋਇਆ ਸੀ । ਹਰੇਕ ਨਾਲ ਹਮਦਰਦੀ ਜਿਤਾਉਣ ਵਾਲਾ ਵਿਅਕਤੀ ਸੀ ਲੇਕਿਨ ਹੁਣ ਉਸਦੇ ਦੁਖੀ ਪਰਵਾਰ ਨਾਲ ਕੌਣ ਹਮਦਰਦੀ ਜਤਾਏਗਾ ।

ਰਵੀ ਭੂਸ਼ਨ ਦੇ ਪਰਵਾਰ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ੍ਰੀ ਗੁਰਦੇਵ ਸਿੰਘ ਨੇ ਰੈਡ ਕਰਾਸ ਸੁਸਾਇਟੀ ਦੀ ਤਰਫੋਂ 10,000 ਰੁਪਏ ਦਿਤੇ ਹਨ ।

ਆਈ. ਜੀ. ਪੁਲਸ ਪੰਜਾਬ ਸ੍ਰੀ ਪੀ. ਐਸ. ਭਿੰਡਰ ਨੇ ਕਿਹਾ ਹੈ ਕਿ ਪੁਲਸ ਫੰਡ ਵਿਚੋਂ ਪਰਵਾਰ ਨੂੰ ਸਹਾਇਤਾ ਦਿਤੀ ਜਾਵੇਗੀ । ਅੰਮ੍ਰਿਤਸਰ ਦੇ ਇਕ ਉਘੇ ਵਿਅਕਤੀ ਨੇ ਵੀ ਕੁਝ ਮਦਦ ਦੇਣ ਦਾ ਭਰੋਸਾ ਦਿਤਾ ਹੈ । ਰਵੀ ਭੂਸ਼ਨ ਦਾ ਇਕ ਛੋਟਾ ਭਰਾ ਬ੍ਰਹਮ ਕਾਂਤ ਇਥੇ ਉਚ ਪੁਲਸ ਅਧਿਕਾਰੀਆਂ ਨੂੰ ਮਿਲਿਆ ਹੈ ਤੇ ਉਹਨਾਂ ਰਵੀ ਭੂਸ਼ਨ ਦੇ ਕਾਗਜ਼ ਚੰਡੀਗੜ੍ਹ ਭੇਜੇ ਹਨ । ਰਵੀ ਭੂਸ਼ਨ ਦੀ 300 ਰੁਪਏ ਪੈਨਸ਼ਨ ਪਰਵਾਰ ਨੂੰ ਦਿਤੀ ਜਾਇਆ ਕਰੇਗੀ ।

# ਪੰਜਾਬ ਦੀ ਮੌਜੂਦਾ ਸਥਿਤੀ ਲਈ ਇੰਕਾ ਤੇ ਅਕਾਲੀ ਦੋਵੇਂ ਦੋਸ਼ੀ—ਦਾਨੇਵਾਲੀਆ

ਚੰਡੀਗੜ੍ਹ—ਪੰਜਾਬੀ ਪਾਰਟੀ ਦੇ ਪ੍ਰਧਾਨ ਸਰਦਾਰ ਭਗਵਾਨ ਸਿੰਘ ਦਾਨੇਵਾਲੀਆ ਨੇ ਮੌਜੂਦਾ ਪੰਜਾਬ ਦੀ ਸਥਿਤੀ ਲਈ ਕਾਂਗਰਸ ਆਈ ਅਤੇ ਅਕਾਲੀ ਦਲ ਦੋਵਾਂ ਪਾਰਟੀਆਂ ਨੂੰ ਦੋਸ਼ੀ ਠਹਿਰਾਇਆ ਹੈ । ਉਹਨਾਂ ਦੋਸ਼ ਲਾਇਆ ਕਿ ਪਾਣੀ ਦਾ ਮਸਲਾ ਨਵੰਬਰ 1981 ਵਿਚ ਹੀ ਹੱਲ ਹੋ ਜਾਂਦਾ, ਜੇਕਰ ਪ੍ਰਧਾਨ ਮੰਤਰੀ ਅਤੇ ਅਕਾਲੀ ਲੀਡਰਸ਼ਿਪ ਦੀ ਗੁਪਤ ਸਹਿਮਤੀ ਨਾਲ ਇਹ ਮਸਲਾ ਸੁਪਰੀਮ ਕੋਰਟ ਵਿਚੋਂ ਵਾਪਸ ਨਾ ਲਿਆ ਜਾਂਦਾ । ਉਹਨਾਂ ਕਿਹਾ ਕਿ ਅਕਾਲੀ ਦਲ ਕਿਸ ਤਰ੍ਹਾਂ ਕਹਿ ਸਕਦਾ ਹੈ ਕਿ ਉਹ ਆਨੰਦਪੁਰ ਮਤੇ ਪ੍ਰਤੀ ਵਫਾਦਾਰ ਹੈ । ਜਦ ਕਿ ਸ੍ਰੀ ਨਗਰ ਵਿਚ ਹੋਈ ਵਿਰੋਧੀ ਪਾਰਟੀਆਂ ਦੀ ਮੀਟਿੰਗ ਵਿਚ ਅਕਾਲੀ ਦਲ ਨੇ ਸਰਬ ਸੰਮਤੀ ਨਾਲ ਹਿਕ ਸਮਝੌਤੇ ਤੇ ਦਸਤਖਤ ਕਰਕੇ ਅਨੰਦਪੁਰ ਮਤਾ ਰੱਦ ਕਰ ਦਿਤਾ ਸੀ । ਉਹਨਾਂ ਕਿਹਾ ਕਿ ਅਕਾਲੀ ਦਲ ਦਾ ਅਕਾਲੀ ਲੀਡਰਾਂ ਤੋਂ ਪੂਰੀ ਤਰ੍ਹਾਂ ਵਿਸ਼ਵਾਸ਼ ਉਠ ਚੁਕਾ ਹੈ ਅਤੇ ਅਕਾਲੀ ਦਲ ਕਿਸੇ ਵੀ ਪ੍ਰਚਾਰ ਰਾਹੀਂ ਆਪਣੀ ਪਹਿਲਾਂ ਵਰਗੀ ਸਥਿਤੀ ਹਾਸਲ ਨਹੀਂ ਕਰ ਸਕਦਾ ।

ਸ੍ਰ: ਦਾਨੇਵਾਲੀਆ ਨੇ ਕਿਹਾ ਕਿ ਕਾਂਗਰਸ ਆਈ ਜਾਣ ਬੁਝ ਕੇ ਆਪਣੇ ਸੌੜੇ ਰਾਜਸੀ ਮੰਤਵਾਂ ਲਈ ਪੰਜਾਬ ਦੇ ਮਸਲੇ ਨੂੰ ਲਟਕਾ ਰਹੀ ਹੈ।

(ਪੰਨਾ 15 ਦੀ ਬਾਕੀ)

ਆਪਦਾ ਹੱਕ ਲੈਣ ਲਈ ਘਰੇਲੂ ਖਾਨਾ ਜੰਗੀ ਵਿਚ ਲੜ ਰਿਹਾ ਸੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿਖਾਂ ਨੂੰ ਆਗਰੇ ਤੋਂ ੨੫ ਮੀਲ ਦੀ ਦੂਰੀ ਤੇ ਹੋ ਰਹੀ ਲੜਾਈ ਵਿਚ ਬਹਾਦਰ ਸ਼ਾਹ ਦੀ ਮਦੱਦ ਲਈ ਭੇਜਿਆ। ਸਿੰਘਾਂ ਨੇ ਮੈਦਾਨ ਫਤਹਿ ਕੀਤਾ ਅਤੇ ਬਹਾਦਰਸ਼ਾਹ ਦਿੱਲੀ ਦੇ ਤਖਤ ਉਪਰ ਬੈਠਿਆ। ਗੁਰੂ ਜੀ ਨੇ ਸੱਚੇ ਹੱਕ ਦੀ ਹਮਾਇਤ ਕੀਤੀ, ਇਹ ਹੀ ਧਰਮੀ ਰਾਜਨੀਤੀ ਹੈ।

ਲਕ ਕੇ ਕਿਸੇ ਉਪਰ ਹਮਲਾ ਕਰਨਾ ਧਰਮੀ ਰਾਜਨੀਤੀ ਨਹੀਂ ਸਖਾਉਂਦੀ ।ਜੇ ਕਰ ਜ਼ੁਲਮ ਅਨਿਆ ਹੋ ਰਿਹਾ ਹੋਵੇ ਤਾਂ ਚੁਪ ਕਰਕੇ ਬੈਠਣਾ ਧਰਮੀ ਬੰਦਿਆਂ ਦਾ ਕੰਮ ਨਹੀਂ। ਗੁਰੂ ਜੀ ਵਲੋਂ ਦਿਤੇ ਨਾਮ ਦਾ ਸਿਮਰਨ ਕਰਕੇ ਮੌਤ ਦਾ ਡਰ ਉਨ੍ਹਾਂ ਧਰਮੀ ਸੰਤ ਪੁਰਸ਼ਾਂ ਵਿਚੋਂ ਖਤਮ ਹੋ ਚੁਕਾ ਹੁੰਦਾ ਹੈ। ਉਹ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਢੋਲ ਉਪਰ ਡੱਗਾ ਲਾ ਕੇ ਕਹਿ ਸਕਦੇ ਹਨ। ਇਹ ਕੁਦਰਤੀ ਹੈ ਕਿ "ਜੇ ਕੋਈ ਬੋਲੇ ਸੱਚ ਕੂੜਾ ਜਲ ਜਾਵਈ॥" ਪਰ ਧਰਮ ਨੇ ਆਪਣਾ ਫਰਜ਼ ਪਾਲਣਾ ਹੈ। :—

"ਮਨ ਰੇ ਛਾਡਹੁ ਭਰਮੁ ਪ੍ਰਗਟੁ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ॥ ਸੂਰ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੇ ਭਾਂਡੇ॥੧॥ ਡਗਮਗ ਛਾਡਿ ਰੇ ਮਨ ਬਉਰਾ॥ ਅਬ ਤਉਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ॥੧॥ ਰਹਾਉ ॥ ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ॥ ਕਹਿ ਕਬੀਰ ਰਾਜਾ ਰਾਮੁ ਨ ਛੋਡਉ, ਸਗਲ ਊਚ ਤੇ ਊਚਾ॥੨॥੨॥੧੭॥੬੮॥"

ਕਿੰਨੀ ਉਤਮ ਅਤੇ ਪਰਤੱਖ ਫਿਲਾਸਫੀ ਦਿੱਤੀ ਹੈ ਗੁਰੂ ਸਾਹਿਬ ਜੀ ਨੇ, ਪਰ ਕਮਾਈ ਕਰਨੀ ਸੌਖੀ ਨਹੀਂ, ਕਹਿਣਾ ਸੌਖਾ ਹੈ। ਧਰਮ ਦੀ ਉਸ ਮੰਜ਼ਲ ਤਕ ਪੁਜਣਾ ਅਤੇ ਇਸ ਫਲਾਸਫੀ ਦੇ ਤੱਤ ਨੂੰ ਸਮਝਣਾ ਸੌਖਾ ਨਹੀਂ, ਕਿਉਂਕਿ ਧਰਮੀ ਸਿਆਸਤ ਵਿਚ ਲੀਡਰ ਨੂੰ ਰਾਜ ਪ੍ਰਬੰਧ ਦਾ ਅਧਿਕਾਰ ਲੈਣ ਲਈ ਤੱਤੀ ਤਵੀ ਉਪਰ ਬੈਠ ਕੇ ਵੀ ਸਿਮਰਨ ਕਰਨਾ ਜ਼ਰੂਰੀ ਹੈ। "ਪੈਰੀ ਪੈ ਪਾਖਾਕੁ ਮੁਰੀਦੈ ਥੀਵਣਾ। ਗੁਰ ਮੂਰਤਿ ਮੁਸਤਾਕੁ ਮਰਿ ਮਰਿ ਜੀਵਣਾ। ਪਰਹਰਿ ਸਭੇ ਸਾਕ, ਸੋ ਰੰਗ ਰੰਗੀਵਣਾ। ਮਸਕੀਨੀ ਅਉਤਾਕ, ਅਸਥਿਰੁ ਥੀਵਣਾ। ਦਸ ਅਉਗਤਿ ਤਲਾਕ ਸਹਜਿ ਅਲੀਵਣਾ। ਸਾਵਧਾਨ ਗੁਰਵਾਕ ਨ ਮਨ ਭਰਮੀਵਣਾ। ਸ਼ਬਦ ਸੁਰਤਿ ਹੁਸਨਾਕੁ ਪਾਰਿ ਪਰੀਵਣਾ॥੧੯॥"

ਇਸ ਤਰ੍ਹਾਂ ਦੇ ਜੀਵਨ ਵਾਲੇ ਧਰਮੀ ਸਜਣ ਹੀ "ਪੰਚੇ ਸੋਹਹਿ ਦਰਿ ਰਾਜਾਨੁ॥" ਦੇ ਅਧਿਕਾਰੀ ਬਣ ਸਕਦੇ ਹਨ। ਧਰਮੀ ਰਾਜਨੀਤੀ ਵਿਚ "ਜਿਨ ਮਨਿ ਹੋਰੁ ਮੁਖਿ ਹੋਰੁ, ਸੇ ਕਾਂਢੇ ਕਚਿਆ॥" ਲਈ ਕੋਈ ਥਾਂ ਨਹੀਂ ਹੈ।

ਸਮੇਂ ਦੇ ਨਾਲ ਨਾਲ ਉਤਰਾਅ ਚੜ੍ਹਾਅ ਤਾਂ ਆਉਂਦੇ ਹੀ ਰਹਿੰਦੇ ਹਨ। ਪਰ ਆਖੀਰ ਵਿਚ "ਕੂੜ ਨਿਖੁਟੈ ਨਾਨਕਾ, ਓੜਕਿ ਸਚਿ ਰਹੀ॥" ਆਉ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਨੂੰ ਪਿਆਰ ਕਰਨ ਵਾਲੇ ਵੀਰੋ, ਰੱਲ ਮਿਲ ਕੇ ਖਲਕਤ ਦੀ ਸੇਵਾ ਕਰੀਏ ਅਤੇ ਆਪਦਾ ਜੀਵਨ ਸਫਲ ਬਣਾਈਏ। ਕੇਵਲ ਦੂਜਿਆਂ ਦੇ ਨੁਕਸਾਂ ਦੀ ਵਜਾਏ ਆਪਣੇ ਆਪ ਨੂੰ ਸੋਧੀਏ ਅਤੇ ਦੂਜਿਆਂ ਨੂੰ ਪ੍ਰੇਰਨਾ ਕਰੀਏ, ਪਹਿਲਾਂ ਆਪ ਅਮਲ ਕਰਕੇ "ਨਿੰਦਾ ਭਲੀ ਕਿਸੇ ਦੀ ਨਾਹੀਂ, ਮਨਮੁਖ ਮੁਗਧ ਕਰਨਿ॥ ਮੁਹ ਕਾਲੇ ਤਿਨ ਨਿੰਦਕਾਂ, ਨਰਕੇ ਘੋਰਿ ਪਵੰਨਿ॥"

ਆਉ, ਸੱਚ ਕਹਿਣੋ ਅਤੇ ਕਰਨੋ ਕਦੇ ਨਾ ਝਿਜਕੀਏ, ਦੁਨਿਆਵੀ ਲੋਕਾਂ ਦੇ ਧੜੇ, ਗੁਰੂਪ ਵਾਜੀਆਂ ਤੋਂ ਉਪਰ ਉਠ ਕੇ "ਸ਼ੁਭ ਕਰਮਨ ਤੇ ਕਬਹੂੰ ਨ ਟਰੋਂ" ਦਾ ਰਾਹ ਫੜੀਏ॥

(ਪੰਨਾ 13 ਦੀ ਬਾਕੀ)

ਰਾਮਪੁਰੀ :- ਬੋਲੀ ਵਿਚ ਉਧਾਰੇ ਔਖੇ ਲਫਜ਼ ਲਿਆਉਣ ਨਾਲ ਤੁਹਾਡਾ ਪਾਠਕਾਂ ਨਾਲੋਂ ਨਾਤਾ ਟੁਟ ਜਾਂਦਾ ਹੈ—ਉਸ ਬਾਰੇ ਤੁਹਾਡਾ ਕੀ ਵਿਚਾਰ ਹੈ?

ਅਮੋਲ ਜੀ :- ਮੈਂ ਤੁਹਾਡੇ ਨਾਲ ਸਹਿਮਤ ਹਾਂ ਪਰ ਫਿਰ ਵੀ ਇਹੀ ਕਹਾਂਗਾ ਕਿ ਜੇ ਅਸੀਂ ਲਫਜ਼ ਨਵੇਂ ਘੜਾਂਗੇ ਉਹ ਵੀ ਮੁਸ਼ਕਲ ਹੀ ਲਗਣਗੇ । ਇਸ ਲਈ ਸਾਨੂੰ ਕੁਝ ਸ਼ਬਦ ਸੰਸਕ੍ਰਿਤ ਵਿਚੋਂ ਲੈਣੇ ਪੈਣਗੇ । ਜਿਥੇ ਹੈਨ, ਉਹ ਤਾਂ ਵਰਤੀਏ ।

ਰਾਮਪੁਰੀ :- ਬੇਸ਼ਕ ਸੰਸਕ੍ਰਿਤ ਬੋਲੀ ਮਹਾਂ ਵਿਦਵਾਨਾਂ ਦੀ ਬੋਲੀ ਹੈ । ਪਰ ਇਹ ਆਮ ਲੋਕਾਂ ਲਈ ਮਰ ਚੁਕੀ ਹੈ । ਪਰ ਸਾਡੀ ਜ਼ਿੰਦਗੀ ਵਿਚ ਫਾਰਸੀ, ਉਰਦੂ ਤੇ ਅੰਗਰੇਜ਼ੀ ਦੇ ਲਫਜ਼ ਕੁਝ ਰਚਮਿਚ ਗਏ ਹਨ—ਇਹ ਜਿਉਂਦੀਆਂ ਬੋਲੀਆਂ ਹਨ—ਇਹ ਲਫਜ਼ ਵਰਤੇ ਜਾਣ ਜੋ ਬੋਲੀ ਵਿਚ ਹਜ਼ਮ ਹੋ ਸਕਣ....

ਅਮੋਲ ਜੀ :- ਕੁਝ ਅਜਿਹਾ ਫੈਸਲਾ ਕੀਤਾ ਹੈ । ਫੈਸਲਾ ਇਹ ਹੋਇਆ ਕਿ ਜਿਹੜੀਆਂ Technical terms ਨੇ ਉਹ ਤਾਂ International ਲਈਆਂ ਜਾਣ ਤੇ ਜਿਹੜੀਆਂ ਨਵੀਆਂ—ਲੋੜ ਪੈਂਦੀ ਹੈ ਜਿਥੇ—ਉਥੇ ਕੋਸ਼ਿਸ਼ ਕਰੋ ਪੰਜਾਬੀ ਵਿਚੋਂ ਹੀ ਗੁਜ਼ਾਰਾ ਹੋਵੇ ਤਾਂ ਵਾਹਵਾ ਨਹੀਂ ਤਾਂ ਬਾਹਰੋਂ ਲੈ ਲਵੋ ।

ਰਾਮਪੁਰੀ :- ਮੈਂ ਤੁਹਾਡੇ ਨਾਲ ਸਹਿਮਤ ਹਾਂ । ਅਸੀਂ ਪੰਜਾਬੀ ਲੋਕ ਬਹੁਤ ਜ਼ਬਾਨਾਂ ਦੇ ਛੱਪੇ ਥੱਲੇ ਰਹੇ ਹਾਂ । ਅਸੀਂ ਤਾਂ ਮੁਗਲਾਂ ਦੇ ਰਾਜ ਵਿਚ ਫਾਰਸੀ ਨਾਲ ਵੀ ਗੁਜ਼ਾਰਾ ਕੀਤਾ ਜਦੋਂ ਸਾਨੂੰ ਕੁਝ ਨਹੀਂ ਸੀ ਆਉਂਦਾ । ਫਾਰਸੀ ਸਾਡੇ ਤੇ ਕਿੰਨੀਆਂ ਸਦੀਆਂ ਲੱਦੀ ਰਹੀ ਹੈ । ਉਸ ਤੋਂ ਬਾਅਦ ਅੰਗਰੇਜ਼ੀ । ਇਹ ਦੂਜੀਆਂ ਜ਼ਬਾਨਾਂ ਦੀ ਛੱਟ ਸਾਡੇ ਤੇ ਰਹੀ ਹੈ । ਨਵੀਂ ਛੱਟ ਜੇ ਸਾਡੇ ਤੇ ਚਾੜ੍ਹੀ ਵੀ ਜਾਵੇ ਤਾਂ ਅਸੀਂ ਗੁਜ਼ਾਰਾ ਤਾਂ ਕਰਾਂਗੇ । ਮੈਨੂੰ ਇਹ ਵੀ ਲੱਗਦਾ ਕਿ ਉਹਦੇ ਵਿਚੋਂ ਜਿਹੜਾ ਆਮ ਲੋਕਾਂ ਨੂੰ ਕਬੂਲ ਹੋ ਜਾਵੇਗਾ, ਉਹ ਅਸੀਂ ਹਜ਼ਮ ਕਰ ਲੈਣਾ । ਇਹ ਸਾਡੀ ਬੋਲੀ ਦਾ ਸੁਭਾਅ ਹੈ, ਕਿਉਂਕਿ ਉਹ ਸਾਡੇ ਇਤਿਹਾਸ ਨੇ ਬਣਾਇਐ-ਅਸੀਂ ਸਾਰੀ ਉਮਰ ਬਦੇਸ਼ੀ ਅਸਰਾਂ ਥੱਲੇ ਰਹੇ ਹਾਂ । ਅਸੀਂ ਫੇਰ ਵੀ ਜਿਉਂਦੇ ਰਹੇ ਹਾਂ ।

ਅਮੋਲ ਜੀ :- ਏਥੇ ਮੈਂ ਥੋੜ੍ਹਾਂ ਜਿਹਾ differ ਕਰਦਾਂ । ਹਰ ਜਿਉਂਦੀ ਬੋਲੀ ਨੂੰ, ਇਹ ਇਕੱਲੀ ਸਾਡੀ ਗੱਲ ਨਹੀਂ, ਕੁਝ ਖਾਣ ਲਈ, ਜਿਉਂਦੇ ਰਹਿਣ ਲਈ ਕੁਝ ਖਾਣਾ ਪੈਂਦਾ ਹੈ । ਉਸਨੇ ਲਫਜ਼ ਖਾਣੇ ਨੇ, ਤੇ ਉਹ ਗੁਆਂਢੀ ਬੋਲੀਆਂ ਤੋਂ ਹੀ ਖਾਣੇ ਨੇ ਜਿਨ੍ਹਾਂ ਨਾਲ ਵਾਹ ਪੈਂਦਾ ਹੈ । ਸੰਸਕ੍ਰਿਤ ਇਸ ਲਈ ਓਪਰੀ ਲੱਗਦੀ ਹੈ ਬਹੁਤਾ ਚਿਰ ਲਾਂਭੇ ਰਹੇ ਹਾਂ । ਜਿਵੇਂ ਪਹਿਲਾਂ ਅਰਬੀ, ਫਾਰਸੀ ਲੱਗੀ ਹੋਵੇਗੀ ਇਸੇ ਤਰਾਂ ਸੰਸਕ੍ਰਿਤ ਲੱਗਦੀ ਹੈ । ਪਰ ਬਹੁਤ ਸਾਰੇ ਲਫਜ਼ ਪਚ ਗਏ ਨੇ ।

ਰਾਮਪੁਰੀ :- ਪਰ ਕਈ ਵਾਰ ਲਫਜ਼ਾਂ ਨੂੰ ਸਮਝੇ ਬਿਨਾਂ ਕਈ ਥਾਂ ਦੀ ਕੁਥਾਂ ਦੀ ਵਰਤਿ ਦਿੰਦੇ ਹਨ ।

ਅਮੋਲ ਜੀ :- ਏਸੇ ਕਰਕੇ ਤਾਂ ਤਮਾਸ਼ਾ ਬਣਦਾ ਹੈ ।

ਰਾਮਪੁਰੀ :- ਪੱਛਮੀ ਪੰਜਾਬ ਦੀ ਬੋਲੀ ਬਾਰੇ ਤੁਹਾਡਾ ਕੀ ਵਿਚਾਰ ਹੈ ?

ਅਮੋਲ ਜੀ :- ਰਾਮਪੁਰੀ ਜੀ, ਬੋਲੀ ਅਜਿਹੀ ਚੀਜ਼ ਹੈ ਜੋ ਸਾਰੀਆਂ ਥਾਵਾਂ ਤੇ ਇਕ ਨਹੀਂ ਹੋ ਸਕਦੀ । ਜਰਮਨੀ ਵਾਲਿਆਂ ਖੋਜ ਕੀਤੀ ਹੈ ਕਿ ਇਕ ਪਿੰਡ ਦੀ ਬੋਲੀ ਦੂਜੇ ਨਾਲ ਨਹੀਂ ਮਿਲਦੀ । ਜਿਵੇਂ ਪੰਜ ਗਰਾਈਆਂ ਇਕ ਪਿੰਡ ਹੈ—ਜਿਹੜਾ ਹਿੱਸਾ ਪਟਿਆਲੇ ਰਿਆਸਤ ਨਾਲ ਸੀ, ਉਸਦੀ ਬੋਲੀ ਹੋਰ ਸੀ, ਜਿਹੜਾ ਹਿਸਾ ਫਰੀਦਕੋਟ ਰਿਆਸਤ ਨਾਲ ਸੀ ਉਹਦੀ ਬੋਲੀ ਹੋਰ ਸੀ । ਅੰਗਰੇਜ਼ ਰਾਜ ਵੇਲੇ ਸਾਡੇ ਕੋਲ ਰੇਡੀਓ ਤੇ ਟੀ. ਵੀ. ਆਏ । ਅਸੀਂ ਚੁੱਪ ਕਰਕੇ ਲੈ ਲਏ ।

ਰਾਮਪੁਰੀ :- ਇਕ ਜ਼ਾਤੀ ਸੁਆਲ—ਤੁਹਾਡੀ ਉਮਰ 75 ਸਾਲ ਹੈ—ਤੁਹਾਡੀ ਵਧੀਆ ਸਿਹਤ ਦਾ ਰਾਜ਼ ਕੀ ਹੈ ? ਏਨੀ ਵਧੀਆ ਸਿਹਤ ਹੈ ਕਿ ਮੈਨੂੰ ਰਸ਼ਕ ਆਉਂਦਾ ਹੈ ।

ਅਮੋਲ ਜੀ :- 75 ਨਹੀਂ 76 ਹੀ ਸਮਝੋ । ਜਿਹਦੀ ਸਾਖ ਚੱਲੇ ਓਹਦੇ ਲੱਖ ਪੱਲੇ । ਮੈਂ ਬਹੁਤ ਕਮਜੋਰੜਾਂ ਜਿਹਾ ਰਿਹਾਂ ਸਾਰੀ ਉਮਰ । ਰਾਜ਼ ਇਕੋ ਹੈ ਵਕਤ ਦਾ ਬੜਾ ਪਾਬੰਦ ਹਾਂ । ਸੌਣ, ਖਾਣ, ਪੀਣ, ਦੇ ਮਾਮਲੇ ਵਿਚ । ਦੂਜਾ ਬਸ ਲਗਦੇ ਕਸਰਤ ਮੈਂ ਕਰਦਾਂ । ਮਸਾਂ ਦਸ ਮਿੰਟ ਲੱਗਦੇ ਨੇ । ਮੈਂ ਅੱਸੀ ਕਿਤਾਬਾਂ ਲਿਖੀਆਂ ਪਰ ਕਦੇ ਰਾਤ ਨੂੰ ਨਹੀਂ ਲਿਖਣ ਬੈਠਾ। ਘੱਟੋ ਘੱਟ ਪਿਛਲੇ ਵੀਹ ਸਾਲਾਂ ਵਿਚ ਮੈਂ ਕਦੇ ਰਾਤ ਨੂੰ ਨਹੀਂ ਲਿਖਿਆ । ਰਾਤ ਨੂੰ ਸੱਤ ਘੰਟੇ ਮੈਂ ਜ਼ਰੂਰ ਸੌਂਦਾ ਹਾਂ । ਮੈਂ ਨਸ਼ਾਂ ਕੋਈ ਨਹੀਂ ਵਰਤਦਾ ਬਗੈਰ ਚਾਹ ਦੇ ।

ਰਾਮਪੁਰੀ :- ਬਾਹਰਲੇ ਦੇਸ਼ਾਂ ਵਿਚ ਤੁਸੀਂ ਬਹੁਤ ਘੁੰਮੇ ਹੋ - ਭਾਰਤ ਵਿਚ ਵੀ ਸਫਰ ਕੀਤੇ ਨੇ ?

ਅਮੋਲ ਜੀ :- ਹਾਂ ਜੀ । ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਪਹਾੜ ਵੀ ਮੈਂ ਕੋਈ ਨਹੀਂ ਛੱਡਿਆ, ਬੰਦਰਗਾਹਾਂ ਵੀ ਕੋਈ ਨਹੀਂ ਛੱਡੀਆਂ । ਪਿੰਡਾਂ ਵਿਚ ਵੀ ਬਹੁਤ ਘੁੰਮਿਆ । 1931 ਵਿਚ ਕਿਤਾਬ ਲਿਖੀ ਸੀ—'ਪੰਜਾਬੀ ਭੌਰੇ' । ਜਿਥੇ ਜਿਥੇ ਸਾਡੇ ਆਸ਼ਕ ਮਾਸ਼ੂਕ ਹੋਏ ਸਨ, ਉਨ੍ਹਾਂ ਪਿੰਡਾਂ ਵਿਚ ਜਾ ਕੇ ਉਨ੍ਹਾਂ ਦਾ ਹਾਲ ਲਭ ਕੇ ਲਿਖੀ ਸੀ । ਉਹ ਹੁਣ ਵੀ ਮਿਲਦੀ ਹੈ । ਉਹ ਕੋਰਸ ਵਿਚ ਰਹੀ ਹੈ ਦਸ ਬਾਰਾਂ ਸਾਲ ।

ਰਾਮਪੁਰੀ :- ਇਹ ਬਾਹਰਲੇ ਦੇਸ਼ਾਂ ਦਾ ਸਫਰ ਕਿੰਨਵਾਂ ਹੈ ?

ਅਮੋਲ ਜੀ :- ਸਫਰ ਤਾਂ ਸਾਰੀ ਉਮਰ ਕਰਦਾ ਹੀ ਰਿਹਾ ਹਾਂ । ਮਲੇਸ਼ੀਆ ਵਿਚ ਗਿਆ ਸਾਂ । 1952 ਵਿਚ । ਉਥੋਂ ਆ ਕੇ 'ਅਮੋਲ ਯਾਤਰਾ' ਕਿਤਾਬ ਲਿਖੀ ਸੀ । ਉਹ ਵੀ ਕੋਰਸ ਵਿਚ ਰਹੀ ਹੈ । ਫਿਰ ਇਕ ਭਾਰਤ ਤੇ ਬਾਹਰਲੇ ਸਫਰਾਂ ਬਾਰੇ ਕਿਤਾਬ ਲਿਖੀ ਸੀ । 'ਯਾਤਰੂ ਦੀ ਡਾਇਰੀ' । ਫਿਰ 1972 ਵਿਚ ਇੰਗਲੈਂਡ ਆਇਆ ਸਾਂ ਤੇ ਜਾਂਦੀ ਵਾਰੀ ਫਰਾਂਸ ਵੇਖ ਗਿਆ । 'ਪੈਰਿਸ ਵਿਚ ਇਕ ਭਾਰਤੀ' ਲਿਖਿਆ । ਇਹ ਸਰਕਾਰ ਨੇ ਹਿੰਦੀ ਵਿਚ ਤਰਜਸਮਾ ਵੀ ਕਰਵਾਇਆ । ਹੁਣ ਮੈਂ ਮੁੜਕੇ ਆਇਆਂ ਤਾਂ ਕਿਤਾਬ ਲਿਖੀ ਹੈ 'ਇੰਗਲੈਂਡ ਦੀ ਯਾਦ' । ਹੁਣ ਅਮਰੀਕਾ ਬਾਰੇ ਵੀ ਲਿਖਾਂਗਾ ।

ਰਾਮਪੁਰੀ :- ਅਮੋਲ ਜੀ, ਬਹੁਤ ਬਹੁਤ ਧੰਨਵਾਦ !



ਰੂਪ ਉਸਦਾ ਹੈ ਕਿਆਮਤ ਦੋਸਤੋ
ਕਿਸਦਾ ਦਿਲ ਨਈਂ ਸਾਥ ਉਸਦਾ ਲੋਚਦਾ ।

# CLASSIFIED

## MATRIMONIAL

Suitable match for a graduate jat Sikh girl 23, 5' 5' tall canadian immigrant, preferably employed in Canada or America.

Correspondence with full detailes of family and adress.

"Canada Darpan"
P.O.BOX 67344 STN. 'O'
Vancouver, B.C. V5W 3T1

## MATRIMONIAL

ਦੋ ਉਚ ਵਿਦਿਆ ਪ੍ਰਾਪਤ ਜੱਟ ਸਿਖ ਭਰਾਵਾਂ ਵਾਸਤੇ ਜੋ ਕਿ 'ਬਰਾੜ' ਪ੍ਰਵਾਰ ਨਾਲ ਸਬੰਧਤ ਹਨ, ਵਾਸਤੇ ਦੋ ਲੜਕੀਆਂ ਦੀ ਜ਼ਰੂਰਤ ਹੈ । ਲੜਕਿਆਂ ਵਿਚੋਂ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਅਤੇ ਦੂਸਰਾ ਵਿਜ਼ਿਟਰ ਹੈ । ਹੋਰ ਜਾਣਕਾਰੀ ਲਈ ਫੋਨ ਕਰੋ :—

204-633-3130

## ਬੇਸਮਿੰਟ ਸਵੀਟ ਕਿਰਾਏ ਲਈ ਖਾਲੀ ਹੈ

ਇਕ ਬੈੱਡ ਰੂਮ ਬੇਸਮਿੰਟ ਸਵੀਟ ਕਿਰਾਏ ਖਾਲੀ ਹੈ । Carpet wall to wall. ਕਿਰਾਇਆ 250 ਡਾਲਰ ਬਿਜਲੀ ਤੇ ਹੀਟ ਨਾਲ । ਇਹ ਕਿੰਗਜ਼ਵੇ ਅਤੇ 12 ਐਵੇਨਿਊ ਤੇ ਬਰਨਬੀ ਵਿਚ ਹੈ । ਹੋਰ ਜਾਣਕਾਰੀ ਲਈ ਫੋਨ ਕਰੋ :- 522-9519

**ਗੋਰੇ ਕਨੇਡੀਅਨ 24 ਘੰਟਿਆਂ ਵਿਚ ਪੰਜਾਬੀ ਸਿੱਖ ਗਏ । ਇਸ ਨਵੇਂ ਢੰਗ ਦੀ ਵਧੇਰੇ ਜਾਣਕਾਰੀ ਲਈ ਫੋਨ ਕਰੋ :- 278-5389 ਜਾਂ 324-5221 ।**

**Ganesh Jewellers ltd.**
**Specialists In East Indian Ornaments & Repairs**

**JITENDRA Ph.: 321-1315**
5081 Victoria Dr. Vancouver, B.C. V5P 3T9

**Ph.: 321-1994**
6570 Main St. Vancouver, B.C. V5X 3G9

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ--------------------------
ਪੁਰਾਣਾ ਪਤਾ------------------------------------
-----------------------------------------------
-----------------------------------------------
-----------------------------------------------
ਨਵਾਂ ਪਤਾ ਸਟਰੀਟ/ਐਵੇਨਿਊ-----------------
ਟਾਊਨ-----------------------------------------
ਸਟੇਟ-----------------------------------------
ਪੋਸਟਲ ਕੋਡ-----------------------------------
ਫੋਨ ਨੰਬਰ------------------------------------

**Harcharan S. Sanghera**
**B.A.,(Hons.)B.T.**

We wish to let everybody know, that Harry, top salesman has rejoined our firm, and is eager to help in matters of real estate.

**Call 274-9586**

**COMMISSIONER FOR OATHS**

HEIN REAL ESTATE CORPORATION 272-3382



ਹਰਚਰਨ ਸਿੰਘ ਸੰਘੇੜਾ

# ਲੋਇਲ ਫਰਨੀਚਰ

ਤੇ

WAREHOUSE

# CLOSE-OUT SALE

## ਦਾ ਆਖਰੀ ਹਫਤਾ

## All WAREHOUSE MERCHANDISE

# 15% ਤੋਂ 50% ਤੱਕ Off

ਵਧੀਆ ਕੁਆਲਿਟੀ ਦਾ ਹਰ ਤਰ੍ਹਾਂ ਦਾ ਫਰਨੀਚਰ ਘੱਟ
ਕੀਮਤਾਂ ਦੇ ਖ਼ੀਦਣ ਦਾ ਸੁਨਹਿਰੀ ਮੌਕਾ

- WAREHOUSE LEASE EXPIRING
- MUST VACATE SOON
- EVERY THING MUST BE SOLD

So. Come Compare, Shop and $AVE
At "The Loyal"



DINING ROOM



3 pc SOFA SET

**ਲੋਇਲ ਫਰਨੀਚਰ** :- ਦੇ ਵੇਅਰਹਾਊਸ ਦੀ ਲੀਜ਼ ਖਤਮ ਹੋਣ ਵਾਲੀ ਹੈ। ਸੋ, ਸਾਰਾ ਸਮਾਨ ਹੋਲਸੇਲ ਤੋਂ ਵੀ ਘੱਟ ਤੇ ਵੇਚਿਆ ਜਾ ਰਿਹਾ ਹੈ। ਮੌਕੇ ਦਾ ਫਾਇਦਾ ਉਠਾਉਣ ਲਈ ਆਪਣੇ ਹਰਮਨ ਪਿਆਰੇ ਫਰਨੀਚਰ ਸਟੋਰ ਲੋਇਲ ਫਰਨੀਚਰ ਤੇ ਆਓ

**ਲੋਇਲ ਫਰਨੀਚਰ** :- ਵੈਨਕੂਵਰ 'ਚ ਪੰਜਾਬੀ ਕਮਿਊਨਿਟੀ ਦਾ ਇਕੋ ਇਕ ਫਰਨੀਚਰ ਸਟੋਰ
ਜੋ ਵਧੀਆ ਫਰਨੀਚਰ ਤੇ ਘੱਟ ਕੀਮਤਾਂ ਲਈ ਸਾਰੀ ਬੀ. ਸੀ. 'ਚ ਮਸ਼ਹੂਰ ਹੈ।

LF

# LOYAL FURNITURE LTD

Ph.: 879-8319 2707 Main St., Vancouver, B.C. Ph.: 879-4813